ਭੀਸ਼ਮ ਸਾਹਨੀ

# ਝਰੋਖੇ



ਭਾਸ਼ਾ ਵਿਭਾਗ, ਪੰਜਾਬ

# ਝਰੋਖੇ

ਭੀਸ਼ਮ ਸਾਹਨੀ

ਭਾਸ਼ਾ ਵਿਭਾਗ, ਪੰਜਾਬ

JHAROKHE (in Punjabi)

Bhisham Sahni

Translation: Om Parkash Gasso

ਝਰੋਖੇ

ਭੀਸ਼ਮ ਸਾਹਨੀ

ਅਨੁਵਾਦ: ਓਮ ਪ੍ਰਕਾਸ਼ ਗਾਸੋ

@ ਭਾਸ਼ਾ ਵਿਭਾਗ, ਪੰਜਾਬ

ਪਹਿਲਾ ਐਡੀਸ਼ਨ:1990

ਕਾਪੀਆਂ: 2000

ਮੁੱਲ :9 ਰੁਪਏ 70 ਪੈਸੇ

ਪ੍ਰਕਾਸ਼ਕ: ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ

ਛਾਪਕ: ਬਰਜਿੰਦਰਾ ਪ੍ਰਿੰਟਰਜ਼, ਫਗਵਾੜਾ ਗੇਟ, ਜਲੰਧਰ

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ

## ਦੋ ਸ਼ਬਦ

ਉੱਤਮ ਸਾਹਿਤ ਦਿਲ ਪਰਚਾਵੇਂ ਦੇ ਨਾਲ ਨਾਲ ਮਨੁੱਖੀ ਸਮਾਜ ਨੂੰ ਸੁਚੱਜੀ ਅਗਵਾਈ ਤੇ ਨਰੋਈ ਸੇਧ ਵੀ ਦਿੰਦਾ ਹੈ। ਇਕ ਭਾਸ਼ਾ ਤੋਂ ਦੂਜੀ ਭਾਸ਼ਾ 'ਚ ਅਨੁਵਾਦ ਦਾ ਸਾਹਿਤਕ ਖੇਤਰ ਵਿਚ ਮਹੱਤਵਪੂਰਣ ਸਥਾਨ ਹੈ। ਵਿਭਾਗ ਵਲੋਂ ਅਨੁਵਾਦ ਦੀ ਵਿਸ਼ੇਸ਼ ਸਕੀਮ ਅਧੀਨ ਪੰਜਾਬੀ ਤੋਂ ਹਿੰਦੀ ਅਤੇ ਹਿੰਦੀ ਤੋਂ ਪੰਜਾਬੀ ਵਿਚ ਕਈ ਦਰਜਨ ਪੁਸਤਕਾਂ ਦਾ ਅਨੁਵਾਦ ਪ੍ਰਕਾਸ਼ਤ ਕੀਤਾ ਜਾ ਚੁਕਾ ਹੈ। ਇਸ ਨਾਲ ਜਿਥੇ ਦੋਹਾਂ ਭਾਸ਼ਾਵਾਂ ਦੇ ਸਾਹਿਤਕ ਭੰਡਾਰ ਵਿਚ ਵਾਧਾ ਹੁੰਦਾ ਹੈ, ਉਥੇ ਆਪਸੀ ਭਾਵਨਾਤਮਕ ਸਾਂਝ ਵੀ ਮਜ਼ਬੂਤ ਹੁੰਦੀ ਹੈ। ਹੱਥਲੀ ਪੁਸਤਕ 'ਝਰੋਖੇ' ਇਸੇ ਲੜੀ ਦੀ ਇਕ ਕੜੀ ਹੈ।

ਭੀਸ਼ਮ ਸਾਹਨੀ ਹਿੰਦੀ ਸਾਹਿਤ ਜਗਤ ਦੇ ਪ੍ਰਸਿੱਧ ਲੇਖਕ ਹਨ। ਇਨ੍ਹਾਂ ਦੀ ਸਾਹਿਤਕ ਦੇਣ ਨੂੰ ਮੁੱਖ ਰਖਦੇ ਹੋਏ ਸਾਲ 1975 ਵਿਚ ਪੰਜਾਬ ਸਰਕਾਰ ਵਲੋਂ ਸ਼ਰੋਮਣੀ ਹਿੰਦੀ ਸਾਹਿਤਕਾਰ ਦਾ ਸਨਮਾਨ ਭੇਂਟਾ ਕੀਤਾ ਗਿਆ।

ਪੁਸਤਕ 'ਝਰੋਖੇ' ਮੱਧ ਵਰਗੀ ਪਰਿਵਾਰ ਦੀਆਂ ਸਮਾਜਕ, ਆਰਥਕ ਅਤੇ ਨੈਤਿਕ ਸਮੱਸਿਆਵਾਂ ਦਾ ਯਥਾਰਥਕ ਚਿਤਰਣ ਹੈ। ਪਰਿਵਾਰ ਵਿਚ ਸਮੇਂ ਸਮੇਂ ਵਾਪਰਨ ਵਾਲੀਆਂ ਘਟਨਾਵਾਂ ਦਾ ਬੱਚਿਆਂ ਦੇ ਮਨ ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਪਰਿਵਾਰ ਦੀ ਕਹਾਣੀ ਬੱਚੇ ਦੀ ਜ਼ਬਾਨੀ ਜਿਵੇਂ ਮਾਤਾ ਪਿਤਾ ਦਾ ਅਕਸਰ ਲੜਨਾ, ਮਾਂ ਦਾ ਹਰ ਵੇਲੇ ਉਦਾਸੀ ਭਰੇ ਗੀਤ ਗਾਉਣਾ, ਪੂਜਾ ਪਾਠ *ਚ ਉਹਦਾ ਮਨ ਨਾ ਲਗਣਾ, ਸੰਤਾਂ ਮਹਾਤਮਾ 'ਚ ਵਿਸ਼ਵਾਸ ਕਰਨਾ, ਦੋ ਕੁੜੀਆਂ ਦਾ ਬਚਪਨ ਵਿਚ ਤੇ ਤੀਜੀ ਬਿਮਲਾ ਦਾ ਭਰ ਜਵਾਨੀ 'ਚ ਮਰ ਜਾਣਾ, ਬਲਦੇਵ ਦਾ ਕਾਰੋਬਾਰ ਤੋਂ ਮਨ ਉਚਾਟ ਹੋਣਾ, ਪਿਤਾ ਦਾ ਬਾਹਰ ਜਾਣ ਤੋਂ ਰੋਕਣ ਲਈ ਤਰਲੇ ਕਰਨਾ ਆਦਿ ਘਟਨਾਵਾਂ ਦਾ ਬੜੇ ਕਲਾਮਈ ਢੰਗ ਨਾਲ ਵਰਨਣ ਕੀਤਾ ਗਿਆ ਹੈ। ਛੋਟੇ ਛੋਟੇ ਵਾਕਾਂ ਰਾਹੀਂ ਪਾਤਰਾਂ ਦੇ ਮਨੋਭਾਵ ਉਲੀਕਣਾ ਸਾਹਨੀ ਜੀ ਦੀ ਸ਼ੈਲੀ ਦੀ ਵਿਲੱਖਣਤਾ ਹੈ।

ਇਸ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਸ੍ਰੀ ਓਮ ਪ੍ਰਕਾਸ਼ ਗਾਸੋ ਨੇ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਦਾ ਨਿੱਘਾ ਸੁਆਗਤ ਕਰਨਗੇ।

ਰਾਜਿੰਦਰ ਸਿੰਘ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਕਦੇ ਕਦੇ ਭੁੱਲੀਆਂ-ਵਿਸਰੀਆਂ ਪੁਰਾਣੀਆਂ ਯਾਦਾਂ ਦੀ ਖੁਫ਼ਾ ਵਿਚ ਪਏ, ਚਿੱਤਰਾਂ ਦੇ ਹਿੱਸੇ ਕਾਗਜ਼ ਦੇ ਟੁਕੜਿਆਂ ਵਾਂਗ ਉਡਣ ਲੱਗ ਜਾਂਦੇ ਹਨ। ਇੱਕ ਦੋ ਟੁਕੜੇ ਜੁੜ ਜਾਣ ਤਾਂ ਇੱਕ ਤਸਵੀਰ ਜਿਹੀ ਉਭਰਦੀ ਨਜ਼ਰ ਪੈਂਦੀ ਹੈ। ਖੁਫ਼ਾ ਦਾ ਹਨੇਰਾ ਛਣਦਾ ਜਿਹਾ ਲੱਗਦਾ ਹੈ, ਪਰ ਜੇਕਰ ਧਿਆਨ ਨਾਲ ਵੇਖੀਏ ਤਾਂ ਚਿੱਤਰ ਅਚਾਨਕ ਆਪਣੇ ਰੰਗ ਗੁਆਣ ਲਗਦਾ ਹੈ, ਆਪਣਾ ਅਰਥ ਅਤੇ ਮਹੱਤਵ ਗੁਆ ਬੈਠਦਾ ਹੈ, ਅਤੇ ਇੰਜ ਕਾਗਜ਼ ਦੇ ਟੁਕੜੇ ਵੱਖ ਵੱਖ ਹੋ ਵਿਖਰਣ ਲੱਗ ਪੈਂਦੇ ਹਨ ਤੇ ਫਿਰ ਭੁੱਲੀਆਂ ਵਿਸਰੀਆਂ ਯਾਦਾਂ ਦੀ ਖੁਫ਼ਾ ਵਿੱਚ ਡੁਬਣ ਲੱਗਦੇ ਹਨ। ਕੀ ਮੇਰੀ ਕਲਪਨਾ ਹੀ ਇਨ੍ਹਾਂ ਹਿੱਸਿਆਂ ਨੂੰ ਜੋੜਨ ਦੀ, ਇਨ੍ਹਾਂ ਨੂੰ ਰੂਪ ਦੇਣ ਦੀ ਕੋਸਿਸ਼ ਕਰ ਰਹੀ ਹੈ? ਕੀ ਜੀਵਨ ਦੀ ਚਾਲ-ਢਾਲ ਨੂੰ ਲੜੀ-ਬੱਧ ਕਰਨ ਵਾਲੇ ਕੋਈ ਤੰਤੂ ਹੁੰਦੇ ਵੀ ਹਨ ਜਾਂ ਨਿਯਮਾਵਲੀ ਦੀ ਭੁੱਖੀ ਸਾਡੀ ਕਲਪਨਾ ਹੀ ਉਨ੍ਹਾਂ ਨੂੰ ਕਿਸੇ ਵਿਉਂਤਬੰਦੀ ਦਾ ਰੂਪ ਦੇਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ?

ਇਉਂ ਲਗਦਾ ਹੈ, ਜਿਵੇਂ ਆਪਣੇ ਹੱਥਾਂ ਨਾਲ ਜ਼ਿੰਦਗੀ ਦੇ ਕੁਝ ਕੁ ਝਰੋਖੇ ਖੋਲ੍ਹ ਰਿਹਾ ਹੋਵਾਂ।

ਪਰਛਾਵੇਂ, ਅਵਾਜ਼ਾਂ ਅਤੇ ਭਟਕਦੇ ਰੰਗ ਕਾਲਾ ਅਤੇ ਸਫੇਦ ਅਤੇ ਲਾਲ ਅਤੇ ਫਿਰ ਇਨ੍ਹਾਂ ਸਭ ਦਾ ਝੁਰਮੱਟ ਜਿਹਾ ਉਭਰਣ ਲਗਦਾ ਹੈ। ਦਿਨ ਦੇ ਚਾਨਣ ਵਿੱਚ ਉੱਠਣ ਵਾਲੀਆਂ ਅਵਾਜ਼ਾਂ, ਦਿਨ ਦੇ ਚਾਨਣ ਵਿੱਚ ਹੀ ਖਿੰਡ ਜਾਂਦੀਆਂ ਹਨ, ਆਪਣੀ ਹੋਂਦ ਗੁਆ ਬੈਠਦੀਆਂ ਹਨ, ਪਰ ਆਥਣ ਦੇ ਮੂੰਹ-ਹਨੇਰੇ ਅਤੇ ਰਾਤ ਦੀ ਕਾਲਖ਼ ਵਿੱਚ ਉੱਠਣ ਵਾਲੀਆਂ ਅਵਾਜ਼ਾਂ ਹਵਾ ਵਿੱਚ ਤੋਰਦੀਆਂ ਹੋਈਆਂ, ਕੰਧਾਂ ਨੂੰ ਵਿੰਨ੍ਹਦੀਆਂ ਹੋਈਆਂ ਪਾਰ ਚਲੀਆਂ ਜਾਂਦੀਆਂ ਹਨ ਅਤੇ ਲੱਗਦਾ ਹੈ ਜਿਵੇਂ ਅੱਜ ਵੀ ਉਹ ਤੈਰਦੀਆਂ ਹੋਈਆਂ ਦੀਵਾਰਾਂ ਨੂੰ ਭੰਨ ਕੇ ਮੇਰੇ ਵੱਲ ਆ ਰਹੀਆਂ ਹਨ।

ਆਥਣ ਦੇ ਮੂੰਹ-ਹਨੇਰੇ ਵਿੱਚ, ਵਿਹੜੇ ਦੇ ਇੱਕ ਕੋਨੇ 'ਚ ਤੰਦੂਰ ਤਪ ਰਿਹਾ ਹੈ, ਰਸੋਈ-ਘਰ ਦੇ ਬਾਹਰ ਆਲੇ ਵਿੱਚ ਦੀਵਾ ਜਗ ਰਿਹਾ ਹੈ। ਰਸੋਈ ਦੇ ਅੰਦਰ ਲਾਲ-ਲੋਅ ਵਾਲਾ ਚੁਲ੍ਹਾ ਜਲ ਰਿਹਾ ਹੈ। ਘਰ ਦਾ ਕੋਈ ਮੈਂਬਰ ਆਲੇ ਵਿੱਚ ਰੱਖੇ ਦੀਵੇ ਨੂੰ ਚੁੱਕ ਰਸੋਈ

ਘਰ ਤੋਂ ਬਾਹਰ ਨਿਕਲ ਕੇ ਘਰ ਦੇ ਵਿਹੜੇ ਨੂੰ ਪਾਰ ਕਰ ਰਿਹਾ ਹੈ। ਅਚਾਨਕ, ਚਾਨਣ ਅਤੇ ਹਨੇਰਾ ਆਪਸ ਵਿੱਚ ਉਲਝ ਗਏ ਹਨ, ਉਨ੍ਹਾਂ ਵਿੱਚ ਹਰਕਤ ਜਹੀ ਆ ਗਈ ਹੈ ਅਤੇ ਕੰਧਾਂ ਉੱਤੇ ਲੰਮੇ ਲੰਮੇ ਭਿਆਨਕ ਪਰਛਾਵੇਂ ਪੈਣ ਲੱਗੇ ਹਨ। ਉਸ ਵਿਅਕਤੀ ਦੀਆ ਲੱਤਾਂ ਨਾਲ ਲਿਪਟੀ ਰੌਸ਼ਨੀ ਦੀ ਲੋਅ ਦੂਰ ਹੁੰਦੀ ਜਾ ਰਹੀ ਹੈ।

ਹਨੇਰਾ ਹੁੰਦਿਆਂ ਹੀ, ਛੱਤ ਉੱਤੇ ਅਸੰਖ ਭੂਤ, ਪ੍ਰੇਤਾਂ ਉੱਤਰ ਆਉਂਦੀਆਂ ਹਨ ਅਤੇ ਹਰੇਕ ਖੂੰਜੇ ਵਿੱਚੋਂ, ਦਰਵਾਜ਼ੇ ਪਿੱਛਿਓਂ ਮੇਰੇ ਵੱਲ ਵੇਖਣ ਲੱਗਦੀਆਂ ਹਨ।

'ਦੇਵੋ ਜੀ ਮੰਜੀਫਾ!' ਪਿਛਵਾੜੇ ਦੀ ਲੰਮੀ ਸੁੰਨਸਾਨ ਗਲੀ ਵਿੱਚੋਂ ਆਵਾਜ਼ ਆਈ ਹੈ। ਹੁਣ ਕਿਸੇ ਦਰਵਾਜ਼ੇ ਦੇ ਖੁਲ੍ਹਣ ਦੀ ਆਵਾਜ਼ ਆਵੇਗੀ। ਦਰਵਾਜ਼ਾ ਪਹਿਲੋਂ ਹੀ ਖੁਲ੍ਹਾ ਹੈ, ਤੁਰਦੇ ਹੋਏ ਕਦਮ ਰੁਕ ਗਏ, ਪਲ ਭਰ ਲਈ ਚੁੱਪ ਵਰਤ ਗਈ। ਫਿਰ ਦਰਵਾਜ਼ਾ ਬੰਦ ਹੋਣ ਦੀ ਅਵਾਜ਼ ਆਉਂਦੀ ਹੈ, ਹੁਣ ਪੈਰਾਂ ਦੀ ਆਵਾਜ਼, ਹੌਲੀ ਹੌਲੀ ਦੂਰ ਹੋਣ ਲੱਗੀ ਹੈ, ਗਲੀ ਵਿੱਚੋਂ, ਦੂਰ ਤੋਂ, ਇਹੀ ਆਵਾਜ਼ ਫਿਰ ਆਉਂਦੀ ਹੈ, 'ਦੇਵੋ ਜੀ ਮੰਜੀਫਾ!' ਅਤੇ ਫੇਰ ਚੁੱਪ ਛਾ ਜਾਂਦੀ ਹੈ। ਮੰਜੀਫਾ ਕੀ ਹੁੰਦਾ ਹੈ? ਇਹ ਆਦਮੀ ਕੌਣ ਹੈ? ਜਿਹੜਾ ਹਰ ਰੋਜ਼ ਰਾਤ ਨੂੰ ਮੰਜੀਫਾ ਮੰਗਣ ਆਉਂਦਾ ਹੈ? ਸ਼ਾਇਦ ਇਹ ਉਹੀ ਲਾਲ ਦਾੜ੍ਹੀ ਵਾਲਾ ਲੰਗੜਾ ਆਦਮੀ ਹੈ ਜਿਹੜਾ ਦਿਨ ਵੇਲੇ ਲੰਮਾ ਸਾਰਾ ਥੈਲਾ ਲਟਕਾਈ ਘੁੰਮਦਾ ਫਿਰਦਾ ਹੈ।

ਰਦੂਰ ਗਲੀ ਦੇ ਹਨੇਰੇ ਨੂੰ ਚੀਰਦੀ ਹੋਈ ਇਕ ਹੋਰ ਅਵਾਜ਼ ਉੱਚੀ ਹੋਈ। 'ਪਹਾੜ ਡੰਡੇ!' ਗਲੀ ਦੇ ਘੁੱਪ ਹਨੇਰੇ ਵਿੱਚ ਲਾਲ ਰੰਗ ਦਾ ਫਰਲਾ ਫਹਿਰਾਉਣ ਲੱਗਿਆ ਹੈ। ਗਲੀ ਦੇ ਦੂਜੇ ਸਿਰੇ ਤੋਂ ਇਹ ਲਾਲ ਫਰਲਾ ਹਵਾ ਵਿੱਚ ਤੈਰਦਾ ਹੋਇਆ ਅੱਗੇ ਵੱਧਦਾ ਆ ਰਿਹਾ ਹੈ। ਕੀ ਇਹ ਅੱਗ ਦੀ ਲਾਟ ਹੈ? ਹੁਣੇ ਹੀ ਉਹ ਥੋੜ੍ਹੀ ਦੇਰ ਵਿੱਚ ਹੋਰ ਨੇੜੇ ਆ ਜਾਵੇਗਾ, ਅਤੇ ਫੇਰ ਅਵਾਜ਼ ਉਠੇਗੀ, 'ਪਹਾੜ ਡੰਡੇ!' ਅਤੇ ਫਿਰ ਸਿਰ ਤੋਂ ਪੈਰਾਂ ਤੱਕ ਮੇਰਾ ਸਰੀਰ ਕੰਬ ਉਠੇਗਾ। ਕੀ ਇਹ ਸੱਚ-ਮੁੱਚ ਹੀ ਅੱਗ ਦੀ ਲਾਟ ਹੈ ਜਿਹੜੀ ਹਨੇਰੇ ਵਿੱਚ ਉਛਲਦੀ ਹੋਈ ਅੱਗੇ ਹੀ ਅੱਗੇ ਵੱਧਦੀ ਆ ਰਹੀ ਹੈ? ਨਹੀਂ ਨਹੀਂ, ਇਹ ਤਾਂ ਫ਼ਕੀਰ ਦੀ ਮੋਟੀ ਸੋਟੀ ਦੇ ਸਿਰੇ ਉੱਤੇ ਬੰਨ੍ਹਿਆ ਹੋਇਆ, ਲਾਲ ਰੰਗ ਦਾ ਚੀਥੜਾ ਹੈ। ਫ਼ਕੀਰ ਦਾ ਸਿਰ ਮੁੰਨਿਆ ਹੋਇਆ

ਅਤੇ ਸਰੀਰ ਨੰਗਾ ਹੈ। ਸਿਰ, ਮੋਢਿਆਂ ਅਤੇ ਲੰਮੀਆਂ ਲੰਮੀਆਂ ਬਾਹਾਂ ਉੱਤੇ ਤੇਲ ਚੋਪੜਿਆ ਹੋਇਆ ਹੈ। 'ਪਹਾੜ ਡੰਡੇ!' ਉਹ ਫਿਰ ਉੱਚੀ ਜਿਹੇ ਆਖਦਾ ਹੈ। ਮੈਂ ਕੰਬਦਾ ਹੋਇਆ, ਮੰਜੀ ਉਤੇ ਬੈਠੀ, ਮਾਂ ਦੀ ਲੱਤ ਨਾਲ ਚਿਪਕ ਜਾਂਦਾ ਹਾਂ। ਲਗਦੈ, ਜਿਵੇਂ ਫ਼ਕੀਰ ਨੇ ਸੋਟੀ ਨੂੰ ਉੱਚਾ ਚੁੱਕ ਲਿਆ ਹੈ ਅਤੇ ਲਾਲ ਫਰਲਾ ਹਵਾ ਵਿੱਚ ਤੈਰਦਾ ਹੋਇਆ ਨੇੜੇ ਹੋਰ ਨੇੜੇ ਆਉਂਦਾ ਜਾ ਰਿਹਾ ਹੈ।

ਮੇਰੀਆਂ ਅੱਖਾਂ ਬੰਦ ਹੋ ਰਹੀਆਂ ਹਨ। ਅੱਧ-ਖੁੱਲ੍ਹੀਆਂ ਅੱਖਾਂ ਦੇ ਸਾਹਮਣੇ ਛੱਤ ਦੇ ਹੇਠਾਂ ਜਿਵੇਂ ਕਾਲੀਆਂ ਲਕੀਰਾਂ ਦਾ ਸਮੂਹ ਫੈਲ ਕੇ ਵੱਡਾ ਹੋਣ ਲੱਗਿਆ ਹੈ, ਇਹ ਸਮੂਹ, ਫੈਲਦਾ ਜਾ ਰਿਹਾ ਹੈ, ਫੈਲਦਾ ਜਾ ਰਿਹਾ ਹੈ, ਮੇਰੇ ਮੂੰਹੋਂ ਓਹ ਜਾਂ ਹਾਏ ਦਾ ਸ਼ਬਦ ਨਿਕਲਣ ਉਤੇ, ਲਕੀਰਾਂ ਦਾ ਸਮੂਹ, ਹੌਲੀ ਹੌਲੀ ਸੁੰਗੜਨ ਲਗਦਾ ਹੈ ਅਤੇ ਅੱਗੜ-ਦੁਗੜੀਆਂ ਕਾਲੀਆਂ ਲਕੀਰਾਂ ਦਾ ਜਾਲ ਇਕ ਕਾਲੇ ਜਿਹੇ ਧੱਬੇ ਵਿੱਚ ਸਿਮਟ ਜਾਂਦਾ ਹੈ, ਹੁਣ ਕਾਲਾ ਜਿਹਾ ਧੱਬਾ ਛੱਤ ਹੇਠਾਂ, ਕਮਰੇ ਵਿੱਚ ਤੈਰਨ ਲੱਗਿਆ ਹੈ। ਉਹ ਕਦੇ ਛੱਤ ਵੱਲ ਉੱਚਾ ਉਠਦਾ ਹੈ ਅਤੇ ਛੋਟਾ ਹੋ ਜਾਂਦਾ ਹੈ, ਫਿਰ ਛੱਤ ਤੋਂ ਉਤਰਦਾ ਹੋਇਆ ਮੇਰੇ ਕੋਲ ਆ ਕੇ ਭਿਆਨਕ ਰੂਪ ਧਾਰ ਲੈਂਦਾ ਹੈ। ਮੇਰੇ ਮੂੰਹੋਂ ਫਿਰ 'ਓਹ' ਸ਼ਬਦ ਨਿਕਲਦਾ ਹੈ, ਲੱਗਦਾ ਹੈ, ਜਿਵੇਂ ਰੋਸ਼ਨੀ ਹਟ ਗਈ ਅਤੇ ਅੱਖਾਂ ਸਾਹਮਣੇ ਕਾਲਾ ਧੱਬਾ ਫਿਰ ਫੈਲਣ ਲੱਗਿਆ ਹੈ, ਕਾਲੀਆਂ ਊਟ ਪਟਾਂਗ ਲਕੀਰਾਂ ਦਾ ਜਾਲ ਫਿਰ ਫੈਲਣ ਲੱਗਿਆ।

...ਮਾਂ ਮੇਰੇ ਸਿਰ ਉਤੇ ਹੱਥ ਫੇਰਦੀ ਹੈ, "ਇਸ ਦਾ ਤਾਂ ਮੱਥਾ ਤਪ ਰਿਹਾ ਹੈ", ਉਹ ਆਖਦੀ ਹੈ। ਮੈਂ ਪਾਸਾ ਪਰਤਦਾ ਹਾਂ ਅਤੇ ਅੱਖਾਂ ਦੇ ਸਾਹਮਣੇ ਫਿਰ ਕਦੀ ਚਾਨਣ ਅਤੇ ਕਦੀ ਹਨੇਰੇ ਦੇ ਗੋਲੇ ਜਿਹੇ ਫੈਲਣ ਅਤੇ ਸੁੰਗੜਨ ਲਗਦੇ ਹਨ।...

ਮੈਂ ਆਪਣਾ ਹੱਥ ਉਠਾ ਕੇ ਮਾਂ ਦੀ ਗੋਦ ਵਿੱਚ ਰੱਖ ਦਿੰਦਾ ਹਾਂ। ਮਾਂ ਮੇਰੇ ਸਿਰ ਉੱਤੇ ਹੱਥ ਫੇਰਦੀ ਹੋਈ ਕਹਿੰਦੀ ਹੈ, 'ਲੈ ਤੈਨੂੰ ਮੋਤੀ ਰਾਮ ਦਾ ਬਾਰਾਂ ਮਾਹ ਸੁਣਾਉਂਦੀ ਹਾਂ।" ਅਤੇ ਮੇਰੇ ਮੱਥੇ ਨੂੰ ਥਾਪੜਦੀ ਹੋਈ ਹੌਲੀ ਹੌਲੀ ਗਾਉਣ ਲਗਦੀ ਹੈ :

ਚੇਤ ਚਿੱਤ ਵਿੱਚ ਸਮਝ ਪਿਆਰੇ,

ਦੁਨੀਆ ਝੂਠਾ ਭਾਣਾ ਈ।
ਜਿਨ੍ਹਾਂ ਨਾਲ ਤੁਧ ਲਾਈ ਦੋਸਤੀ,
ਉਨ੍ਹਾਂ ਵੀ ਚਲੇ ਜਾਣਾ ਈ।

ਮੈਂ ਇਸ ਬਾਰਾਂ ਮਾਹੇ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਮਾਂ ਜਦੋਂ ਗਾਉਂਦੀ ਹੈ ਤਾਂ ਉਸ ਦੇ ਸ਼ਬਦਾਂ ਦੇ ਨਾਲ ਨਾਲ ਅੱਖਾਂ ਦੇ ਸਾਹਮਣੇ ਤਰ੍ਹਾਂ ਤਰ੍ਹਾਂ ਦੇ ਚਿੱਤਰ ਉਭਰਣ ਲਗਦੇ ਹਨ। ਮਾਂ ਅਗਲੀਆਂ ਸੱਤਰਾਂ ਗਾਵੇਗੀ ਤਾਂ ਇਕ ਕੰਧ ਸਾਹਮਣੇ ਆ ਜਾਵੇਗੀ, ਸਾਡੇ ਪਿਛਵਾੜੇ ਦੀ ਕੰਧ ਉੱਤੇ ਕਾਂ ਆ ਕੇ ਬੈਠੇਗਾ ਅਤੇ ਪਲ ਭਰ ਮਗਰੋਂ ਉਡ ਜਾਵੇਗਾ ਅਤੇ ਘਰ ਉੱਤੇ ਚਾਰੇ ਪਾਸੇ ਮੰਡਰਾਉਣ ਲੱਗੇਗਾ। ਮਾਂ ਹੁਣ ਵੀ ਗਾ ਰਹੀ ਹੈ :-

ਇਸ ਮਾਯਾ ਦਾ ਮਾਣ ਨਾ ਕਰੀਏ,
ਮਾਯਾ ਕਾਗ ਬਨੇਰੇ ਦਾ।
ਪਲ ਵਿਚ ਆਵੇ, ਛਿਨ ਵਿਚ ਜਾਵੇ,
ਸੈਰ ਕਰੇ ਚੌਂਫੇਰੇ ਦਾ....।

ਕਾਂ ਉਡ ਗਿਆ ਹੈ। ਹੁਣੇ ਮੋਤੀ ਰਾਮ ਸਾਹਮਣੇ ਆਵੇਗਾ, ਉਸ ਨੇ ਆਪਣੇ ਸਿਰ ਉੱਤੇ ਪੇਸ਼ਾਵਰੀ ਪੱਗ ਬੰਨ੍ਹੀ ਹੋਈ ਹੈ। ਛੋਟੀਆਂ ਛੋਟੀਆਂ ਮੁੱਛਾਂ ਵਾਲਾ ਮੋਤੀ ਰਾਮ, ਚੌਂਕੜੀ ਮਾਰੀ ਫ਼ਰਸ਼ ਉੱਤੇ ਬੈਠਾ ਹੈ। ਮਾਂ ਗਾਈ ਜਾ ਰਹੀ ਹੈ :—

ਮੋਤੀ ਰਾਮ ਕਦੀ ਸਮਝ ਪਿਆਰੇ,
ਅੰਤਕਾਲ ਜਮ ਘੇਰੇਗਾ।

ਮਾਂ ਦੀ ਅਵਾਜ਼ 'ਚ ਇਕ ਰਸ ਹੈ, ਉਸ ਦਾ ਹੱਥ ਲਗਾਤਾਰ ਮੇਰੇ ਮੱਥੇ ਨੂੰ ਬਪਥਪਾਈ ਜਾ ਰਿਹਾ ਹੈ। ਹੁਣ ਜਦ ਮਾਂ ਗਾਵੇਗੀ ਤਾਂ ਇੱਕ ਕਾਲਾ ਜਿਹਾ ਬੱਕਰਾ ਗਰਦਨ-ਚੁੱਕ ਕੇ ਸਾਹਮਣੇ ਖੜਾ ਹੋ ਜਾਵੇਗਾ। ਫਿਰ ਇੰਜ ਲੱਗੇਗਾ ਜਿਵੇਂ ਪਿਛਵਾੜੇ ਦੇ ਘਰ ਵਿਚ ਕੋਈ ਭਾਂਡਾ ਟੁੱਟਿਆ ਹੈ, ਸ਼ਾਇਦ ਇਹ ਮਿੱਟੀ ਦੀ ਪਰਾਤ ਹੋਵੇ :-

ਵਿਸਾਖ ਵਿਸਾਰਿਓ ਈ ਨਾਮ ਸਾਈਂ ਦਾ
ਆਕੜ ਆਕੜ ਚਲਨੈ ਤੂੰ।
ਪਹਿਨ ਪੋਸ਼ਾਕਾਂ ਖਾਵੇਂ ਖੁਰਾਕਾਂ

ਜਮ ਦਾ ਬਕਰਾ ਪਲਨੈ ਤੂੰ।
ਏਹ ਦੁਨੀਆਂ ਭਾਂਡੇ ਦੀ ਨਿਆਂਈ,
ਜਿਸ ਘੜਿਆ ਸੋ ਭੱਜਣਾ ਈ......।

ਮੈਨੂੰ ਇੰਜ ਜਾਪਦਾ ਹੈ ਜਿਵੇਂ ਹਰ ਛੰਦ ਮਗਰੋਂ ਛੋਟੀਆਂ ਛੋਟੀਆਂ ਮੁੱਛਾਂ ਵਾਲਾ ਮੋਤੀ ਰਾਮ, ਸਿਰ ਉੱਤੇ ਪੇਸ਼ਾਵਰੀ ਪਗੜੀ ਬੰਨ੍ਹੀ ਚੁੱਪ ਚਾਪ ਸਾਹਮਣੇ ਆ ਕੇ ਬੈਠ ਜਾਂਦਾ ਹੈ :--

ਮੋਤੀ ਰਾਮ ਕਦੀ ਸਮਝ ਪਿਆਰੇ

ਅੰਤ ਖ਼ਾਕ ਵਿਚ ਰਲਣਾ ਈ।

ਗਲੀ ਵੱਲੋਂ ਫਿਰ ਅਵਾਜ਼ ਆਉਣ ਲੱਗੀ ਅਤੇ ਇਸ ਨਾਲ ਮੇਰਾ ਮਨ ਮਾਂ ਦੇ ਰਸ-ਭਰੇ ਗੀਤ ਤੋਂ ਉਖੜ ਗਿਆ। ਆਵਾਜ਼ ਗੁਆਂਢ ਦੀ ਛੱਤ ਤੋਂ ਆ ਰਹੀ ਹੈ ਜਿੱਥੇ ਮਨੋਹਰ ਰਹਿੰਦਾ ਹੈ, ਇਹ ਵੀ ਗਾਉਣ ਦੀ ਆਵਾਜ਼ ਹੈ, ਪਰ ਇਹ ਮਾਂ ਦੇ ਗੀਤ ਤੋਂ ਬਿਲਕੁਲ ਵੱਖਰੀ ਹੈ। ਇਸ ਵਿਚ ਜਿਵੇਂ ਪਾਣੀ ਦੀਆਂ ਬੂੰਦਾਂ ਚਮਕਦੀਆਂ ਹੋਣ ਅਤੇ ਛੋਟੀਆਂ ਛੋਟੀਆਂ ਟੱਲੀਆਂ ਦੇ ਟੁਣਕਣ ਦੀ ਆਵਾਜ਼ ਹੋਵੇ ਅਤੇ ਫਿਰ ਮਨੋਹਰ ਦੀ ਛੋਟੀ ਭੈਣ ਦਾ ਸਫੈਦ ਕੁੜਤਾ, ਚੰਨ ਚਾਨਣੀ ਵਿਚ ਚਮਕਣ ਲਗਦਾ ਹੈ ਅਤੇ ਉਸ ਦੇ ਵਾਲ ਵੀ ਚਮਕਣ ਲਗਦੇ ਹਨ :

ਫੁੱਲਾਂ ਵਿਚ ਅਸੀਂ ਆਉਂਦੀਆਂ ਹਾਂ, ਆਉਂਦੀਆਂ ਹਾਂ।
ਸਰਦੀ ਰੁੱਤੇ!
ਸਰਦੀ ਰੁੱਤੇ!

ਮਨੋਹਰ ਦੇ ਘਰ ਦੀ ਛੱਤ ਉੱਤੇ ਮੁੰਡੇ ਅਤੇ ਕੁੜੀਆਂ ਖੇਡ ਰਹੇ ਹਨ। ਮਨੋਹਰ ਦੀਆਂ ਤਿੰਨੇ ਛੋਟੀਆਂ ਭੈਣਾਂ, ਇਕ ਦੂਜੇ ਦੀ ਕਮਰ ਵਿਚ ਹੱਥ ਪਾਈ ਇਕ ਹੀ ਕਤਾਰ ਵਿਚ ਗਾਉਂਦੀਆ ਹੋਈਆਂ ਅੱਗੇ ਵੱਧ ਰਹੀਆਂ ਹਨ। ਛੱਤ ਦੇ ਅੱਧੇ ਹਿੱਸੇ ਉੱਤੇ ਹਨੇਰਾ ਅਤੇ ਅੱਧੇ ਹਿੱਸੇ ਉੱਤੇ ਚੰਨ ਚਾਨਣੀ ਖਿੜੀ ਹੋਈ ਹੈ। ਉਹ ਹਨੇਰੇ ਭਾਗ ਵਿਚੋਂ ਗਾਉਂਦੀਆਂ ਹੋਈਆਂ ਚਾਨਣ 'ਚ ਆਉਂਦੀਆਂ ਹਨ। ਸਾਹਮਣੇ ਮੁੰਡਿਆਂ ਦੀ ਕਤਾਰ ਖੜੀ ਹੈ, ਇਨ੍ਹਾਂ ਵਿਚ ਮਨੋਹਰ ਹੈ ਅਤੇ ਮੇਰਾ ਭਰਾ ਬਲਦੇਵ ਹੈ ਅਤੇ ਸੂਰਜ ਵੀ ਹੈ। ਜਦੋਂ ਕੁੜੀਆਂ, ਗਾਉਂਦੀਆਂ ਹੋਈਆਂ ਅੱਗੇ ਵੱਧਦੀਆਂ ਹਨ ਤਾਂ ਮੁੰਡਿਆਂ ਦੀ ਕਤਾਰ, ਹੌਲੀ ਹੌਲੀ ਪਿੱਛੇ ਹਟਣ ਲਗਦੀ ਹੈ।

ਫੁੱਲਾਂ ਵਿਚ ਅਸੀਂ ਆਉਂਦੀਆਂ ਹਾਂ, ਆਉਂਦੀਆਂ ਹਾਂ,
ਸਰਦੀ ਰੁੱਤੇ!
ਸਰਦੀ ਰੁੱਤੇ!

ਮੈਨੂੰ ਪਤਾ ਹੈ, ਹੁਣ ਕੀ ਹੋਵੇਗਾ। ਹੁਣ ਮੁੰਡਿਆਂ ਦੀ ਕਤਾਰ ਗਾਉਂਦੀ ਹੋਈ ਅੱਗੇ ਵੱਧਣ ਲੱਗੇਗੀ ਅਤੇ ਕੁੜੀਆਂ ਦੀ ਕਤਾਰ ਹੌਲੀ ਹੌਲੀ ਪਿੱਛੇ ਹਟਣ ਲੱਗੇਗੀ

ਤੁਸੀਂ ਕਿਸ ਨੂੰ ਲੈਣ ਆਉਂਦੀਆਂ ਹੋ, ਆਉਂਦੀਆਂ ਹੋ,
ਸਰਦੀ ਰੁੱਤੇ!
ਸਰਦੀ ਰੁੱਤੇ!
ਹੁਣ ਕੁੜੀਆਂ ਗਾਉਂਦੀਆਂ ਹੋਈਆਂ ਅੱਗੇ ਵੱਧਣ ਲਗਦੀਆਂ ਹਨ।

ਬਲਦੇਵ ਨੂੰ ਲੈਣ ਆਉਂਦੀਆਂ ਹਾਂ, ਆਉਂਦੀਆਂ ਹਾਂ
ਸਰਦੀ ਰੁੱਤੇ!
ਸਰਦੀ ਰੁੱਤੇ!
ਬਲਦੇਵ ਨੂੰ ਲੈਣ ਆਉਂਦੀਆਂ ਹਾਂ' ਆਉਂਦੀਆਂ ਹਾਂ
ਸਰਦੀ ਰੁੱਤੇ!

ਮੈਂ ਪਹਿਲਾਂ ਹੀ ਜਾਣਦਾ ਸੀ ਕਿ ਉਹ ਬਲਦੇਵ ਨੂੰ ਮੰਗਣਗੀਆਂ, ਉਹ ਹਰ ਰੋਜ਼ ਬਲਦੇਵ ਨੂੰ ਹੀ ਮੰਗਦੀਆਂ ਹਨ। ਮੇਰਾ ਦਿਲ ਦੁਖ ਮਹਿਸੂਸ ਕਰਦਾ ਹੈ। ਮੈਂ, ਮਾਂ ਦੀ ਗੋਦੀ ਵਿਚ ਪਿਆ ਫਿਰ ਪਾਸਾ ਪਰਤਦਾ ਹਾਂ।

ਬਲਦੇਵ ਮੁੰਡਿਆਂ ਦੀ ਕਤਾਰ 'ਚੋਂ ਨਿਕਲ ਕੇ, ਕੁੜੀਆਂ ਦੀ ਕਤਾਰ ਵਿਚ ਜਾ ਰਲਿਆ ਹੈ, ਮਨੋਹਰ ਦੀ ਛੋਟੀ ਭੈਣ, ਉਸ ਦੇ ਲੱਕ ਦੁਆਲੇ ਬਾਂਹ ਪਾਉਂਦੀ ਹੈ, ਮੇਰਾ ਦਿਲ ਫੇਰ ਦੁਖੀ ਹੋ ਜਾਂਦਾ ਹੈ। ਉਥੇ ਹੀ ਛੱਤ ਦੀ ਇੱਕ ਨੁਕਰੇ ਤੁਲਸੀ ਵੀ ਖੜਾ ਹੈ। ਤੁਲਸੀ ਨੂੰ ਮਨੋਹਰ ਦੀ ਭੈਣ ਖੇਡਣ ਨਹੀਂ ਦਿੰਦੀ। ਉਹ ਕਹਿੰਦੀ ਹੈ, "ਤੂੰ ਨੌਕਰ ਹੈਂ, ਤੇਰੀ ਅਵਾਜ਼ ਮੋਟੀ ਮੱਝ ਵਰਗੀ ਹੈ, ਇਸ ਗੱਲ ਉੱਤੇ ਸਾਰੀਆਂ ਕੁੜੀਆਂ ਹੱਸਣ ਲੱਗਦੀਆਂ ਹਨ। ਮੈਨੂੰ ਵੀ ਮਨੋਹਰ ਦੀ ਭੈਣ ਆਪਣੇ ਨਾਲ ਖੇਡਣ ਨਹੀਂ ਦਿੰਦੀ, ਕਹਿੰਦੀ ਹੈ, 'ਤੂੰ ਛੋਟਾ ਹੈਂ', ਅਤੇ ਮੈਂ

ਵੀ ਜਦੋਂ ਬੀਮਾਰ ਨਹੀਂ ਹੁੰਦਾ ਤਾਂ ਬਨੇਰੇ ਨਾਲ ਲੱਗ ਕੇ, ਤੁਲਸੀ ਕੋਲ ਹੀ ਖੜਾ ਰਹਿੰਦਾ ਹਾਂ।

ਮੈਂ ਤੜਫਦਾ ਹੋਇਆ ਮਾਂ ਦੀ ਗੋਦ ਵਿਚ ਫਿਰ ਪਾਸਾ ਪਰਤਦਾ ਹਾਂ। ਮਾਂ ਅਜੇ ਵੀ ਮੇਰਾ ਮੱਥਾ ਥਾਪੜਦੀ ਜਾ ਰਹੀ ਹੈ ਅਤੇ ਨਾਲੋ-ਨਾਲ ਆਪਣਾ ਬਾਰਾਂ ਮਾਹਾਂ ਵੀ ਗਾਉਂਦੀ ਜਾ ਰਹੀ ਹੈ। ਮੇਰਾ ਧਿਆਨ ਵੀ ਮੋਤੀ ਰਾਮ ਦੇ ਛੰਦਾਂ ਉੱਤੇ ਮੁੜ ਆਉਂਦਾ ਹੈ। ਅਚਾਨਕ ਪੌੜੀਆਂ 'ਚੋਂ ਪਿਤਾ ਜੀ ਦੇ ਪੈਰਾਂ ਦੀ ਆਵਾਜ਼ ਆਉਂਦੀ ਹੈ। ਮੈਂ ਮੂੰਹੋਂ 'ਉਂ' ਆਖਦਾ ਹਾਂ ਤਾਂਕਿ ਮਾਂ ਸੁਣ ਲਵੇ। ਸ਼ਾਇਦ ਪਿਤਾ ਜੀ ਖੂੰਡੀ ਲੱਭਣ ਆਏ ਹਨ। ਉਹ ਆਥਣ ਨੂੰ ਹਰ ਰੋਜ਼ ਖੂੰਡੀ ਲੱਭਦੇ ਹਨ। ਮੈਨੂੰ ਪਤਾ ਹੈ ਉਹ ਜ਼ਰੂਰ ਮਾਂ ਨਾਲ ਗੁੱਸੇ ਹੋਣਗੇ। ਜਦੋਂ ਮਾਂ ਗਾ ਰਹੀ ਸੀ ਤਾਂ ਇਹ ਜ਼ਰੂਰ ਉਨ੍ਹਾਂ ਨੇ ਸੁਣ ਲਿਆ ਹੋਵੇਗਾ, ਪਰ ਮਾਂ ਅਜੇ ਵੀ ਗਾਈ ਜਾ ਰਹੀ ਹੈ।

ਅਚਾਨਕ ਪਿਤਾ ਜੀ ਦੀ ਉੱਚੀ ਆਵਾਜ਼ ਸੁਣਾਈ ਦਿੰਦੀ ਹੈ : "ਹਜ਼ਾਰ ਵਾਰ ਰੋਕਿਆ ਹੈ ਕਿ ਬੱਚਿਆਂ ਸਾਹਮਣੇ ‘ਵੈਰਾਗ’ ਦੇ ਗੀਤ ਨਾ ਗਾਇਆ ਕਰ। ਪਰ ਤੂੰ ਅਜਿਹੀ 'ਹੂੜਮਤ' ਹੈਂ ਕਿ ਮੰਨਦੀ ਹੀ ਨਹੀਂ।”

ਹੌਲੀ ਜਿਹੇ ਮਾਂ ਆਖਦੀ ਹੈ : “ਮੈਨੂੰ ਇਹ ਹੀ ਚੰਗੇ ਲਗਦੇ ਹਨ, ਮੈਂ ਕੀ ਕਰਾਂ। ਮੈਂ ਤਾਂ ਇਹ ਹੀ ਗਾਵਾਂਗੀ।”

'ਤੈਨੂੰ ਚੰਗੇ ਲਗਦੇ ਹਨ ਤਾਂ ਅੱਡ ਬਹਿ ਕੇ ਗਾ ਲਿਆ ਕਰ, ਬੱਚਿਆਂ ਨੂੰ ਵੈਰਾਗ ਦੇ ਗੀਤ ਨਾ ਸੁਣਾਇਆ ਕਰ।"

"ਮੋਤੀ ਰਾਮ ਦਾ ਬਾਰਾਂ ਮਾਹਾ ਹੀ ਗਾ ਰਹੀ ਸੀ ਇਹਦੇ 'ਚ ਬੁਰੀ ਗੱਲ ਕੀ ਹੈ?"

"ਇਹ ਨਿਰਾਸ਼ਾ ਦੇ ਗੀਤ ਹਨ, ਬੱਚਿਆਂ ਨੂੰ ਚੰਗੇ ਚੰਗੇ ਆਸ਼ਾ ਅਤੇ ਉਤਸਾਹ ਦੇ ਗੀਤ ਸੁਣਾਉਣੇ ਚਾਹੀਦੇ ਹਨ। ਤੂੰ ਵੈਰਾਗ ਦੇ ਗੀਤ ਲੈ ਬੈਠਦੀ ਹੈਂ। "ਆਥਣ ਵੇਲੇ ਇਨ੍ਹਾਂ ਗੀਤਾਂ ਦੇ ਗਾਉਣ ਨਾਲ ਬੱਚਿਆਂ ਦੇ ਦਿਲ ਉਤੇ ਬੁਰਾ ਅਸਰ ਪੈਂਦਾ ਹੈ।"

"ਅਸਰ ਕੀ ਹੋਣਾ ਹੈ, ਪਰਮਾਤਮਾ ਇਨ੍ਹਾਂ ਦੀ ਉਮਰ ਲੰਮੀ ਕਰੇ'

"ਚੰਗਾ ਅੱਗੇ ਹੋਰ ਕੁਝ ਨਾ ਕਹੀਂ, ਏਥੇ ਹੀ ਬੱਸ ਕਰ। ਮੇਰੀ ਖੂੰਡੀ ਕਿੱਥੇ ਹੈ? ਕਿਤੇ ਵੇਖੀ ਹੈ" ਫਿਰ ਪਿਤਾ ਜੀ ਦੂਜੇ ਕਮਰੇ ਵਿਚ ਖੂੰਡੀ ਲੱਭਣ ਚਲੇ ਜਾਂਦੇ ਹਨ।

"ਅਜਿਹਾ ਬੇਤਰਤੀਬਾ ਘਰ ਹੈ, ਇਥੇ ਕੋਈ ਚੀਜ਼ ਨਹੀਂ ਲੱਭਦੀ" ਦੂਜੇ ਕਮਰੇ ਵਿਚੋਂ ਪਿਤਾ ਜੀ ਦੀ ਆਵਾਜ਼ ਆ ਰਹੀ ਹੈ, "ਅਤੇ ਜੇ ਪੁੱਛੋ ਤਾਂ ਕੋਈ ਬੋਲਦਾ ਤੱਕ ਨਹੀਂ।''

ਮਾਂ ਗੋਦੀ 'ਚੋਂ ਮੇਰਾ ਸਿਰ ਹਟਾਉਂਦੀ ਹੈ, ਕੰਧ ਉੱਤੇ ਲੱਗਿਆ ਘੰਟਾ ਟਨ ਟਨ ਕਰਦਾ ਹੈ। ਮੈਂ ਉਸ ਦੀ ਟਨ ਟਨ ਗਿਣ ਰਿਹਾ ਹਾਂ। ਦਸ ਵਾਰ ਟਨ ਟਨ ਹੋਈ ਹੈ।

ਟਨ ਟਨ ਖਤਮ ਹੋਣ ਮਗਰੋਂ, ਮਾਂ ਅਚਾਨਕ ਹੱਸਣ ਲੱਗਦੀ ਹੈ : "ਇਸ ਘਰ ਦਾ ਨਿਰਾਲਾ ਹੀ ਢੰਗ ਐ। ਸ਼ਾਮਾਂ ਅਜੇ ਪਈਆਂ ਨਹੀਂ ਘੜੀ ਦਸ ਵਜਾ ਰਹੀ ਹੈ।"

ਮਾਂ ਜਦੋਂ ਹੱਸਦੀ ਹੈ ਤਾਂ ਮੇਰੀ ਦੁਨੀਆਂ ਹੀ ਬਦਲ ਜਾਂਦੀ ਹੈ। ਮੈਨੂੰ ਸਾਰਾ ਕੁਝ ਹੌਲਾ ਹੌਲਾ ਅਤੇ ਸਹਿਜ ਲੱਗਣ ਲਗਦਾ ਹੈ। ਮਾਂ ਦੀ ਸਾਰੀ ਦੇਹ ਥਿਰਕ ਉਠਦੀ ਹੈ ਅਤੇ ਮੈਂ ਮਾਂ ਦੀ ਗੋਦੀ ਵਿਚ ਆਪਣਾ ਸਿਰ ਛੁਪਾ ਲੈਂਦਾ ਹਾਂ। ਫਿਰ ਮੈਨੂੰ ਕਿਸੇ ਗੱਲ ਤੋਂ ਡਰ ਨਹੀਂ ਲੱਗਦਾ: "ਤੁਲਸੀ! ਤੂੰ ਕਿਤੇ ਖੂੰਡੀ ਵੇਖੀ ਹੈ?""

ਦੂਰ ਛੱਜੇ ਵੱਲੋਂ ਪਿਤਾ ਜੀ ਦੀ ਆਵਾਜ਼ ਆ ਰਹੀ ਹੈ।

"ਉਠਾਂ ਰਸੋਈ ਦਾ ਕੁਝ ਕਰਾਂ।" ਇਹ ਆਖਦੀ ਹੋਈ ਮਾਂ ਆਪਣੀ ਭਾਰੀ ਦੇਹ ਨੂੰ ਪਲੰਘ ਤੋਂ ਹੇਠਾਂ ਉਤਾਰਨ ਲਗਦੀ ਹੈ।

ਪੌੜੀਆਂ ਤੋਂ ਕਿਸੇ ਦੇ ਉਪਰ ਆਉਣ ਦੀ ਆਵਾਜ ਆ ਰਹੀ ਹੈ। ਇਹ ਮੇਰੇ ਭਰਾ ਦੇ ਪੈਰਾਂ ਦੀ ਆਵਾਜ਼ ਹੈ। ਉਹ ਸਾਰੀ ਸ਼ਾਮ ਖੇਡਣ ਮਗਰੋਂ ਘਰ ਆ ਰਿਹਾ ਹੈ।

ਭਾਈ ਨੇ ਹਫ਼ਦਿਆਂ ਹੋਇਆ ਵਿਹੜੇ ਵਿਚ ਪੈਰ ਰੱਖਿਆ ਹੋ ਅਤੇ ਉਹ ਉਥੋਂ ਹੀ ਬੋਲ ਰਿਹਾ ਹੈ।

"ਮਾਤਾ ਜੀ! ਮਾਤਾ ਜੀ! ਮੈਂ ਜਾ ਰਿਹਾ ਹਾਂ।"

ਉਹ, ਇੰਝ ਬੋਲਦਾ ਅਤੇ ਮਾਤਾ ਜੀ ਨੂੰ ਲੱਭਦਾ ਹੋਇਆ ਸਾਡੇ ਕਮਰੇ ਵਿਚ ਆ ਜਾਂਦਾ ਹੈ।

"ਮਾਤਾ ਜੀ, ਮੈਂ ਗੁਰੂਕੁਲ ਸਮਾਜ ਵਿਚ ਜਾ ਰਿਹਾ ਹਾਂ।'

ਭਾਈ ਦੇ ਐਨ ਪਿੱਛੇ ਤੁਲਸੀ ਅੰਦਰ ਆਇਆ ਹੈ। ਸ਼ਾਮ ਦੇ ਧੁੰਦਲਕੇ ਵਿਚ ਲਗਦਾ ਹੈ, ਜਿਵੇਂ ਮੈਂ ਤੁਲਸੀ ਨੂੰ ਪਹਿਲੀ ਵਾਰ ਠੀਕ ਤਰ੍ਹਾਂ ਵੇਖ ਰਿਹਾ ਹੋਵਾਂ। ਮੈਂ ਆਪਣੇ ਮਨ ਵਿਚ ਉੱਠਣ ਵਾਲੀ ਈਰਖਾ ਦੀ ਪੀੜਾ ਨਾਲ ਛਟਪਦਾ ਰਿਹਾ ਹਾਂ। ਲਗਦਾ ਹੈ ਜਿਵੇਂ ਤੁਲਸੀ ਰਾਮ ਭਾਈ ਦੇ ਪਿੱਛੇ ਖੜ੍ਹਾ ਹੱਸ ਰਿਹਾ ਹੈ। ਉਸਦਾ ਕਾਲਾ ਜਿਹਾ ਚਿਹਰਾ ਅਤੇ ਛੋਟੀਆਂ ਛੋਟੀਆਂ ਅੱਖਾਂ ਅਤੇ ਲਾਲ ਲਾਲ ਮਸੂੜੇ ਇਸ ਹਨੇਰੇ ਵਿਚ ਵੀ ਚਮਕ ਰਹੇ ਹਨ। ਉਹ ਮੈਨੂੰ ਭੋਰਾ-ਭਰ ਵੀ ਚੰਗਾ ਨਹੀਂ ਲਗਦਾ। ਘਰ ਵਿਚ ਜਿੱਥੇ ਵੇਖ ਲਵੇ ਉਥੇ ਹੀ ਟੰਗ ਅੜਾਕੇ ਮੈਨੂੰ ਸੁੱਟ ਦਿੰਦਾ ਹੈ।

''ਉਥੇ ਤੀਰ-ਕਮਾਨ ਦੇ ਖੇਲ ਹਨ, ਸੱਤ ਵਜੇ ਸ਼ੁਰੂ ਹੋਣਗੇ। ਮੈਂ ਵੀ ਜਾ ਰਿਹਾ ਹਾਂ।" ਭਾਈ ਹੱਫਦਾ ਹੋਇਆ ਕਹਿ ਰਿਹਾ ਹੈ।

"ਇਹ ਕੋਈ ਜਾਣ ਦਾ ਵੇਲਾ ਹੈ? ਦਿਨ-ਭਰ ਖੇਡਦਾ ਰਿਹੈ, ਅਜੇ ਤੇਰਾ ਜੀ ਨਹੀਂ ਭਰਿਆ? "

ਮੇਰੇ ਮਨ ਨੂੰ ਸਹਾਰਾ ਮਿਲਦਾ ਹੈ। ਮਾਂ ਭਰਾ ਨੂੰ ਨਹੀਂ ਜਾਣ ਦੇਵੇਗੀ।

"ਪਿਤਾ ਜੀ ਕਹਿੰਦੇ ਹਨ, ਬੇਸ਼ੱਕ ਚਲੇ ਜਾਵੋ।" ਭਰਾ ਪਲੰਘ ਦੀ ਬਾਹੀ ਫੜਕੇ ਉਛਲਦਾ ਹੋਇਆ ਕਹਿੰਦਾ ਹੈ।

"ਪਿਤਾ ਜੀ ਕਹਿੰਦੇ ਹਨ ਤਾਂ ਫੇਰ ਮੈਥੋਂ ਪੁੱਛਦੇ ਹੀ ਕਿਉਂ ਹੋ?"

"ਪਿਤਾ ਜੀ ਨੇ ਆਖਿਆ ਹੈ, ਜਾਹ ਆਪਣੀ ਮਾਂ ਤੋਂ ਪੁੱਛ।"

ਮਾਂ ਅਜੇ ਕੁਝ ਬੋਲੀ ਹੀ ਨਹੀਂ ਕਿ ਮੈਂ ਉੱਚੀ ਜਿਹੇ ਆਖਦਾ ਹਾਂ : "ਮੈਂ ਵੀ ਜਾਵਾਂਗਾ, ਮੈਂ ਵੀ ਜਾਵਾਂਗਾ!"

ਭਾਈ ਅਤੇ ਤੁਲਸੀ ਦੋਨੋਂ ਖੜੇ ਹਨ। ਭਰਾ ਦਾ ਗੋਰਾ ਚਿਹਰਾ ਚਮਕ ਰਿਹਾ ਹੈ। ਉਹ ਮੁੜ ਮੁੜ ਬਾਹੀ ਨੂੰ ਫੜਕੇ ਉੱਛਲ ਰਿਹਾ ਹੈ। ਤੁਲਸੀ ਦਾ ਚਿਹਰਾ ਕਾਲਾ ਅਤੇ ਚੌੜਾ ਹੈ, ਜਦੋਂ ਹਸਦਾ ਹੈ ਤਾਂ ਉਸਦੇ ਲਾਲ-ਲਾਲ ਮਸੂੜੇ ਚਮਕਣ ਲਗਦੇ ਹਨ।

“ਤੂੰ ਦਿਨ-ਭਰ ਸੈਰਾਂ ਤੇ ਚੜ੍ਹਿਆ ਰਹਿੰਦੈ, ਅਤੇ ਤੇਰੇ ਨਾਲ ਤੁਲਸੀ ਵੀ ਨਿਕੰਮਾ ਹੁੰਦਾ ਜਾ ਰਿਹਾ ਹੈ।” ਮੇਰੀ ਆਸ ਫੇਰ ਬੱਝਦੀ ਹੈ। ਮਾਂ ਭਾਈ ਨੂੰ ਨਹੀਂ ਜਾਣ ਦੇਵੇਗੀ। ਤੁਲਸੀ ਵੀ ਨਹੀਂ ਜਾ ਸਕੇਗਾ।

“ਮਾਤਾ ਜੀ, ਉਹ ਅੱਖਾਂ ਬੰਦ ਕਰਕੇ ਰੱਸੀ ਉੱਤੇ ਤੀਰ ਚਲਾਉਂਦਾ ਹੈ, ਉਸਨੂੰ ਤੋੜ ਦਿੰਦਾ ਹੈ। ਲਾਹੌਰ ਤੋਂ ਆਇਆ ਹੈ। ਮੈਂ ਜ਼ਰੂਰ ਜਾਵਾਂਗਾ।” ਪਿਤਾ ਜੀ ਦੇ ਕਦਮਾਂ ਦੀ ਆਵਾਜ਼ ਨੇੜੇ ਆ ਰਹੀ ਹੈ, "ਅਜੇ ਤੱਕ ਕਮਰੇ ਵਿਚ ਲੈਂਪ ਨਹੀਂ ਰੱਖਿਆ? ਕਿੱਥੇ ਮਰ ਗਿਆ ਤੁਲਸੀ?”

ਤੁਲਸੀ ਅਜੇ ਵੀ ਉਵੇਂ ਹੀ ਖੜ੍ਹਾ ਹੈ। ਉਹ ਪਿਤਾ ਜੀ ਦੀ ਆਵਾਜ਼ ਸੁਣਕੇ ਲੈਂਪ ਜਗਾਉਣ ਕਿਉਂ ਨਹੀਂ ਜਾਂਦਾ?

"ਇਹ ਤੀਰ-ਕਮਾਨ ਦੇ ਖੇਲ ਵੇਖਣ ਜਾਣਾ ਚਾਹੁੰਦਾ ਹੈ, ਚਲਿਆ ਜਾਵੇ?" ਪਿਤਾ ਜੀ ਆਖਦੇ ਹਨ।

‘ਵੇਖੋ ਜੀ, ਕੋਈ ਵੇਲਾ-ਵਕਤ ਤਾਂ ਵੇਖਿਆ ਕਰੋ। ਇਹ ਕੋਈ ਵੇਲਾ ਹੈ ਬੱਚਿਆਂ ਨੂੰ ਬਾਹਰ ਭੇਜਣ ਦਾ?"

"ਤੁਲਸੀ ਨੂੰ ਨਾਲ ਭੇਜ ਦਿਓ, ਵੇਖ ਆਉਣਗੇ ਇਸ ਵਿਚ ਕੀ ਹਰਜ਼ ਹੈ।”

“ਪਰ ਜੀ ਹਨੇਰਾ ਹੋ ਗਿਆ ਹੈ, ਉਪਰੋਂ ਇੰਨਾ ਕੰਮ ਪਿਆ ਹੈ ਮੇਰਾ, ਕੌਣ ਕਰੇਗਾ? ਫਿਰ ਤੁਸੀਂ ਤੁਲਸੀ ਨੂੰ ਵੀ ਨਾਲ ਭੇਜ ਰਹੇ ਹੋ? ਕੋਈ ਵੇਲਾ ਵਕਤ ਵੇਖਣਾ ਚਾਹੀਦਾ ਹੈ।"

ਪਰ ਪਿਤਾ ਜੀ ਤਾਂ ਅਜੇ ਵੀ ਆਪਣੀ ਖੂੰਡੀ ਲੱਭ ਰਹੇ ਹਨ। ਉਨ੍ਹਾਂ ਨੇ ਮਾਂ ਦੇ ਸ਼ਬਦਾਂ ਵੱਲ ਜਿਨ੍ਹਾਂ ਨਾਲ ਮੈਂ ਜੁੜਿਆ ਹੋਇਆ ਹਾਂ, ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ।

ਅਖੀਰਲੇ ਸ਼ਬਦ ਸੁਣਕੇ ਪਿਤਾ ਜੀ ਫਿਰ ਆਖਦੇ ਹਨ :

"ਜਾਣ ਦੇ, ਚਲੇ ਜਾਣ ਦੇ, ਅਜਿਹੇ ਲੋਕ ਕਦੇ ਕਦੇ ਹੀ ਆਉਂਦੇ ਹਨ। ਗੁਰੂਕੁਲ-ਸਮਾਜ ਕਿਹੜਾ ਦੂਰ ਹੈ, ਹੁਣੇ ਹੀ ਮੁੜ ਆਉਣਗੇ।" ਪਿਤਾ ਜੀ ਕਮਰੇ ਦੇ ਸਾਰੇ ਖੂੰਜਿਆਂ ਨੂੰ ਟੋਹ ਟੋਹ ਕੇ ਖੂੰਡੀ ਲੱਭ ਰਹੇ ਹਨ।

ਉਂਜ ਤਾਂ ਗੁਰੂਕੁਲ-ਸਮਾਜ ਵਾਲੇ ਦੋ ਕੌਡੀਆਂ ਦਾ ਕੰਮ ਨਹੀਂ ਕਰਦੇ, ਪਰ ਖੇਲ ਤਮਾਸ਼ੇ ਚੰਗੇ ਕਰਵਾ ਲੈਂਦੇ ਹਨ ......।'

ਮੈਂ ਚੀਕ ਪੈਂਦਾ ਹਾਂ, "ਮੈਂ ਵੀ ਜਾਵਾਂਗਾ।" ਪਿਤਾ ਜੀ ਮੇਰੇ ਕੋਲ ਆਉਂਦੇ ਹਨ। "ਝਗੜੀ ਬਗੜੀ ਤੂੰ ਵੀ ਜਾਣੈ?" ਅਤੇ ਫਿਰ ਉਹ ਮਾਂ ਵੱਲ ਮੂੰਹ ਕਰਕੇ ਆਖਦੇ ਹਨ : "ਇਸ ਨੂੰ ਵੀ ਜਾਣ ਦੇ। ਤੁਲਸੀ ਦੇ ਮੋਢੇ ਤੇ ਬੈਹ ਕੇ ਚਲਿਆ ਜਾਵੇ। ਤੁਲਸੀ ਇਸ ਨੂੰ ਚੁੱਕ ਕੇ ਲੈ ਜਾਵੇਗਾ।"

"ਵੇਖੋ ਜੀ ਕੋਈ ਰਾਹ ਰੰਗ ਦੀ ਗੱਲ ਕਰਿਆ ਕਰੋ। ਬੀਮਾਰ ਬੱਚੇ ਨੂੰ ਭੇਜ ਦੇਵਾਂ? ਇਸ ਦਾ ਮੱਥਾ ਤਪ ਰਿਹਾ ਹੈ।"

"ਬੁਖਾਰ ਤਾਂ ਇਸ ਨੂੰ ਥੋੜ੍ਹਾ ਹੀ ਹੈ।" ਉਹ ਮੇਰੇ ਮੱਥੇ ਤੇ ਹੱਥ ਰਖਦੇ ਹਨ।

ਹੋ।" "ਨਹੀਂ, ਇਸਨੂੰ ਭੇਜਣ ਦਾ ਨਾਂ ਵੀ ਨਾ ਲਓ, ਤੁਸੀਂ ਆਪ ਹੀ ਬੱਚਿਆਂ ਨੂੰ ਵਿਗਾੜਦੇ

"ਮੈਂ ਵੀ ਜਾਵਾਂਗਾ, ਮੈਂ ਜ਼ਰੂਰ ਜਾਵਾਂਗਾ।" ਰੋਂਦੂ ਜਿਹਾ ਬਣਿਆ ਮੈਂ ਬੋਲਦਾ ਹਾਂ।"

"ਜਾਣ ਦੇ, ਜਾਣ ਦੇ, ਬੱਚਿਆਂ ਦਾ ਮਨ ਖੁਸ਼ ਹੋ ਜਾਵੇਗਾ। ਗਲੀਆ ਵਿਚ ਗੰਦੇ ਗੀਤ ਹੀ ਸਿਖਦੇ ਹਨ, ਉਥੇ ਆਰੀਆ ਸਮਾਜ ਵਿਚ ਜਾਣਗੇ ਤਾਂ ਕੋਈ ਚੰਗੀ ਗੱਲ ਹੀ ਇਨ੍ਹਾਂ ਦੇ ਕੰਨ 'ਚ ਪਵੇਗੀ।"

"ਮੈਂ ਜਾਵਾਂਗਾ, ਜ਼ਰੂਰ ਜਾਵਾਂਗਾ।" ਮੈਂ ਆਪਣੀਆਂ ਮੁੱਠੀਆਂ ਮੀਚ ਕੇ ਕਹਿੰਦਾ ਹਾਂ।" ਪਿਤਾ ਜੀ ਫਿਰ ਖੂੰਡੀ ਲੱਭਦੇ ਹੋਏ ਦੂਜੇ ਕਮਰੇ ਵਿਚ ਚਲੇ ਗਏ ਹਨ।

ਪਿਤਾ ਜੀ ਦੀ ਖੂੰਡੀ ਮਿਲ ਗਈ ਹੈ, ''ਆਹ ਪਈ ਐ ਖੂੰਡੀ।" ਉਨ੍ਹਾਂ ਦੀ ਆਵਾਜ਼ ਆਉਂਦੀ ਹੈ "ਦਰਵਾਜ਼ੇ ਦੇ ਉਪਰ ਕਿਸ ਨੇ ਟੰਗ ਦਿੱਤੀ ਹੈ? ਇਸ ਘਰ ਵਿਚ ਚੀਜ਼ ਸਾਹਮਣੇ ਪਈ ਹੁੰਦੀ ਹੈ ਅਤੇ ਕੋਈ ਬੋਲਦਾ ਨਹੀਂ।"

"ਇਨ੍ਹਾਂ ਨੂੰ ਤਮਾਸ਼ਾ ਵੇਖਣ ਭੇਜ ਰਹੇ ਹੋ ਅਤੇ ਆਪ ਘੁੰਮਣ ਜਾ ਰਹੇ ਹੋ। ਉਪਰੋਂ ਰਾਤ ਪੈ ਰਹੀ ਹੈ। ਕਦੋਂ ਪਰਤੋਂਗੇ ਅਤੇ ਕਦ ਮੈਂ ਚੌਂਕੇ ਚੁੱਲ੍ਹੇ ਤੋਂ ਵਿਹਲੀ ਹੋਵਾਂਗੀ?"

"ਮੈਂ ਹੁਣੇ ਆ ਰਿਹਾ ਹਾਂ। ਬਸ, ਬਾਗ਼ ਵਿਚ ਇਕ ਚੱਕਰ ਲਾ ਕੇ ਵਾਪਸ ਆ ਜਾਵਾਂਗਾ। ਤੂੰ ਉੱਠ ਕੇ ਖਾਣਾ ਤਿਆਰ ਕਰ।"

ਫੇਰ ਪਿਤਾ ਜੀ ਮੇਰੇ ਕੋਲ ਆਉਂਦੇ ਹਨ। ਮੇਰੇ ਮੱਥੇ ਉਤੇ ਪਿਆਰ ਨਾਲ ਹੱਥ ਫੇਰਦੇ ਹਨ, ਮੈਨੂੰ "ਝਗੜੀ ਬਗੜੀ" ਕਹਿੰਦੇ ਹਨ ਅਤੇ ਆਪਣੀ ਜੇਬ ਵਿਚੋਂ ਸਾਰੀ ਭਾਨ੍ਹ ਕੱਢਕੇ ਮੇਰੇ ਸਿਰ-ਹਾਣੇ ਹੇਠਾਂ ਰੱਖ ਦਿੰਦੇ ਹਨ, "ਤੂੰ ਠੀਕ ਹੋ ਜਾ, ਤੈਨੂੰ ਮੈਂ ਲੈ ਕੇ ਚਲਾਂਗਾ।" ਅਤੇ ਉਹ ਇਹ ਆਖਦੇ ਹੋਏ ਕਮਰੇ 'ਚੋਂ ਬਾਹਰ ਚਲੇ ਜਾਂਦੇ ਹਨ। ਤੁਲਸੀ ਅਤੇ ਭਾਈ ਵੀ ਕਮਰੇ ਵਿਚੋਂ ਭੱਜ ਗਏ ਹਨ। ਤਪਦੇ ਗਰਮ ਹੰਝੂ ਮੇਰੀਆਂ ਅੱਖਾਂ ਦੇ ਕੋਇਆਂ ਵਿਚੋਂ ਨਿਕਲਕੇ ਵਹਿਣ ਲਗੇ ਹਨ। ਮਾਂ ਉਠਕੇ ਰਸੋਈ ਵਿਚ ਜਾਣ ਗੱਗੀ ਹੈ।......

ਰਸੋਈ ਵੱਲੋਂ ਹੱਸਣ ਦੀ ਆਵਾਜ ਆ ਰਹੀ ਹੈ। ......ਹੱਸਣ ਵਾਲੀਆਂ ਇਹ ਮੇਰੀਆਂ ਦੋਨੋਂ ਵੱਡੀਆਂ ਭੈਣਾਂ ਹਨ। ਉਹ ਭੈਣਾਂ ਨਹੀਂ, ਸਗੋਂ ਦੋ ਸਫੇਦ-ਪਰਛਾਵੇਂ ਹਨ, ਜਿਹੜੇ ਮਿਲ ਕੇ, ਇਕ-ਮਿੱਕ ਜਿਹੇ ਹੋ ਕੇ ਘਰ ਵਿਚ ਘੁੰਮਦੇ ਰਹਿੰਦੇ ਹਨ, ਭੱਜ ਭੱਜ ਕੇ ਇਕ ਕਮਰੇ ਤੋਂ ਦੂਜੇ ਕਮਰੇ 'ਚ ਜਾਂਦੇ ਹਨ।

ਹੰਝੂ ਵਹਾਉਂਦੀਆਂ ਮੇਰੀਆਂ ਅੱਖਾਂ ਫਿਰ ਛੱਤ ਉੱਤੇ ਟਿਕ ਗਈਆਂ ਹਨ। ਦੋ ਕੜੀਆਂ ਵਿਚਕਾਰ ਦਾੜ੍ਹੀ ਵਾਲੇ ਰਾਜੇ ਦਾ ਚਿਹਰਾ ਹੁਣ ਵਿਖਾਈ ਨਹੀਂ ਦਿੰਦਾ, ਉਸ ਦੇ ਅੱਗੇ ਭੱਜਦੇ ਹੋਏ ਘੋੜੇ ਦੀ ਸ਼ਕਲ ਵੀ ਵਿਖਾਈ ਨਹੀਂ ਦਿੰਦੀ। ਲਕੀਰਾਂ ਦਾ ਸਮੂਹ ਤੈਰਦਾ ਹੋਇਆ ਫਿਰ ਅੱਖਾਂ ਦੇ ਸਾਹਮਣੇ ਆ ਗਿਆ ਹੈ, ਉਹ ਫੈਲਕੇ ਵੱਡਾ ਹੋਣ ਲੱਗਿਆ ਹੈ, ਤੇ

ਫੈਲਦਾ ਜਾ ਰਿਹਾ ਹੈ। ਜਦੋਂ ਮੇਰੇ ਮੂੰਹੋਂ 'ਹਾਏ' ਜਾਂ 'ਹੂੰ' ਦਾ ਸ਼ਬਦ ਨਿਕਲੇਗਾ ਤਾਂ ਉਹ ਸੁੰਗੜਨ ਲਗੇਗਾ, ਫੇਰ ਸੁੰਗੜਦਾ ਜਾਵੇਗਾ, ਸੁੰਗੜਦਾ ਜਾਵੇਗਾ ਅਤੇ ਆਖਰ ਨੂੰ ਇਕ ਕਾਲਾ ਧੱਬਾ ਬਣ ਕੇ ਰਹਿ ਜਾਵੇਗਾ, ਅਤੇ ਹਵਾ ਵਿਚ ਤੈਰਨ ਲੱਗੇਗਾ।......

0

ਸੂਰਜ ਨਿਕਲ ਆਇਆ ਹੈ। ਦਿਨ ਦੇ ਚਾਨਣ ਵਿਚ ਸਾਰਾ ਕੁਝ ਸੁਭਾਵਿਕ, ਸਥਿਰ ਅਤੇ ਆਮ ਵਰਗਾ ਹੋ ਜਾਂਦਾ ਹੈ, ਰਾਤ ਪੈਂਦੀ ਹੈ ਤਾਂ ਚਾਰੇ ਪਾਸੇ ਭਿਆਨਕ ਪਰਛਾਵੇਂ ਡੋਲਣ ਲਗਦੇ ਹਨ। ਮੈਂ ਮਾਂ ਦਾ ਹੱਥ ਫੜੀ ਪੌੜੀਆਂ ਉੱਤਰ ਰਿਹਾ ਹਾਂ, ਮੇਰੇ ਇੱਕ ਹੱਥ ਵਿਚ ਆਟੇ ਨਾਲ ਭਰੀ ਛੋਟੀ ਜਹੀ ਕੌਲੀ ਹੈ। ਹੇਠਾਂ ਉੱਤਰ ਕੇ ਮਾਂ ਦਰਵਾਜ਼ਾ ਖੋਲ੍ਹ ਦਿੰਦੀ ਹੈ। ਉਹ ਸਾਹਮਣੇ ਖੜ੍ਹਾ ਹੈ। ਉਹੀ ਫ਼ਕੀਰ ਜਿਹੜਾ ਪਿਛਲੀ ਰਾਤ ਉੱਚੀ ਉੱਚੀ 'ਪਹਾੜ ਡੰਡੇ!' ਆਖਦਾ ਸੀ ਅਤੇ ਮੇਰਾ ਰੋਮ ਰੋਮ ਕੰਬ ਉੱਠਿਆ ਸੀ। ਨਹੀਂ, ਇਹ ਫਕੀਰ ਨਹੀਂ ਹੈ। ਇਸ ਆਦਮੀ ਨੇ ਤਾਂ ਹਰੇ ਰੰਗ ਦਾ ਚੋਗਾ ਪਾਇਆ ਹੋਇਆ ਹੈ, ਅਤੇ ਇਸ ਦੀ ਦਾੜ੍ਹੀ ਸਫੈਦ ਹੈ, ਇਸ ਦੇ ਹੱਥ ਵਿਚ ਸੋਟੀ ਵੀ ਨਹੀਂ ਅਤੇ ਨਾ ਹੀ ਸੋਟੀ ਦੇ ਸਿਰੇ ਉਤੇ ਮੱਚਦੀ ਹੋਈ ਅੱਗ ਦੀ ਲਾਟ ਹੈ।

"ਪਾ ਦੇ ਪੁੱਤ ਪਾ ਦੇ, ਝੋਲੇ 'ਚ ਪਾ ਦੇ।" ਫ਼ਕੀਰ ਵੱਡੇ ਸਾਰੇ ਝੋਲੇ ਦਾ ਮੂੰਹ ਖੋਲ੍ਹ ਕੇ ਮੇਰੇ ਸਾਹਮਣੇ ਕਰ ਦਿੰਦਾ ਹੈ। ਮੈਂ ਆਪਣੀ ਥਾਂ ਤੋਂ ਹਿਲਦਾ ਨਹੀਂ। ਬਿਨਾਂ ਅੱਖ ਝਮਕਿਆਂ, ਫ਼ਕੀਰ ਦੇ ਚਿਹਰੇ ਵੱਲ ਵੇਖੀ ਜਾ ਰਿਹਾ ਹਾਂ।

"ਪਾ ਦੇ, ਪਾ ਦੇ ਪੁੱਤ ਡਰ ਨਾ।" ਮਾਂ ਕਹਿੰਦੀ ਹੈ। ਹੁਣ ਫ਼ਕੀਰ ਕੁਝ ਨਹੀਂ ਆਖਦਾ। ਮੈਂ ਅੱਗੇ ਵੱਧਕੇ ਆਟਾ ਅਤੇ ਕੌਲੀ ਦੋਨੋਂ ਬਾਬੇ ਦੇ ਝੋਲੇ 'ਚ ਸੁੱਟ ਕੇ ਮਾਂ ਨਾਲ ਚਿੰਬੜ ਜਾਂਦਾ ਹਾਂ। ਪਰ ਹੁਣ ਮੇਰਾ ਸਰੀਰ ਕੰਬਦਾ ਨਹੀਂ। ਬੁੱਢਾ ਬਾਬਾ ਹੱਸ ਪਿਆ, ਦਾੜ੍ਹੀ ਵਿੱਚੋਂ ਉਸਦੇ

ਪੀਲੇ ਪੀਲੇ ਲੰਮੇ ਲੰਮੇ ਦੰਦ ਵਿਖਾਈ ਦਿੰਦੇ ਹਨ। ਹੁਣ ਉਹ ਝੋਲੇ ਵਿੱਚੋਂ ਕੌਲੀ ਕੱਢ ਕੇ ਮੇਰੇ ਵੱਲ ਵਧਾ ਦਿੰਦਾ ਹੈ।

"ਅੱਲਾ ਸਲਾਮਤ ਰੱਖੇ, ਘਰ ਭਰਿਆ ਰਹੇ।" ਬਾਬੇ ਨੇ ਆਸ਼ੀਰਵਾਦ ਦਿੱਤੀ!

'ਫੜ ਲੈ, ਪੁੱਤਰਾ, ਫੜ ਲੈ ਕੌਲੀ' ਮਾਂ ਆਖਦੀ ਹੈ। ਮੈਂ ਬਾਬੇ ਦੇ ਪੀਲੇ ਦੰਦਾਂ ਵੱਲ ਵੇਖਦਾ ਹੋਇਆ ਕੌਲੀ ਫੜ ਲੈਂਦਾ ਹਾਂ। ਹੁਣ ਮੈਨੂੰ ਭੋਰਾ-ਭਰ ਵੀ ਡਰ ਨਹੀਂ ਲਗਦਾ। ਉਹ ਫ਼ਕੀਰ ਹੱਥ ਵਧਾ ਕੇ, ਮੇਰੇ ਸਿਰ ਉੱਤੇ ਹੱਥ ਫੇਰਦਾ ਹੈ। ਮੇਰਾ ਸਰੀਰ ਫਿਰ ਵੀ ਕੰਬਦਾ ਨਹੀਂ।

'ਕੁਝ ਸੁਣਾਓ, ਬਾਬਾ ਜੀ' ਮਾਂ ਉਸ ਫ਼ਕੀਰ ਨੂੰ ਆਖਦੀ ਹੈ।

ਫ਼ਕੀਰ, ਮੋਢੇ ਤੋਂ ਇਕ ਛੋਟਾ ਜਿਹਾ ਇਕਤਾਰਾ ਉਤਾਰਕੇ, ਉਸਨੂੰ ਕੰਨ ਕੋਲ ਲੈ ਜਾਂਦਾ ਹੈ, ਫੇਰ ਅੱਖਾਂ ਬੰਦ ਕਰ, ਸਿਰ ਇਕ ਪਾਸੇ ਮੋੜ ਗਾਉਣ ਲਗਦਾ ਹੈ :

ਕੋਈ ਦਮ ਦਾ ਮੇਲਾ, ਨਗਰੀ ਵਿਚ ਬੋਲ

ਅੱਲ੍ਹਾ ਦੇ ਪਿਆਰੇ, ਨਗਰੀ ਵਿਚ ਬੋਲੋ।
ਬੇਪਰਵਾਰੀਆਂ ਤੇਰੀਆਂ ਤੇ ਤੂੰ ਡਾਢਾ ਬੇਪਰਵਾਹ
ਵਗਦੀਆਂ ਨਦੀਆਂ ਥਲ ਕਰੇ, ਤੂੰ ਥਲ ਕਰੇਂ ਦਰਿਆ
ਕੋਈ ਦਮ ਦਾ ਮੇਲਾ।
ਨਗਰੀ ਵਿਚ ਬੋਲੋ
ਮੌਲਾ ਦੇ ਪਿਆਰੇ
ਨਗਰੀ ਵਿਚ ਬੋਲੋ!

ਬਾਬਾ ਮੁੜ ਗਿਆ ਅਤੇ ਹੌਲੀ ਹੌਲੀ ਤੁਰਦਾ ਹੋਇਆ ਖੱਬੇ ਹੱਥ ਵਾਲੀ ਗਲੀ ਵਿਚ ਚਲਿਆ ਗਿਆ। ਅਨੇਕਾਂ ਵਾਰੀ ਇਹ ਗਾਣਾ.... ਮੈਂ ਪਹਿਲਾਂ ਵੀ ਸੁਣ ਚੁਕਿਆ ਹਾਂ। ਇਹ ਗਾਣਾ ਮੈਨੂੰ, ਮੇਰੇ ਭਰਾ, ਮੇਰੀ ਮਾਂ ਅਤੇ ਮੇਰੀਆਂ ਭੈਣਾਂ ਨੂੰ ਵੀ ਜ਼ਬਾਨੀ ਯਾਦ ਹੈ, ਪਰ ਇਸ ਗੀਤ ਗਾਉਣ ਵਾਲੇ ਫ਼ਕੀਰ ਨੂੰ ਅੱਜ ਪਹਿਲੀ ਵਾਰ ਹੀ ਵੇਖਿਆ ਹੈ। ਅਸੀਂ ਪੌੜੀਆਂ ਚੜ੍ਹ ਰਹੇ ਹਾਂ, ਅਤੇ ਗਲੀ ਵਿਚੋਂ ਫ਼ਕੀਰ ਦੇ ਗਾਉਣ ਦੀ ਆਵਾਜ਼ ਆ ਰਹੀ ਹੈ :

ਨਾ ਕਹਿ ਦੁਨੀਆਂ ਤੇਰੀ ਬੰਦਿਆਂ
ਨਾ ਕਹਿ ਦੁਨੀਆਂ ਮੇਰੀ।
ਏਹ ਦੁਨੀਆਂ ਕੁੱਲ ਚਾਰ ਦਿਹਾੜੇ
ਅੰਤ ਖਾਕ ਦੀ ਢੇਰੀ,
ਓਹ ਕੋਈ ਦਮ ਦਾ ਮੇਲਾ,
ਨਗਰੀ ਵਿਚ ਬੋਲੋ।
ਅੱਲਾ ਦੇ ਪਿਆਰੇ!
ਨਗਰੀ ਵਿਚ ਬੋਲੋ!

ਘਰ ਵਿਚ ਮੈਂ ਦਿਨ ਭਰ ਇਕ ਕਮਰੇ ਤੋਂ ਦੂਜੇ ਕਮਰੇ ਵਿਚ ਘੁੰਮਦਾ ਰਹਿੰਦਾ ਹਾਂ। ਇਹ ਪੁਰਾਣਾ ਕਮਰਾ ਹੈ, ਇਥੇ ਮੰਜੇ ਹੀ ਮੰਜੇ ਵਿਛੇ ਰਹਿੰਦੇ ਹਨ। ਕੰਧ ਨਾਲ ਲੱਗੀ ਹੋਈ ਮੰਜੀ ਉਤੇ ਮੈਂ ਅਤੇ ਮੇਰਾ ਭਰਾ ਸੌਂਦੇ ਹਾਂ। ਸੌਣ ਤੋਂ ਪਹਿਲਾਂ ਮੈਂ ਆਪਣੇ ਭਾਈ ਨਾਲ ਲੜਦਾ ਹਾਂ, ਉਸ ਨੂੰ ਚੂੰਡੀਆਂ ਵੱਢਦਾ ਹਾਂ, ਅਤੇ ਨੋਹਾਂ ਨਾਲ ਉਸਦੇ ਹੱਥ ਛਿੱਲ ਦਿੰਦਾ ਹਾਂ ਅਤੇ ਇਸ ਤਰ੍ਹਾਂ ਦਿਨ ਭਰ ਜੋ ਮੇਰੇ ਵਲ ਬੇਧਿਆਨੀ ਵਰਤੀ ਜਾਂਦੀ ਉਹਦਾ ਬਦਲਾ ਲੈ ਲੈਂਦਾ ਹਾਂ। ਪਰ ਜਵਾਬ ਵਿਚ ਉਹ ਕੁਝ ਨਹੀਂ ਕਹਿੰਦਾ। ਮੇਰੇ ਵੱਲ ਪਿੱਠ ਕਰਕੇ ਸੌਂ ਜਾਂਦਾ ਹੈ।

ਕੰਧ ਵਿਚ ਬਣੀ ਇਹ ਅਲਮਾਰੀ ਮੇਰੀਆਂ ਭੈਣਾਂ ਦੀ ਹੈ। ਇਸ ਦੀਆਂ ਤਾਕੀਆਂ ਉਤੇ ਖੜੀਆ-ਮਿੱਟੀ ਦੇ ਚਾਕ ਨਾਲ ਕੁਝ ਲਕੀਰਾਂ ਖਿੱਚੀਆਂ ਹੋਈਆਂ ਹਨ ਅਤੇ ਕੁਝ ਕੁ ਅੱਖਰ ਲਿਖੇ ਹੋਏ ਹਨ, ਇਹ ਸਾਰਾ ਕੁਝ ਕੇਵਲ ਮੇਰੀਆਂ ਭੈਣਾਂ ਹੀ ਕਰ ਸਕਦੀਆਂ ਹਨ। ਅਲਮਾਰੀ ਦੀ ਇਕ ਤਾਕੀ ਹਮੇਸ਼ਾਂ ਖੁੱਲ੍ਹੀ ਰਹਿੰਦੀ ਹੈ।

ਪੁਰਾਣੇ ਕਮਰੇ ਦੇ ਪਿੱਛੇ ਜਿਹੜੀ ਛੋਟੀ ਜਿਹੀ ਕੋਠੜੀ ਹੈ, ਉਸ ਨੂੰ 'ਪੂਜਾ-ਪਾਠ' ਵਾਲੀ ਕੋਠੜੀ ਕਿਹਾ ਜਾਂਦਾ ਹੈ। ਇਥੇ ਵੀ ਇਕ ਅਲਮਾਰੀ ਹੈ, ਅਤੇ ਇਸ ਅਲਮਾਰੀ ਵਿਚ ਕਿਤਾਬਾਂ ਰੱਖੀਆਂ ਹੋਈਆਂ ਹਨ। ਇਹ ਕਿਤਾਬਾਂ ਨਹੀਂ ਵੇਦ ਹਨ। ਵੇਦ ਤਾਂ ਉਹ ਹੁੰਦੇ ਹਨ, ਜਿਨ੍ਹਾਂ ਉੱਪਰ ਅਖਬਾਰ ਦਾ ਕਾਗਜ਼ ਚੜ੍ਹਿਆ ਹੋਇਆ ਹੁੰਦਾ ਹੈ।

ਦੋਨੋਂ ਭੈਣਾਂ ਅਲਮਾਰੀ ਦੇ ਸਾਹਮਣ ਖੜੀਆਂ ਇਕ ਦੂਜੇ ਤੋਂ ਪੁੱਛ ਰਹੀਆਂ ਹਨ।

"ਵੇਦ ਕਿਨੇ ਹਨ? ਚਾਰ।"

'ਵੇਦਾਂ ਦੇ ਅੰਗ ਕਿੰਨੇ ਹਨ? ਦਸ।"

ਫਿਰ ਵੱਡੀ ਭੈਣ ਉਂਗਲੀਆਂ ਤੇ ਕੁਝ ਗਿਣਦੀ ਹੋਈ ਬੋਲਦੀ ਹੈ :

ਰਿਗ ਵੇਦ ਵੇਦਣੀ, ਵੇਦਣੀ ਦਾ ਵੇਦਣਾ[1]

ਸਾਮਵੇਦ ਵੇਦਣਾ, ਵੇਦਣੀ ਦਾ ਵੇਦਣਾ।

"ਇਸ ਤਰ੍ਹਾਂ ਇਹ ਤਾਂ ਅੱਠ ਬਣਦੇ ਹਨ ਤੂੰ ਕਹਿੰਦੀ ਹੈ ਦਸ ਹਨ?"

"ਦਸ ਹਨ। ਪੰਡਤ ਜੀ ਆਖਦੇ ਹਨ, ਦਸ ਹਨ।'

ਪੁਰਾਣੇ ਕਮਰੇ ਦੇ ਇਕ ਪਾਸੇ ਵੱਲ ਭੈਣਾਂ ਦੀ ਅਲਮਾਰੀ ਦੇ ਨਾਲ ਇਕ ਹੋਰ ਕਮਰੇ ਦਾ ਦਰਵਾਜ਼ਾ ਖੁਲ੍ਹਦਾ ਹੈ। ਇਹ ਕਮਰਾ ਹਮੇਸ਼ਾ ਬੰਦ ਰਹਿੰਦਾ ਹੈ। ਇਸ ਵਿਚ ਇਕ ਬਹੁਤ ਵੱਡੀ ਅਲਮਾਰੀ ਹੈ, ਜਿਸ ਵਿਚ ਪੈਨਸਲਾਂ ਦਾ ਇਕ ਡੱਬਾ ਰੱਖਿਆ ਹੈ, ਅਤੇ ਸਿਰਦਰਦ ਨੂੰ ਦੂਰ ਕਰਨ ਵਾਲੀ ਮਸ਼ੀਨ ਪਈ ਹੈ, ਸੁਨਹਿਰੀ ਮੁੱਠੇ ਵਾਲਾ ਚਾਕੂ ਵੀ ਹੈ। ਇਸ ਚਾਕੂ ਨੂੰ ਪਿਤਾ ਜੀ ਵੇਖਣ ਲਈ ਦੇ ਤਾਂ ਦਿੰਦੇ ਹਨ ਪਰ ਕਮਰੇ ਨੂੰ ਬੰਦ ਕਰਨ ਤੋਂ ਪਹਿਲਾਂ ਵਾਪਸ ਲੈ ਲੈਂਦੇ ਹਨ।

ਪੁਰਾਣੇ ਕਮਰੇ ਤੋਂ ਬਾਹਰ ਆਈਏ ਤਾਂ ਵਿਹੜਾ ਹੈ, ਸਾਹਮਣੇ ਜੰਗਲਾ ਹੈ, ਜਿਸ ਕੋਲ ਅੱਡੀਆਂ ਚੁੱਕ ਕੇ ਖੜੇ ਹੋ ਜਾਵੇ ਤਾਂ ਹੇਠਾਂ ਵੇਖ ਸਕਦੇ ਹਾਂ, ਪਰ ਜੇਕਰ ਥੁੱਕ ਦੇਵੋ ਤਾਂ ਪਿਤਾ ਜੀ ਘੂਰਦੇ ਹਨ। ਹੇਠਾਂ ਵਿਹੜੇ ਵਿਚ ਖੜੇ ਹੋ ਕੇ, ਪਿਤਾ ਜੀ ਦਹੀਂ ਮੰਗਦੇ ਹਨ, 'ਬਲਦੇਵ ਦੀ ਮਾਂ, ਥੋੜ੍ਹੀ ਕੁ ਦਹੀਂ ਭੇਜਦੇ, ਮੈਂ ਇਸ਼ਨਾਨ ਕਰ ਲਵਾਂ।'

ਫੇਰ ਮਾਂ ਰਸੋਈ ਘਰ ਤੋਂ ਚੱਲ ਕੇ, ਜੰਗਲੇ ਕੋਲ ਆ ਜਾਂਦੀ ਹੈ, 'ਵੇਖੋ ਜੀ, ਕੋਈ ਵੇਲਾ-ਵਕਤ ਦੇਖ ਲਿਆ ਕਰੋ।

---

[1] ਰਿਗਵੇਦ ਦੀ ਇਕ ਬੇਟੀ ਅਤੇ ਉਸ ਬੇਟੀ ਦਾ ਇਕ ਬੇਟਾ। ਸਾਮਵੇਦ ਦੀ ਇਕ ਬੇਟੀ ਅਤੇ ਉਸ ਬੇਟੀ ਦਾ ਇਕ ਬੇਟਾ।

"ਮੈਂ ਖਾਣਾ ਪਰੋਸ ਰਹੀ ਹਾਂ, ਅਤੇ ਤੁਸੀਂ ਇਸ਼ਨਾਨ ਕਰਨ ਜਾ ਰਹੇ ਹੋ।"

"ਤੂੰ ਹਰ ਗੱਲ ਵਿਚ ਟੰਗ ਕਿਉਂ ਅੜਾਉਂਦੀ ਹੈ?

ਜੇ ਦਹੀਂ ਹੈ ਤਾਂ ਭੇਜ ਦੇ ਨਹੀਂ ਹੈ ਤਾਂ ਨਾਂਹ ਕਰ ਦੇ। ਮੈਂ ਇਕ ਮਿੰਟ ਵਿਚ ਨਹਾ ਕੇ ਆਇਆ।"

ਇਹ 'ਰਨਸਾਜ਼' ਦੀ ਅਲਮਾਰੀ ਹੈ। ਭਾਈ ਦਸਦਾ ਹੈ, ਰਨਸਾਜ਼ ਨਹੀਂ 'ਰੰਗਸਾਜ਼' ਆਖ ਰੰਗਸਾਜ਼। ਇਸ ਨੂੰ ਵਿਚੋਂ ਜੇਕਰ ਮੈਂ ਅੱਡੀਆਂ ਚੁੱਕ ਕੇ ਵੇਖਾਂ ਤਦ ਵੀ ਵੇਖ ਨਹੀਂ ਸਕਦਾ। ਜਦੋਂ ਕਦੇ ਮਾਂ ਦੀਆਂ ਕੁੰਜੀਆਂ ਗੁਆਚ ਜਾਂਦੀਆਂ ਹਨ, ਤਾਂ ਪਿਤਾ ਜੀ ਹੇਠਲੇ ਕਮਰੇ ਵਿਚੋਂ ਉੱਚੀ ਬੋਲਕੇ ਆਖਦੇ ਹਨ, "ਰੰਗਸਾਜ਼ ਵਾਲੀ ਅਲਮਾਰੀ ਵਿਚ ਵੇਖੋ, ਉਥੇ ਹੋਣਗੀਆਂ," ਇਹ ਉਹ ਰੰਗਸਾਜ਼ ਦੀ ਅਲਮਾਰੀ ਹੈ, ਪਰ ਮੈਨੂੰ ਇਸ ਵਿਚ ਇਕ ਹਰੇ ਬਦਰੰਗ ਜਿਹੇ ਡੱਬੇ ਤੋਂ ਬਿਨਾਂ ਹੋਰ ਕੁਝ ਵੀ ਨਜ਼ਰ ਨਹੀਂ ਪੈਂਦਾ। ਮੈਂ ਸੋਚਦਾ ਹਾਂ ਕੀ ਮਾਂ ਦੀਆਂ ਕੁੰਜੀਆਂ ਇਸ ਡੱਬੇ ਵਿਚ ਰੱਖੀਆਂ ਰਹਿੰਦੀਆਂ ਹਨ, ਇਥੇ ਇਨ੍ਹਾਂ ਨੂੰ ਕੌਣ ਰੱਖ ਜਾਂਦਾ ਹੈ?

ਹੇਠਲੇ ਕਮਰੇ ਵਿਚ ਹੀ ਪਿਤਾ ਜੀ ਦਾ ਦਫ਼ਤਰ ਹੈ। ਉਥੇ ਉਹ ਐਨਕ ਲਾਈ, ਦਿਨ ਭਰ ਉਂਗਲੀਆਂ ਨਾਲ, ਟਾਈਪ ਰਾਈਟਰ ਉਤੇ ਬੈਠੇ ਬੈਠੇ ਟਿਕ ਟਿਕ ਕਰਦੇ ਰਹਿੰਦੇ ਹਨ। ਦਫ਼ਤਰ ਦੀ ਕੰਧ ਉਤੇ ਘੜੀ ਲੱਗੀ ਹੋਈ ਹੈ, ਉਹ ਅੱਧੇ ਘੰਟੇ ਮਗਰੋਂ ਘੰਟਾ ਵਜਾਉਂਦੀ ਹੈ, ਜਦੋਂ ਕਿ ਉਪਰਵਾਲੀ ਘੜੀ ਅੱਧੇ ਘੰਟੇ ਮਗਰੋਂ ਘੰਟਾ ਨਹੀਂ ਵਜਾਉਂਦੀ। ਉਪਰ ਕਾਨਸ ਉਤੇ ਇਕ ਲੰਮਾ ਕਾਲੇ ਰੰਗ ਦਾ ਕਪੜਾ ਵਿਛਿਆ ਹੋਇਆ ਹੈ, ਜਿਸ ਉਤੇ ਇਕ ਦੇ ਪਿੱਛੇ ਇਕ ਕਿੰਨੇ ਹੀ ਮੋਰ ਖੜ੍ਹੇ ਹਨ, ਲਾਲ, ਪੀਲੇ, ਹਰੇ ਮੋਰ, ਇੰਜ ਲਗਦਾ ਹੈ ਜਿਵੇਂ ਇਹ ਇਕ ਦੂਜੇ ਦੇ ਪਿੱਛੇ ਭੱਜ ਰਹੇ ਹੋਣ। ਇਥੇ ਵੀ ਸੁਆਮੀ ਜੀ ਦੀ ਤਸਵੀਰ ਹੈ, ਪਰ ਇਥੇ ਸੁਆਮੀ ਜੀ ਨੇ ਕਪੜੇ ਪਹਿਨੇ ਹੋਏ ਹਨ, ਦੂਜੇ ਕਮਰੇ ਵਾਲੀ ਤਸਵੀਰ ਵਿਚ ਸੁਆਮੀ ਜੀ ਨੇ ਕਪੜੇ ਨਹੀਂ ਪਾਏ ਹੋਏ, ਅਤੇ ਉਨ੍ਹਾਂ ਦੇ ਪਿੱਛੇ ਇਕ ਸ਼ੇਰ ਵੀ ਹੈ ਅਤੇ ਸੱਪ ਵੀ ਅਤੇ ਇਕ ਅਜਿਹਾ

ਜਾਨਵਰ ਵੀ ਹੈ, ਜਿਸਦੀ ਸ਼ਕਲ ਮੇਰੀ ਚਾਚੀ ਦੇ ਪੁੱਤ ਨਾਲ ਮਿਲਦੀ ਹੈ। ਇਸ ਤਸਵੀਰ ਨੂੰ ਵੇਖ ਕੇ ਮੇਰੀ ਭੈਣ ਆਖਦੀ ਹੈ, "ਵੇਖਿਆ? ਸੁਆਮੀ ਜੀ ਕਿਸੇ ਤੋਂ ਵੀ ਡਰਦੇ ਨਹੀਂ ਸਨ, ਸ਼ੇਰ ਤੋਂ ਵੀ ਨਹੀਂ, ਨਾ ਹੀ ਚੀਤੇ ਤੋਂ।"

ਦਫ਼ਤਰ ਦੇ ਨਾਲ ਹੀ ਇਕ ਹੋਰ ਕਮਰਾ ਹੈ। ਉਹ ਮੈਨੂੰ ਬੰਦ ਕਰਨ ਲਈ ਹੈ। ਜਦੋਂ ਮੈਂ ਗਲੀ ਜਾਂ ਸੜਕ ਉੱਤੇ ਖੇਡਦਿਆਂ ਕੋਈ ਗੰਦੀ ਗਾਲ੍ਹ ਕੱਢ ਦਿੰਦਾ ਹਾਂ ਤੇ ਤੁਲਸੀ ਆ ਕੇ ਮਾਂ ਨੂੰ ਦੱਸ ਦਿੰਦਾ ਹੈ ਤਾਂ ਮੈਨੂੰ ਉਸ ਕਮਰੇ ਵਿਚ ਬੰਦ, ਕਰ ਦਿੱਤਾ ਜਾਂਦਾ ਹੈ। ਕਮਰੇ ਵਿਚ ਬੰਦ, ਖੁਲ੍ਹੀ ਖਿੜਕੀ ਕੋਲ ਖੜਾ ਮੈਂ ਬਾਹਰ ਗਲੀ ਵਿਚ ਵੇਖਦਾ ਰਹਿੰਦਾ ਹਾਂ, ਫਿਰ ਮਾਂ, ਕੁਝ ਦੇਰ ਮਗਰੋਂ ਆ ਕੇ ਦਰਵਾਜ਼ਾ ਖੋਲ੍ਹਦੀ ਹੈ ਅਤੇ ਦੋਨੋਂ ਗੋਡਿਆਂ ਵਿਚ ਮੇਰਾ ਸਿਰ ਦੱਬ ਕੇ ਮੇਰੇ ਮੂੰਹ ਵਿਚ ਲਾਲ ਮਿਰਚਾਂ ਦੀ ਚੁਟਕੀ ਪਾ ਦਿੰਦੀ ਹੈ ਅਤੇ ਫੇਰ ਚੁਪ ਚਾਪ ਚਲੀ ਜਾਂਦੀ ਹੈ। ਮੈਂ ਖਿੜਕੀ ਕੋਲ ਖੜਾ ਤੜਫਦਾ ਰਹਿੰਦਾ ਹਾਂ। ਮੈਨੂੰ ਕੁਝ ਦੇਰ ਬੰਦ ਰੱਖਣ ਮਗਰੋਂ ਬਾਹਰ ਕੱਢਿਆ ਜਾਂਦਾ ਹੈ, ਅਤੇ ਮੈਂ ਬਾਹਰ ਨਿਕਲਣ ਸਾਰ ਹੀ ਭਾਈ ਨੂੰ ਮੁੱਕੇ ਮਾਰਨ ਲਗਦਾ ਹਾਂ।

ਹੇਠਾਂ ਗੁਸਲਖਾਨੇ ਦੇ ਪਿਛਲੇ ਪਾਸੇ 'ਛੱਪਰ' ਹੈ ਜਿੱਥੇ ਗਾਂ ਬੰਨ੍ਹੀ ਰਹਿੰਦੀ ਹੈ, 'ਛੱਪਰ' 'ਚ ਬੈਠਾ ਤੁਲਸੀ ਗਾਉਂਦਾ ਰਹਿੰਦਾ ਹੈ, ਉਹ ਗੁਸਲਖਾਨੇ ਵਿਚ ਬੈਠਕੇ ਗਾਂ ਲਈ ਸੰਨ੍ਹੀ ਵੀ ਰਲਾਉਂਦਾ ਹੈ, ਅਤੇ ਜਦੋਂ ਉਸਦੇ ਵੱਡੇ ਵੱਡੇ ਹੱਥਾਂ ਉਤੇ ਤੂੜੀ ਚਿਪਕ ਜਾਂਦੀ ਹੈ ਤਾਂ ਉਹ ਉੱਚੇ ਉੱਚੇ ਗਾਉਣ ਲੱਗ ਪੈਂਦਾ ਹੈ।

"ਬੱਸ ਕਰ, ਬੱਸ ਕਰ।" ਮਾਂ ਹੱਸਦੀ ਹੋਈ ਆਖਦੀ ਹੈ, ਓਧਰ ਧੋਬੀ ਦਾ ਖ਼ੋਤਾ ਦਮ ਨਹੀਂ ਲੈਣ ਦਿੰਦਾ, ਇੱਧਰ ਤੂੰ ਦਮ ਨਹੀਂ ਲੈਣ ਦਿੰਦਾ।"

ਮੈਂ ਤੁਲਸੀ ਵਾਂਗ ਗਾ ਨਹੀਂ ਸਕਦਾ, ਪਰ ਮੈਂ ਇਕ ਹੋਰ ਕੰਮ ਕਰਨ 'ਚ ਹੁਸ਼ਿਆਰ ਹਾਂ, ਮੈਂ ਤੰਦੂਰ ਕੋਲੋਂ ਇਕ ਖਾਲ੍ਹੀ ਪੀਪਾ ਚੁੱਕ ਲਿਆਉਂਦਾ ਹਾਂ, ਉਸਨੂੰ ਪੁੱਠਾ ਕਰਕੇ, ਵਿਹੜੇ ਵਿਚ ਰਖਦਾ ਹੋਇਆ ਡੰਡੇ ਨਾਲ ਕੁੱਟਣ ਲਗਦਾ ਹਾਂ, ਪੀਪੇ ਨੂੰ ਕੁੱਟਦਾ ਹੋਇਆ, ਉੱਚੀ ਉੱਚੀ ਡੰਡ ਪਾਉਂਦਾ ਆਖਦਾ ਹਾਂ; "ਉਠੋ ਮੁਸਲਮਾਨੋਂ ਰੋਜ਼ੇ ਰੱਖੋ।"

ਪੀਪੇ ਨੂੰ ਵਜਾਉਣ ਦੀ ਅਵਾਜ਼ ਦੂਰ ਤੱਕ ਜਾਂਦੀ ਹੈ, ਇਸ ਗੱਲ ਤੋਂ ਖੁਸ਼ ਹੋ ਕੇ ਮੈਂ ਹੋਰ ਜ਼ੋਰ ਜ਼ੋਰ ਦੀ ਪੀਪਾ ਖੜਕਾਉਂਦਾ ਹਾਂ ਅਤੇ ਉੱਚੀ ਉੱਚੀ ਬੋਲਦਾ ਹਾਂ, "ਉਠੋ ਮੁਸਲਮਾਨੋ ਰੋਜ਼ੇ ਰੱਖੋ!" ਫਿਰ ਪਿਛਲੇ ਪਾਸਿਓਂ ਕਿਸੇ ਔਰਤ ਦੀ ਆਵਾਜ਼ ਆਉਂਦੀ ਹੈ, "ਨੀ ਲੱਛਮੀ ਤੇਰਾ ਮੁੰਡਾ ਸਾਨੂੰ ਸਾਰਾ ਸਾਲ ਹੀ ਰੋਜ਼ੇ ਰਖਵਾਉਂਦਾ ਰਹਿੰਦਾ ਹੈ।' ਤੇ ਫੇਰ ਉਹ ਹੱਸ ਪੈਂਦੀ ਹੈ।

ਕਦੇ ਕਦੇ ਤਾਂ ਮਾਂ ਚੌਂਕੇ 'ਚ ਬੈਠੀ ਬੈਠੀ ਹੀ ਜਵਾਬ ਦੇ ਦਿੰਦੀ ਹੈ, ਪਰ ਕਦੇ ਉੱਠਕੇ ਵਿਹੜੇ ਵਿਚ ਆ ਕੇ 'ਤੰਦੂਰ' ਉੱਤੇ ਪੈਰ ਰੱਖ ਗੁਆਂਢੀਆਂ ਦੇ ਵਿਹੜੇ ਵੱਲ ਵੇਖਣ ਲਗਦੀ ਹੈ। ਗੁਆਂਢਣ ਅਤੇ ਮਾਂ ਕਾਫ਼ੀ ਦੇਰ ਤੱਕ ਗੱਲਾਂ ਕਰਦੀਆਂ ਰਹਿੰਦੀਆਂ ਹਨ ਅਤੇ ਮੈਂ ਪੀਪਾ ਕੁੱਟਦਾ ਰਹਿੰਦਾ ਹਾਂ।

0

ਛੱਜੇ ਉਤੇ ਖੜੇ ਹੋ ਕੇ ਵੇਖੀਏ ਤਾਂ ਸੜਕ ਦੇ ਇਕ ਸਿਰੇ ਤੇ ਪਾਣੀ ਦੀ ਖੇਲ੍ਹ ਨਜ਼ਰ ਪੈਂਦੀ ਹੈ, ਇੱਥੇ 'ਛਾਛਾ' ਘੋੜੀਆਂ ਨੂੰ ਨਹਾਉਂਦੇ ਹਨ, ਮਨੋਹਰ ਇੰਦਰ ਅਤੇ ਗਿਰਧਾਰੀ ਭਰਿੰਡਾ ਫੜਦੇ ਹਨ।

ਪਰ ਸੜਕ ਦੇ ਦੂਜੇ ਬੰਨੇ ਕਿਤੇ ਵੀ ਅੱਖਾਂ ਟਿਕਦੀਆਂ ਨਹੀਂ। ਕਿਤੇ ਵੀ ਸੜਕ ਦਾ ਅਖੀਰ ਨਜ਼ਰ ਨਹੀਂ ਆਉਂਦਾ। ਮੇਰੀ ਨਿੱਕੀ ਜਹੀ ਦੁਨੀਆਂ ਪਾਣੀ ਵਾਲੀ ਖੇਲ੍ਹ ਭਾਵ ਖੁਰਲੀ ਤੋਂ ਆਰੰਭ ਹੋ ਕੇ ਅਤਰ ਸਿੰਘ ਹਲਵਾਈ ਦੀ ਦੁਕਾਨ ਤੱਕ ਪੁੱਜ ਕੇ ਖਤਮ ਹੋ ਜਾਂਦੀ ਹੈ, ਜਿੱਥੇ ਕੁਝ ਲੋਕ, ਸੜਕ ਦੇ ਕਿਨਾਰੇ ਹੀ ਦਰੀ ਵਿਛਾ ਕੇ ਕੌਡੀਆਂ ਨਾਲ ਚੌਸਰ ਖੇਡਦੇ ਹਨ। ਇਸ ਤੋਂ ਅੱਗੇ ਕੀ ਹੈ, ਇਸ ਬਾਰੇ ਮੈਨੂੰ ਕੁਝ ਨਹੀਂ ਪਤਾ।

ਜਦੋਂ ਘਰ ਦੇ ਸਾਹਮਣੇ ਪਰਛਾਵਾਂ ਹੌਲੀ ਹੌਲੀ ਸਰਕਦਾ ਹੋਇਆ ਸੜਕ ਦੇ ਕਿਨਾਰੇ ਜਾ ਪੁੱਜਦਾ ਹੈ।" ਤਾਂ ਸਮਝੋ ਦੁਪਹਿਰ ਸ਼ੁਰੂ ਹੋ ਜਾਂਦੀ ਹੈ। ਮਾਂ ਛੱਜੇ ਉੱਤੇ ਮੇਰੀ ਮੰਜੀ ਡਾਹ

ਬਿਸਤਰਾ ਵਿਛਾ ਦਿੰਦੀ ਹੈ ਅਤੇ ਮੇਰੇ ਮੱਥੇ ਉੱਤੇ ਹੱਥ ਰੱਖ ਕੇ ਆਖ਼ਦੀ ਹੈ, ਤੂੰ ਜਲਦੀ ਹੀ ਠੀਕ ਹੋ ਜਾਵੇਂਗਾ, ਫੇਰ ਰੱਜ ਕੇ ਖੇਡੀਂ।"

ਮਾਸ਼ਕੀ ਨੇ ਖੋਲ੍ਹ ਵਿਚੋਂ ਪਾਣੀ ਦੀ ਉੱਤੇ ਲੱਦੀ, ਝੁਕਿਆ ਹੋਇਆ ਇੱਕ ਹੱਥ ਪਹਿਲੀ ਮਸ਼ਕ ਭਰ ਲਈ ਹੈ, ਅਤੇ ਉਹ ਇਸ ਨੂੰ ਪਿੱਠ ਨਾਲ ਇਸ ਦਾ ਮੂੰਹ ਦੱਬੀ ਅਤੇ ਦੂਜੇ ਹੱਥ ਦੀ ਹਥੇਲੀ ਨਾਲ ਪਾਣੀ ਨੂੰ ਏਧਰ ਉਪਰ ਕਰਦਾ ਸੜਕ ਉਤੇ ਛੜਕਾਓ ਕਰਦਾ ਆ ਰਿਹਾ ਹੈ। ਸੜਕ ਦੇ ਅੱਧੇ ਹਿੱਸੇ ਉਤੇ ਇਕ ਪਰਛਾਵਾਂ ਜਿਹਾ ਪੈਣ ਲਗ ਪਿਆ ਅਤੇ ਇਸ ਵਿਚੋਂ ਮਿੱਟੀ ਦੀ ਭਿੰਨੀ ਭਿੰਨੀ ਸੁਗੰਧ ਆਉਣ ਲਗੀ ਹੈ। ਜਦੋਂ ਮੈਂ ਬੀਮਾਰ ਨਹੀਂ ਹੁੰਦਾ ਤਾਂ ਇਸ ਸੁਗੰਧ ਨੂੰ ਸੁੰਘਣ ਵਾਸਤੇ ਛਿੜਕਾ ਕਰਦੇ ਮਾਸ਼ਕੀ ਦੇ ਪਿੱਛੇ ਪਿੱਛੇ ਤੁਰਦਾ ਜਾਂਦਾ ਹੈ। ਹੁਣ ਮਾਸ਼ਕੀ ਮੌਲਵੀ ਇਸਹਾਕ ਦੇ ਘਰ ਦੇ ਸਾਹਮਣੇ ਪਹੁੰਚ ਗਿਆ ਹੈ ਅਤੇ ਉਸ ਨੇ ਕਮਰ ਸਿੱਧੀ ਕਰ ਲਈ ਹੈ ਅਤੇ ਸੁੰਗੜੀ ਹੋਈ ਮਸ਼ਕ ਉਸ ਦੇ ਮੋਢਿਆਂ ਨਾਲ ਲਟਕ ਰਹੀ ਹੈ। ਉਹ ਮੁੜ ਕੇ ਫਿਰ ਮਸ਼ਕ ਭਰਨ ਲਈ ਖੋਲ੍ਹ ਵਲ ਜਾ ਰਿਹਾ ਹੈ।

ਸਾਡੇ ਘਰ ਦੇ ਐਨ ਸਾਹਮਣੇ ਫੈਜ਼ ਅਲੀ ਨੇ ਟਾਂਗੇ ਵਿਚੋਂ ਘੋੜੇ ਨੂੰ ਖੋਲ੍ਹ ਦਿੱਤਾ ਹੈ। ਟਾਂਗੇ ਦੇ ਬੰਬ ਆਸਮਾਨ ਵੱਲ ਖੜ੍ਹੇ ਹੋ ਗਏ ਹਨ। ਨਿਮਾਜ਼ ਪੜ੍ਹਦੇ ਮੌਲਵੀ ਇਸਹਾਕ ਦੀਆਂ ਉਪਰ ਉਠੀਆਂ ਬਾਹਾਂ ਵਾਂਗ। ਅਜੇ ਵੀ ਘੋੜੇ ਦੀ ਲਗਾਮ ਫੜੀ ਉਸ ਨੂੰ ਸੜਕ ਦੇ ਵਿਚਕਾਰ ਲੈ ਆਇਆ ਹੈ।

ਪਸੀਨੇ ਨਾਲ ਘੋੜੇ ਦੀ ਸਾਜ ਹੇਠਲੀ ਪਿੱਠ ਕਾਲੀ ਪੈ ਗਈ ਹੈ ਅਤੇ ਉਸ ਵਿਚ ਮੁੜ ਥਿਰਕਣ ਹੁੰਦੀ ਹੈ। ਆਪਣੀ ਪਿੱਠ ਉਤੇ ਬੈਠੀਆਂ ਮੱਖੀਆਂ ਨੂੰ ਘੋੜਾ ਮੁੜ ਮੁੜ ਪੂੰਛ ਹਿਲਾ ਕੇ ਉਠਾਉਂਦਾ ਹੈ ਤੇ ਇੰਜ ਵੀ ਉਸ ਦੀ ਪਿੱਠ ਉਤੇ ਲਹਿਰ ਜਿਹੀ ਉਠਦੀ ਹੈ। ਹੁਣ ਸੜਕ ਦੇ ਵਿਚਕਾਰ ਘੋੜਾ ਆਪਣੇ ਆਪ ਤੁਰਨ ਲੱਗ ਪਿਆ ਹੈ। ਫ਼ੈਜ਼ ਅਲੀ ਦਾ ਪੁੱਤ ਘਰ ਗਿਆ ਹੈ। ਘੋੜਾ, ਹੌਲੀ ਹੌਲੀ ਤੁਰਦਾ ਹੋਇਆ ਅਤਰ ਸਿੰਘ ਹਲਵਾਈ ਤੱਕ ਜਾਵੇਗਾ, ਫੇਰ ਆਪ ਹੀ ਮੁੜ ਕੇ ਫੈਜ਼ ਅਲੀ ਦੇ ਮੰਜੇ ਦੇ ਸਾਹਮਣੇ ਆਵੇਗਾ ਤੇ ਸੜਕ ਦੇ ਵਿਚਕਾਰ ਆਉਣ ਜਾਣ ਲੱਗੇਗਾ। ਦੂਜੇ ਪਾਸੇ ਫ਼ੈਜ਼ ਅਲੀ ਸਿਰ ਤੋਂ ਖਾਕੀ ਰੰਗ ਦੀ ਪਗੜੀ ਉਤਾਰ ਕੇ, ਸੜਕ

ਕਿਨਾਰੇ ਬਣੀ ਆਪਣੀ ਕੋਠੜੀ ਸਾਹਮਣੇ ਪਏ ਮੰਜੇ ਉਤੇ ਬੈਠ ਗਿਆ ਹੈ ਤੇ ਹੁਕੇ ਦੀ ਅੱਗ ਨੂੰ ਫੂਕਾਂ ਮਾਰ ਮਾਰ ਸੁਲਗਾ ਰਿਹਾ ਹੈ।

ਸਾਹਮਣੇ ਵਾਲੀ ਗਲੀ ਦੇ ਸਿਰੇ ਉੱਤੇ ਗਿਰਧਾਰੀ ਆਇਆ ਹੈ, ਉੱਥੇ ਜਮੀਨ ਵਿਚ ਗੱਡੇ ਪੱਥਰ ਉਤੇ ਆਪਣੀਆਂ ਲੱਤਾਂ ਲਮਕਾ ਕੇ ਬੈਠ ਗਿਆ, ਉਸ ਨੇ ਇਕ ਹੱਥ ਵਿੱਚ ਗੁੱਲੀ ਫੜੀ ਹੈ ਅਤੇ ਦੂਜੇ ਨਾਲ ਡੰਡਾ ਝੁਲਾਉਂਦਾ ਹੋਇਆ, ਗੁੱਲੀ ਡੰਡਾ ਖੇਲਣ ਦੀ ਆਵਾਜ਼ ਦਿੰਦਾ ਹੈ। ਇਹ ਆਵਾਜ਼ ਮੈਨੂੰ ਅਤੇ ਮੇਰੇ ਭਾਈ ਨੂੰ ਗੁੱਲੀ ਡੰਡਾ ਖੇਡਣ ਦਾ ਸੱਦਾ ਹੈ। ਇਹ ਸੱਦਾ ਮੁਹੱਲੇ ਦੇ ਬਾਕੀ ਮੁੰਡਿਆਂ ਲਈ ਵੀ ਹੈ। ਉਹ ਮੁੜ ਮੁੜ ਪੱਥਰ ਉੱਤੇ ਡੰਡੇ ਨਾਲ ਖੜਕਾ ਕਰਦਾ ਹੋਇਆ, ਉੱਚੀ ਉੱਚੀ ਆਖਦਾ ਹੈ 'ਆਓ ਬਈ ਗੁੱਲੀ ਡੰਡਾ ਖੇਲੀਏ।" ਮੰਜੀ ਉਤੇ ਪਿਆ ਮੈਂ ਮੁੜ ਮੁੜ ਪਾਸੇ ਪਰਤਦਾ

ਖੋਲ਼ੂ ਕੋਲ ਮੁਹੱਲੇ ਦੇ ਜੁਆਕਾਂ ਦਾ ਇਕੱਠ ਹੈ। ਉਹ ਖੇਲ਼ੂ ਦੇ ਆਲੇ ਦੁਆਲੇ ਗਿੱਲੇ ਗਾਰੇ ਉੱਤੇ ਬੈਠੀਆਂ ਭਰਿੰਡਾਂ ਨੂੰ ਫੜ੍ਹ ਰਹੇ ਹਨ। ਇੰਦਰ ਆਪਣੀਆਂ ਨੰਗੀਆਂ ਉਂਗਲਾਂ ਨਾਲ ਹੀ ਭਰਿੰਡ ਨੂੰ ਫੜ ਲੈਂਦਾ ਹੈ, ਅਤੇ ਦੂਜੇ ਹੱਥ ਨਾਲ ਉਸਦਾ ਡੰਗ ਖਿੱਚ ਦਿੰਦਾ ਹੈ ਤੇ ਫੇਰ ਉਸ ਦੀਆਂ ਟੰਗਾਂ ਨਾਲ ਧਾਗਾ ਬੰਨ ਕੇ ਉਸ ਨੂੰ ਉਡਾਉਣ ਲੱਗਦਾ ਹੈ। ਭਰਿੰਡ ਥੋੜ੍ਹੀ ਜਿਹੀ ਉਚਾਈ ਤਕ ਪਹੁੰਚ ਕੇ ਹੇਠਾਂ ਡਿੱਗ ਪੈਂਦਾ ਹੈ, ਪਤੰਗ ਵਾਂਗ ਅਸਮਾਨ ਤਕ ਨਹੀਂ ਜਾ ਸਕਦਾ।

ਸਾਹਮਣੇ ਵਾਲੀ ਗਲੀ ਵਿਚੋਂ, ਜਿੱਥੇ ਗਿਰਧਾਰੀ ਬੈਠਾ ਗੁਲੀ ਡੰਡੇ ਦਾ ਸੱਦਾ ਦੇ ਰਿਹਾ ਹੈ ਉਥੋਂ ਇਕ ਬੁਰਕੇ ਵਾਲੀ ਔਰਤ ਗਲੀ ਪਾਰ ਕਰਕੇ ਸੜਕ ਉਤੇ ਆ ਗਈ ਹੈ। ਗਲੀ ਵਿਚੋਂ ਬਾਹਰ ਆਉਣ ਸਾਰ ਹੀ ਉਸ ਨੇ ਆਪਣੇ ਮੂੰਹ ਉਤੇ ਬੁਰਕਾ ਸੁੱਟ ਲਿਆ ਅਤੇ ਹੁਣ ਸੜਕ ਪਾਰ ਕਰਨ ਲੱਗੀ ਹੈ। ਸੜਕ ਪਾਰ ਕਰਕੇ ਉਹ ਸਾਡੇ ਘਰ ਦੇ ਨਾਲ ਵਾਲੀ ਗਲੀ ਵਿਚ ਵੜ ਜਾਵੇਗੀ, ਵੜਦਿਆਂ ਹੀ ਮੂੰਹ ਤੋਂ ਬੁਰਕਾ ਚੁੱਕ ਦੇਵੇਗੀ। ਬੁਰਕੇ ਵਾਲੀਆਂ ਸਾਰੀਆਂ ਔਰਤਾਂ ਇੰਜ ਹੀ ਕਰਦੀਆਂ ਹਨ। ਸੜਕ ਉਤੇ ਚਲਦੀਆਂ ਹਨ ਤੇ ਬੁਰਕਾ ਲੈ ਲੈਂਦੀਆਂ ਹਨ ਅਤੇ ਗਲੀ ਵਿਚੋਂ ਲੰਘਦਿਆਂ ਬੁਰਕਾ ਚੁੱਕ ਦਿੰਦੀਆਂ ਹਨ।

ਸਾਡੇ ਘਰ ਦੇ ਨਾਲ ਲਗਦੀ ਸੜਕ ਦੇ ਕਿਨਾਰੇ, ਟਾਂਗੇ ਵਾਲੇ 'ਛਾਛੀਆ' ਦੇ ਪੰਜ ਘੋੜੇ ਬੰਨ੍ਹੇ ਹਨ। ਮੁਹੱਲੇ ਵਿਚ ਇਧਰ-ਉਧਰ ਘੋੜਿਆਂ ਤੋਂ ਅੱਡ ਕੀਤੇ ਟਾਂਗੇ ਖੜੇ ਹਨ। ਮੌਲਵੀ ਇਸਹਾਕ ਦੀਆਂ ਬਾਹਾਂ ਵਾਂਗ ਟਾਂਗਿਆਂ ਦੇ ਬੰਬ ਉਪਰ ਨੂੰ ਖੜੇ ਹਨ। ਲੰਗੜੇ ਬਾਬਾ ਨੂਰੂ ਦੀ ਕੋਠੜੀ ਦੇ ਸਾਹਮਣੇ ਹਮੇਸ਼ਾਂ ਵਾਂਗ ਮੰਜੀਆਂ ਵਿਛ ਗਈਆਂ ਹਨ। ਫਤਹਿ ਖਾਨ, ਜਿਲਾਨੀ, ਕਰਮ ਖਾਨ, ਮੁਹੰਮਦ ਦੀਨ ਜਿਹੜੇ ਕਿ ਸਾਡੇ ਮੁਹੱਲੇ ਦੇ ਬਜ਼ੁਰਗ ਟਾਂਗੇ ਵਾਲੇ ਹਨ, ਬੈਠੇ ਗੱਲਾਂ ਕਰ ਰਹੇ ਹਨ। ਗਲੀ ਦੇ ਪੰਪ ਕੋਲ ਬੈਠਾ ਫਤਹਿ ਦੀਨ ਹੁੱਕੇ ਦਾ ਪਾਣੀ ਬਦਲ ਰਿਹਾ ਹੈ, ਹੁੱਕੇ ਵਿੱਚੋਂ ਪਹਿਲਾਂ ਤਾਂ ਗੰਦਲਾ ਤੇ ਫੇਰ ਪੀਲੇ ਰੰਗ ਵਾਲਾ ਤੇ ਆਖਿਰ ਸਾਫ਼ ਪਾਣੀ ਨਿੱਕਲਣ ਲੱਗਿਆ ਹੈ। ਉਹ ਆਪਣੇ ਹੁੱਕੇ ਦੀ ਨਲੀ ਵਿੱਚ ਇੰਨੇ ਜ਼ੋਰ ਨਾਲ ਫੂਕ ਮਾਰਦਾ ਹੈ ਕਿ ਉਸ ਦੀਆਂ ਗੱਲ੍ਹਾਂ ਫੁੱਲ ਜਾਂਦੀਆਂ ਹਨ ਅਤੇ ਮੱਥੇ ਦੀਆਂ ਨਾੜਾਂ ਖੜੀਆਂ ਹੋ ਜਾਂਦੀਆਂ ਹਨ। ਮੇਰੀਆ ਗੱਲ੍ਹਾਂ ਕਦੇ ਵੀ ਏਨੀਆਂ ਨਹੀਂ ਫੁੱਲ ਸਕਦੀਆਂ। ਮੈਂ ਮੂੰਹ ਤੇ ਪੁੱਠਾ ਹੱਥ ਰਖ ਕੇ ਫੂਕ ਮਾਰਦਾ ਹਾਂ, ਪਰ ਨਾ ਤਾਂ ਗੱਲ੍ਹਾਂ ਫੁੱਲਦੀਆਂ ਹਨ ਤੇ ਨਾ ਹੀ ਨਸਾਂ ਉੱਭਰਦੀਆਂ ਹਨ। ਟਾਂਗੇ ਵਾਲਿਆਂ ਦੀਆਂ ਮੰਜੀਆਂ ਸਾਹਮਣੇ ਨਾਲੀ ਦੇ ਨੇੜੇ ਕਰਮ ਖ਼ਾਨ ਦਾ ਪੁੱਤ ਬੈਠਾ ਮਿੱਟੀ ਦੀ ਬਠਲੀ ਵਿੱਚ ਗੁੜ ਦਾ ਸ਼ਰਬਤ ਬਣਾ ਰਿਹਾ ਹੈ। ਛਾਛੀ, ਮਿੱਟੀ ਦੇ ਛੋਟੇ ਛੋਟੇ ਠੁੱਲਿਆਂ ਵਿੱਚ ਸ਼ਰਬਤ ਪਾ ਕੇ ਪੀਣਗੇ ਅਤੇ ਫੇਰ ਇਕ ਹੀ ਹੁੱਕੇ ਉੱਤੇ ਵਾਰੀ-ਵਾਰੀ ਨਾਲ ਕਸ਼ ਭਰਨਗੇ ਅਤੇ ਹਨੇਰਾ ਹੋਣ ਤੱਕ ਹੌਲੀ ਹੌਲੀ ਗੱਲਾਂ ਕਰਦੇ ਰਹਿਣਗੇ।

ਸੂਬੇਦਾਰ ਜਲਾਲ ਖ਼ਾਨ ਦਾ ਪੁੱਤਰ ਨਵਾਬ ਖ਼ਾਨ, ਗਲੀ 'ਚੋਂ ਬਾਹਰ ਆ ਕੇ ਸੜਕ ਦੇ ਵਿਚਕਾਰ ਟਹਿਲਣ ਲੱਗ ਪਿਆ ਹੈ। ਉਹ ਹਮੇਸ਼ਾਂ ਹੀ ਏਸੇ ਵੇਲੇ ਸੜਕ ਉੱਤੇ ਟਹਿਲਦਾ ਹੈ। ਮਾਂ ਆਖਦੀ ਹੈ, ਚਹਿਲ ਕਦਮੀ ਕਰਦਾ ਹੈ। ਉਸ ਦੀ ਚਿੱਟੀ ਪੱਗ ਦਾ ਫਰਲਾ ਹਵਾ ਵਿਚ ਲਹਿਰਾ ਰਿਹਾ ਹੈ, ਚਿੱਟੇ ਲੱਠੇ ਦੀ ਸਰ ਸਰ ਕਰਦੀ ਸਲਵਾਰ ਪਾਈ ਹੋਈ ਹੈ ਅਤੇ ਉਹਦੇ ਪੈਰਾਂ ਵਿੱਚ ਕਾਲੇ ਰੰਗ ਦੇ ਚਮਕਦਾਰ ਜੁੱਤੇ ਹਨ। ਉਹ ਵੀ ਫ਼ੈਜ ਅਲੀ ਦੇ ਘੋੜੇ ਵਾਂਗ 'ਖੇਲ੍ਹ' ਤੋਂ ਅਤਰ ਸਿੰਘ ਦੀ ਦੁਕਾਨ ਤੱਕ ਅਤੇ ਮੁੜ ਖੇਲ੍ਹ ਤੱਕ ਹੀ ਟਹਿਲਦਾ ਹੈ। ਪਰ ਉਹ ਆਕੜ ਕੇ ਹੌਲੀ ਹੌਲੀ ਚਲਦਾ ਹੈ ਅਤੇ ਆਪਣੀਆਂ, ਕਾਲੀਆਂ ਮੁੱਛਾਂ ਨੂੰ ਮਰੋੜਦਾ ਵੀ ਰਹਿੰਦਾ ਹੈ। ਹੁਣੇ ਹੀ ਉਸ ਦਾ ਕੋਚਵਾਨ ਟਾਂਗਾ ਜੋਤ ਕੇ ਸਾਡੇ ਘਰ ਦੇ ਸਾਹਮਣੇ ਲੈ

ਆਵੇਗਾ। ਉਸ ਵਰਗਾ ਚਮਕਦਾਰ ਅਤੇ ਸੁੰਦਰ ਟਾਂਗਾ ਮੁਹੱਲੇ ਵਿਚ ਕਿਸੇ ਕੋਲ ਨਹੀਂ। ਕਾਲੇ ਰੰਗ ਦਾ ਟਾਂਗਾ ਉਸ ਉਤੇ ਸਫੈਦ ਧਾਰੀਆਂ ਖਿੱਚੀਆਂ ਹੋਈਆਂ ਹਨ। ਘੋੜੇ ਦੇ ਸਿਰ ਉਤੇ ਉੱਚੀ ਕਲਗੀ ਹੈ ਅਤੇ ਘੋੜੇ ਦੀ ਪਿੱਠ ਉਤੇ ਕਾਲੇ ਰੰਗ ਦਾ ਸਾਜ਼ ਚਮਕਦਾ ਹੈ। ਟਾਂਗੇ ਦੀ ਛਤ ਵੀ ਉਤਾਰ ਦਿੱਤੀ ਜਾਂਦੀ ਹੈ। ਟਾਂਗ ਦੇ ਚਾਬਕਦਾਨ ਵਿਚ ਰਖੀ ਹੋਈ ਚਾਬਕ ਉਪਰੋਂ ਪਤਲੀ ਹੈ ਜਿਸ ਕਰਕੇ ਉਸ ਦਾ ਉਪਰਲਾ ਸਿਰਾ ਮੁੜ ਕੇ ਹੇਠਾਂ ਨੂੰ ਝੁਕਿਆ ਹੋਇਆ ਹੈ। ਮੇਰਾ ਭਰਾ ਦਸਦਾ ਹੈ ਇਹ ਚਾਬਕ ਨਹੀਂ ਹੰਟਰ ਹੈ। ਸੂਬੇਦਾਰ ਦਾ ਪੁੱਤਰ ਲਗਾਮ ਨੂੰ ਹੱਥ ਵਿਚ ਫੜੀ ਛਲਾਂਗ ਮਾਰ ਟਾਂਗੇ ਦੀ ਅਗਲੀ ਸੀਟ ਉਤੇ ਬੈਠ ਗਿਆ ਹੈ। ਚਾਬਕ ਦੀ ਨੋਕ ਅਤੇ ਉਸ ਦੀ ਪੱਗ ਦਾ ਫਰਲਾ ਦੋਵੇਂ ਹਵਾ ਵਿਚ ਲਹਿਰਾ ਰਹੇ ਹਨ। ਕੋਚਵਾਨ ਪਿਛਲੀ ਸੀਟ ਉਤੇ ਜਾ ਬੈਠਾ ਹੈ। ਸੜਕ ਉਤੇ ਘੋੜਾ ਗਰਦਨ ਉੱਚੀ ਕਰੀ ਅਤੇ ਪੈਰ ਮਾਰਦਾ ਅੱਗੇ ਵਧਣ ਲੱਗਾ ਹੈ।

ਲੰਗੜੇ ਬਾਬਾ ਨੂਰੂ ਕੋਲ ਬੈਠੇ ਸਾਰੇ ਬੰਦੇ ਆਪਣੀ ਗਰਦਨ ਘੁੰਮਾ ਕੇ ਵੇਖਦੇ ਹਨ। ਨਵਾਬ ਖਾਨ ਤੋਂ ਸਾਰੇ ਬੰਦੇ ਡਰਦੇ ਹਨ। ਉਹ ਕਦੇ ਕਦੇ ਐਵੇਂ ਹੀ ਕਿਸੇ ਨਾ ਕਿਸੇ ਨੂੰ ਫੜ ਕੇ ਕੁੱਟ ਦਿੰਦਾ ਹੈ।

”ਆ ਗੁੱਲੀ ਡੰਡਾ!”

ਗਿਰਧਾਰੀ ਅਜੇ ਵੀ ਆਵਾਜ਼ਾਂ ਦੇ ਰਿਹਾ ਹੈ।

ਖੱਬੇ ਹੱਥ ਖੇਲ ਕੋਲੋਂ ਗਾਈਆਂ ਦਾ ਵੱਗ ਭੱਜਦਾ ਹੋਇਆ ਮੋੜ ਕੱਟ ਕੇ ਮੁਹੱਲੇ ਵਿਚ ਦਾਖਲ ਹੋ ਗਿਆ ਹੈ। ਵੱਗ ਪਿੱਛੇ ਡਾਂਗ ਚੁੱਕੀ ਮਹਿਮੂਦਾ ਭਜਿਆ ਆਉਂਦਾ ਹੈ। ਉਹ ਕਦੇ ਇਕ ਗਾਂ ਉਤੇ ਕਦੇ ਦੂਜੀ ਗਾਂ ਉਤੇ ਵਗਾਹ ਕੇ ਡਾਂਗ ਮਾਰਦਾ ਹੈ। ਮਹਿਮੂਦੇ ਦੇ ਕੁੜਤੇ ਦੇ ਛਾਤੀ ਕੋਲੋਂ ਬਟਨ ਹਮੇਸ਼ਾ ਹੀ ਖੁਲੇ ਰਹਿੰਦੇ ਹਨ, ਜਿਸ ਕਰਕੇ ਦੂਰੋਂ ਹੀ ਉਸਦਾ ਚਿੱਟਾ ਗੋਰਾ ਸਰੀਰ ਨਜ਼ਰੀਂ ਪੈਣ ਲੱਗ ਜਾਂਦਾ ਹੈ।

ਛੱਜੇ ਦੇ ਇਕ ਸਿਰੇ ਉਤੇ ਮੇਰੀਆਂ ਦੋਵੇਂ ਭੈਣਾਂ ਖੜੀਆਂ ਹਨ। ਇਹ ਕਦੋਂ ਆ ਗਈਆਂ? ਉਨ੍ਹਾ ਨੂੰ ਵੇਖ ਕੇ ਮੈਂ ਘਬਰਾ ਜਾਂਦਾ ਹਾਂ। ਉਹ ਕਦੋਂ ਤੋਂ ਏਥੇ ਖੜ੍ਹੀਆਂ ਹਨ। ਉਹ ਮੇਰੇ ਨਾਲ ਗੱਲਾਂ ਨਹੀਂ ਕਰਦੀਆਂ ਸਗੋਂ ਆਪਸ ਵਿੱਚ ਹੀ ਘੁਸਰ ਮੁਸਰ ਕਰਦੀਆਂ ਰਹਿੰਦੀਆਂ ਹਨ। ਮੈਨੂੰ ਪਤਾ ਤਾਂ ਹੈ ਕਿ ਉਹ ਕਿਹੜੀਆਂ ਗੱਲਾਂ ਕਰਦੀਆਂ ਹਨ। ਦੋ ਘਰ ਛੱਡ ਕੇ ਸਾਡੇ ਘਰ ਦੇ ਸਾਹਮਣੇ ਸੁਰਸਤੀ ਦਾ ਘਰ ਹੈ। ਸੁਰਸਤੀ ਮੇਰੀਆਂ ਭੈਣਾਂ ਦੀ ਸਹੇਲੀ

ਹੈ। ਜਦੋਂ ਮੈਂ ਬੀਮਾਰ ਨਹੀਂ ਹੁੰਦਾ ਤਾਂ ਮੈਂ ਆਪਣੀਆਂ ਭੈਣਾਂ ਦੇ ਕਹਿਣ ਉਤੇ ਸੁਰਸਤੀ ਨੂੰ ਸੱਦਣ ਜਾਂਦਾ ਹਾਂ।

ਇੰਨੇ ਵਿੱਚ ਪਿੱਛਿਓਂ ਬੋਝਲ ਕਦਮਾਂ ਦੀ ਆਵਾਜ਼ ਆਉਂਦੀ ਹੈ। ਪਿਤਾ ਜੀ ਥਰਮਾਮੀਟਰ ਫੜੀ ਛੱਜੇ ਉਤੇ ਆ ਗਏ ਹਨ। ਮੇਰਾ ਦਿਲ ਤੇਜ਼ੀ ਨਾਲ ਧੜਕਣ ਲੱਗ ਪਿਆ। ਮੇਰੇ ਮੂੰਹ ਵਿੱਚ ਥਰਮਾਮੀਟਰ ਰਖਦਿਆਂ ਉਨ੍ਹਾਂ ਦੀ ਨਜ਼ਰ ਮੇਰੀਆਂ ਭੈਣਾਂ ਉਤੇ ਚਲੀ ਜਾਂਦੀ ਹੈ।

"ਵਿੱਦਿਆ-ਬਿਮਲਾ!" ਉਹ ਗਰਜ ਕੇ ਆਖਦੇ ਹਨ। ਮੇਰੇ ਮੂੰਹ 'ਚ ਲੱਗਿਆ ਥਰਮਾਮੀਟਰ ਕੰਬ ਜਿਹਾ ਜਾਂਦਾ ਹੈ। "ਕੀ ਕਰਦੀਓ ਏਥੇ ਖੜੀਆਂ? ਤੁਹਾਨੂੰ ਕਿਨੀ ਵਾਰ ਟੋਕਿਆ ਇੱਥੇ ਛੱਜੇ ਤੇ ਨਾ ਆਇਆ ਕਰੋ।"

ਦੋਵੇਂ ਭੈਣਾਂ, ਸਿਰ ਨੀਵਾਂ ਕਰੀ ਉਥੋਂ ਭੱਜ ਜਾਂਦੀਆਂ ਹਨ। ਮੇਰੀਆਂ ਭੈਣਾਂ ਨੂੰ ਛੱਜੇ ਉਤੇ ਆਉਣ ਦੀ ਇਜਾਜ਼ਤ ਨਹੀਂ। ਉਹ ਪੁਰਾਣੇ 'ਸੁਫੇ' (ਕਮਰਾ) ਅਤੇ ਨਵੇਂ 'ਸੁਫੇ' ਦੀਆਂ ਖਿੜਕੀਆਂ ਵਿਚੋਂ ਬਾਹਰ ਨਹੀਂ ਵੇਖ ਸਕਦੀਆਂ ਅਤੇ ਨਾ ਹੀ ਘਰ ਦੀ ਛੱਤ ਉਤੇ ਖੜ੍ਹੀਆਂ ਹੋ ਸਕਦੀਆਂ ਹਨ। ਇਹ ਤਾਂ ਇਹ ਜੇ ਉਹ ਜ਼ੋਰ ਦੀ ਹੱਸਣ ਤਾਂ ਵੀ ਪਿਤਾ ਜੀ ਉਨ੍ਹਾਂ ਨੂੰ ਝਿੜਕ ਦਿੰਦੇ ਹਨ। "ਵਿੱਦਿਆ-ਬਿਮਲਾ! ਖਬਰਦਾਰ ਜੇ ਤੁਹਾਡੀ ਆਵਾਜ਼ ਸੁਣਾਈ ਦਿੱਤੀ। ਚੁੱਪਚਾਪ ਅਰਾਮ ਨਾਲ ਬੈਠੋ।"

ਇੰਜ ਵਿੱਦਿਆ ਬਿਮਲਾ ਇਕ ਦਮ ਚੁੱਪ ਹੋ ਜਾਂਦੀਆਂ ਹਨ। ਮੇਰੀ ਛੋਟੀ ਭੈਣ ਬਿਮਲਾ ਤਾਂ ਘੱਟ ਹੱਸਦੀ ਹੈ ਪਰ ਵੱਡੀ ਭੈਣ ਵਿੱਦਿਆ ਤਾਂ ਹੱਸਦੀ ਹੀ ਰਹਿੰਦੀ ਹੈ। ਜਦੋਂ ਵੀ ਤੁਲਸੀ ਸਾਹਮਣੇ ਆ ਜਾਵੇ ਤਾਂ ਦੋਵੇਂ ਹੀ ਹਿੜ ਹਿੜ ਕਰਕੇ ਹੱਸਣ ਲੱਗ ਪੈਂਦੀਆਂ ਹਨ।

ਤੁਲਸੀ ਅਤੇ ਸਾਡਾ ਚੌਵੀ ਘੰਟਿਆਂ ਦਾ ਸਾਥ ਹੈ। ਦੁਪਹਿਰ ਨੂੰ ਜਦੋਂ ਪੰਡਤ ਜੀ ਪੜ੍ਹਾਉਣ ਆਉਂਦੇ ਹਨ ਤਾਂ ਉਹ ਸਾਰਾ ਵਕਤ ਦੇਹਲੀਆ ਉਤੇ ਹੀ ਬੈਠਾ ਰਹਿੰਦਾ ਹੈ। ਸ਼ਾਮ ਨੂੰ ਜਦੋਂ ਮੇਰਾ ਭਰਾ ਘਰ ਦੀ ਛੱਤ ਉਤੇ ਤੀਰ ਕਮਾਨ ਚਲਾਉਂਦਾ ਹੈ ਤਾਂ ਤੁਲਸੀ ਵੀ ਸਾਡੇ ਨਾਲ ਤੀਰ ਕਮਾਨ ਚਲਾਉਂਦਾ ਹੈ। ਘਰ ਦੇ ਸਾਹਮਣੇ ਸੜਕ ਦੇ ਕਿਨਾਰੇ ਨੇਜ਼ਾਬਾਜ਼ੀ ਖੇਡਦੇ ਹਾਂ ਤਾਂ ਉਹ ਵੀ ਨੇਜ਼ਾਬਾਜ਼ੀ ਖੇਡਦਾ ਹੈ। ਮੇਰੇ ਭਰਾ ਨੇ ਸੋਟੀ ਦੇ ਅਗਲੇ ਸਿਰੇ ਵਿਚ ਕਿਲ ਗੱਡ ਕੇ ਨੇਜਾ ਬਣਾ ਲਿਆ ਹੈ।

ਕਿੱਲ ਦਾ ਨੁਕੀਲਾ ਪਾਸਾ ਬਾਹਰ ਵਲ ਹੈ। ਹੱਥ ਵਿਚ ਨੇਜ਼ਾ ਚੁੱਕੀ ਤੁਲਸੀ ਖੇਲ ਕੋਲੋਂ ਭੱਜਿਆ ਆਉਂਦਾ ਹੈ। ਘਰ ਦੇ ਨੇੜੇ ਪੁੱਜ ਕੇ ਉਹ ਉੱਚੀ ਜਿਹੇ 'ਜਾ ਅਲੀ!' ਆਖਦਾ ਹੋਇਆ, ਸੋਟੀ ਨੂੰ ਨੂੰ ਹਵਾ ਵਿੱਚ ਘੁਮਾਉਂਦਾ ਹੈ। ਇੰਜ ਕਰਦਿਆਂ ਹੋਇਆਂ ਤੁਲਸੀ ਦਾ ਬੋਦਾ ਉਸ ਦੇ ਸਿਰ ਉਤੇ ਨੱਚਦਾ ਰਹਿੰਦਾ ਹੈ। ਫੇਰ ਉਹ ਕਿੱਲ ਵਾਲੇ ਸਿਰੇ ਨੂੰ ਅੱਗੇ ਵਧਾਉਂਦਾ ਹੋਇਆ ਨਿਸ਼ਾਨਾ ਵਿੰਨ੍ਹਦਾ ਹੈ। ਨਿਸ਼ਾਨੇ ਵਾਸਤੇ, ਘਰ ਦੇ ਸਾਹਮਣੇ ਇੱਟ ਦਾ ਸਹਾਰਾ ਦੇ ਕੇ ਗੋਹੇ ਦੀ ਪਾਥੀ ਰੱਖੀ ਹੋਈ ਹੈ! ਜੇਕਰ ਨਿਸ਼ਾਨਾ ਠੀਕ ਲੱਗੇ ਤਾਂ ਨੇਜ਼ਾ ਪਾਥੀ ਨੂੰ ਵਿੰਨ੍ਹ ਕੇ ਪਾਰ ਨਿਕਲ ਜਾਂਦਾ ਹੈ। ਕਦੇ ਕਦੇ ਪਾਥੀ ਇਸ ਕਿੱਲ ਵਿੱਚ ਫਸ ਜਾਂਦੀ ਹੈ ਤਾਂ ਨੇਜ਼ੇਬਾਜ਼ ਜੇਤੂ ਬਹਾਦਰ ਵਾਂਗ ਉਹਨੂੰ ਹਵਾ ਵਿੱਚ ਝੁਲਾਉਂਦਾ ਛਾਲਾਂ ਮਾਰਦਾ ਹੋਇਆ ਆਪਣੇ ਅੱਡੇ ਉਤੇ ਆ ਜਾਂਦਾ ਹੈ। ਭਾਈ ਗੂੰਦ ਵਿਚ ਬੁਰਾਦਾ ਮਿਲਾ ਕੇ ਛਾਪਾਖਾਨਾ ਬਣਾਉਂਦਾ ਹੈ ਅਤੇ ਤੁਲਸੀ ਤੇ ਮੈਂ,ਕੋਲਾ ਪੀਹ ਕੇ, ਪ੍ਰੈਸ ਲਈ ਸਿਆਹੀ ਤਿਆਰ ਕਰਦੇ ਹਾਂ। ਜਦੋਂ ਤੁਲਸੀ ਅਸਾਡੇ ਨਾਲ ਹੁੰਦਾ ਹੈ, ਤਾਂ ਮੁਹੱਲੇ 'ਚ ਕਿਸੇ ਦੀ ਕੀ ਮਜ਼ਾਲ ਕਿ ਅਸਾਡੇ ਨਾਲ ਝਗੜ ਪਵੇ। ਉਹ ਸਿੱਧਾ ਹੀ ਹਿੱਕ ਵਿਚ ਟੱਕਰ ਮਾਰਦਾ ਹੈ ਅਤੇ ਦੰਦਾਂ ਨਾਲ ਬਾਹ ਉਤੇ ਬੁਰਕੀ ਵੱਢ ਲੈਂਦਾ ਹੈ। '"ਇਹ ਤਾਂ ਵਹਿਸ਼ੀ ਹੈ!" ਮਾਂ ਹਮੇਸ਼ਾ ਕਿਹਾ ਕਰਦੀ ਹੈ, "ਇਹ ਕੋਈ ਆਦਮੀ ਹੈ। ਇਹ ਤਾਂ 'ਡੰਗਰ' ਹੈ।" ਮੇਰੀਆਂ ਭੈਣਾਂ ਸਾਰਾ ਦਿਨ ਤੁਲਸੀ ਦੀਆਂ ਗੱਲਾ ਕਰ-ਕਰ ਹੱਸਦੀਆਂ ਰਹਿੰਦੀਆਂ ਹਨ।

"ਪਿੰਡ ਵਿੱਚ ਅਸੀਂ ਦਾਲ ਨਾਲ ਸਿਰ ਧੋਂਦੇ ਹਾਂ।" ਰਸੋਈ ਘਰ ਦੀ ਦੇਹਲੀ ਉਤੇ ਬੈਠਾ ਤੁਲਸੀ ਆਪਣੀ ਭਾਰੀ ਅਵਾਜ਼ ਵਿੱਚ ਕਹਿ ਰਿਹਾ ਹੈ। ਮੇਰੀਆਂ ਭੈਣਾਂ ਇਕ ਦੂਜੀ ਵਲ ਵੇਖ ਹੱਸ ਪੈਂਦੀਆਂ ਹਨ। ਫਿਰ ਵਿੱਦਿਆ ਚੁੱਪ ਕਰਕੇ ਉਠਦੀ ਹੈ, ਰਸੋਈ ਵਿਚੋਂ ਰਾਤ ਦੀ ਬੇਹੀ ਦਾਲ ਦਾ ਪਤੀਲਾ ਚੁੱਕ ਲਿਆਉਂਦੀ ਹੈ ਅਤੇ ਇਕਦਮ ਤੁਲਸੀ ਦੇ ਸਿਰ ਉਤੇ ਉਲਟਾ ਦਿੰਦੀ ਹੈ। 'ਧੋ ਸਿਰ ਤੁਲਸੀ।"

ਇੰਜ ਦਾਲ ਚਾਂਦੀ ਹੋਈ ਉਸ ਦੇ ਕੰਨਾਂ ਕੋਲ ਵਗਣ ਲਗਦੀ ਹੈ। "ਕੀ ਕਰਦੇ ਹੋ?" ਇਹ ਆਖਦਾ ਹੋਇਆ ਉਹ ਬੁੜਕਦਾ ਹੈ ਅਤੇ ਦੋਵੇਂ ਭੈਣਾ ਫਰਸ਼ ਉਤੇ ਹੱਸਦੀਆਂ ਲੋਟ ਪੋਟ ਹੋਣ ਲੱਗਦੀਆਂ ਹਨ।

ਤੁਲਸੀ ਨਾਲ ਜੁੜੇ ਕਈ ਦ੍ਰਿਸ਼ ਅੱਖਾਂ ਅਗੇ ਘੁੰਮਣ ਲਗਦੇ ਹਨ। ਤੁਲਸੀ ਸਾਹਮਣੇ ਵਾਲੀ ਗਲੀ ਵਿਚੋਂ ਭੱਜਦਾ ਹੋਇਆ ਆ ਰਿਹਾ ਹੈ, ਉਸ ਦੇ ਕੁੜਤੇ ਉਤੇ ਕਈ ਥਾਂ ਖ਼ੂਨ ਦੇ ਛਿੱਟੇ ਹਨ ਅਤੇ ਮੱਥੇ ਤੋਂ ਖ਼ੂਨ ਵਹਿ ਕੇ ਮੂੰਹ ਉਤੇ ਗਰਦਨ ਉਤੇ ਡਿਗ ਰਿਹਾ ਹੈ। ਉਹ ਅਜੇ ਗਲੀ ਦੇ ਸਿਰੇ ਤਕ ਵੀ ਨਹੀਂ ਪਹੁੰਚਿਆ ਕਿ ਇਕ ਹੋਰ ਪੱਥਰ ਉਸ ਦੀ ਪਿੱਠ ਉਤੇ ਆ ਲਗਦਾ ਹੈ। ਤੁਲਸੀ ਅਜੇ ਕੁਝ ਕੁ ਕਦਮ ਹੀ ਅਗੇ ਵਧਿਆ ਸੀ ਐਨੇ ਨੂੰ ਵਗਾਹ ਕੇ ਮਾਰੇ ਦੋ ਹੋਰ ਪੱਥਰ ਉਸ ਵਲ ਆਏ ਜਿਨ੍ਹਾਂ ਵਿਚੋਂ ਇਕ ਸਿੱਧਾ ਉਸ ਦੀ ਪਿੱਠ ਉੱਤੇ ਲਗਦਾ ਹੈ। ਇਕ ਦਮ ਤੁਲਸੀ ਦਾ ਹੱਥ ਪਿੱਠ ਉੱਤੇ ਗਿਆ। ਅਤੇ ਸਰੀਰ ਤਣ ਗਿਆ। ਤੁਲਸੀ ਜ਼ਮੀਨ ਤੋਂ ਇੱਕ ਦਮ ਪੱਥਰ ਉਠਾਉਂਦਾ ਹੈ, ਮੂੰਹ ਗਲੀ ਵੱਲ ਕਰਕੇ ਉਧਰ ਨੂੰ ਸੁਟਦਾ ਹੈ ਅਤੇ ਦੂਜਾ ਰੋੜਾ ਸੁਟਣ ਤੋਂ ਪਹਿਲਾਂ ਹੀ ਭੱਜਦਾ ਹੋਇਆ ਗਲੀ ਦੇ ਅੰਦਰ ਚਲਿਆ ਜਾਂਦਾ ਹੈ ਅਤੇ ਅੱਖਾਂ ਤੋਂ ਓਝਲ ਹੋ ਜਾਂਦਾ ਹੈ।

"ਇੱਥੇ ਰੋਜ਼ ਹੀ ਇਹੋ ਹਾਲ ਹੁੰਦੇ।" ਛੱਜੇ ਉਤੇ ਖੜੀ ਮੇਰੀ ਮਾਂ ਬੁੜ ਬੁੜ ਕਰਦੀ ਹੋਈ ਆਖਦੀ ਹੈ "ਇਹ ਤਾਂ ਪਾਗਲ ਹੈ, ਹਰ ਇਕ ਨਾਲ ਲੜ ਪੈਂਦਾ ਹੈ ਪਰ ਤੁਹਾਡੇ ਪਿਤਾ ਜੀ ਤੋਂ ਕੋਈ ਪੁੱਛੇ......।"

ਪਿਤਾ ਜੀ ਪਿੱਛੇ ਰਸੋਈ ਕੋਲ ਖੜੇ ਤੌਲੀਏ ਨਾਲ ਮੂੰਹ ਪੂੰਝ ਰਹੇ ਹਨ। "ਕੀ ਗੱਲ ਹੈ?" ਉਹ ਪੁੱਛਦੇ ਹਨ।

"ਵੇਖੋ ਜੀ, ਕੁਝ ਤਾਂ ਸੋਚਿਆ ਕਰੋ। ਆਲੇ-ਦੁਆਲੇ ਚਾਰੇ ਪਾਸੇ ਘਰ ਬਣ ਗਏ ਹਨ, ਤੁਲਸੀ ਜੰਗਲ-ਪਾਣੀ ਜਾਵੇ ਤਾਂ ਆਖਿਰ ਕਿੱਥੇ ਜਾਵੇ। ਰੋਜ਼ ਕੁਟ ਮਾਰ ਹੁੰਦੀ ਹੈ।"

"ਹੋਇਆ ਕੀ ਐ?"

"ਵੇਖੋ ਜੀ, ਤੁਲਸੀ ਜੰਗਲ-ਪਾਣੀ ਲਈ ਪਿਛਲੇ ਪਾਸੇ ਕਬਰਸਤਾਨ ਵਿੱਚ ਜਾਂਦਾ ਹੈ। ਹੈ, ਹਨੇਰੇ-ਸਵੇਰੇ ਨਾਲ ਜਾਂਦਾ ਹੈ ਤਾਂ ਰੋੜੇ ਮਾਰ ਮਾਰ ਉਥੋਂ ਉਠਾ ਦਿੰਦੇ ਨੇ। ਭਲਾ ਜਿੱਥੇ ਆਪਣੇ ਘਰ ਦੇ ਸਾਰੇ ਬੰਦੇ ਜਾਂਦੇ ਨੇ, ਉਥੇ ਇਹ ਵੀ ਜਾ ਆਇਆ ਕਰੇ ਤਾਂ ਹਰ ਰੋਜ਼ ਦਾ ਝਗੜਾ ਤਾਂ ਖਤਮ ਹੋਵੇ।"

"ਤੇ ਇਹ ਮੂੰਹ ਨ੍ਹੇਰੇ ਕਿਉਂ ਨਹੀਂ ਜਾਂਦਾ?" ਪਿਤਾ ਜੀ ਖਿੱਝ ਕੇ ਆਖਦੇ ਹਨ, "ਇਹ ਖਾਂਦਾ ਕਿਹੜਾ ਥੋੜ੍ਹੇ, ਅੱਠ ਅੱਠ ਰੋਟੀਆਂ ਖਾ ਜਾਂਦੈ। ਇਹ ਲੋਕ ਗੰਦੇ ਹੁੰਦੇ ਨੇ।" ਪਿਤਾ ਜੀ ਕਹਿੰਦੇ ਹਨ। ਪਿਤਾ ਜੀ ਨੂੰ ਤੁਲਸੀ ਦਾ ਘਰ ਵਾਲੀ ਟੱਟੀ ਵਿੱਚ ਜਾਣਾ ਬਹੁਤ ਬੁਰਾ ਲਗਦਾ ਹੈ। ਅਖੀਰ ਤੱਕ ਉਹ ਇਸ ਗੱਲ ਨੂੰ ਮੰਨਦੇ ਨਹੀਂ ਕਿ ਤੁਲਸੀ ਵੀ ਉਸੇ ਹੀ ਟੱਟੀ ਵਿੱਚ ਜੰਗਲ-ਪਾਣੀ ਜਾਵੇ ਜਿੱਥੇ ਘਰ ਦੇ ਹੋਰ ਮੈਂਬਰ ਜਾਂਦੇ ਹਨ।

0

ਛੱਤ ਉਤੇ ਖੇਡਦੇ ਖੇਡਦੇ ਅਸੀਂ ਤਿੰਨੋ ਰੁਕ ਗਏ ਅਤੇ ਪਹਾੜ ਵੱਲ ਵੇਖਣ ਲੱਗ ਪਏ। ਸਾਡੇ ਘਰ ਦੇ ਖੱਬੇ ਪਾਸੇ ਕੁਝ ਕੁ ਦੂਰੀ ਉੱਤੇ ਇਕ ਪਹਾੜ ਹੈ,ਜਿਹੜਾ ਕਦੇ ਨੀਲਾ ਅਤੇ ਹਲਕੇ ਲਾਲ ਰੰਗ ਵਰਗਾ ਲਗਦਾ ਹੈ। ਅੱਜ ਮੀਂਹ ਪੈ ਕੇ ਹਟਿਆ ਹੈ, ਇਸ ਕਰਕੇ ਪਹਾੜ ਬਹੁਤ ਸਾਫ਼ ਦਿਸਦਾ ਹੈ। ਉਸਦੀ ਹਰ ਚੀਜ਼ ਜਿਵੇਂ ਨਿੱਖਰ ਪਈ ਹੋਵੇ। ਦਰਖ਼ਤ ਵੱਖ ਵੱਖ ਵਿਖਾਈ ਦਿੰਦੇ ਹਨ ਅਤੇ ਵੱਡੀਆਂ ਵੱਡੀਆਂ ਚੱਟਾਨਾਂ ਵੀ ਸਾਫ਼ ਦਿਸਦੀਆਂ ਹਨ। ਉਸ ਪਾਸਿਓਂ ਹਜ਼ਾਰਾਂ ਕਾਂ ਉਡਕੇ ਸ਼ਹਿਰ ਵੱਲ ਆ ਰਹੇ ਹਨ। ਹਰ ਰੋਜ਼ ਇੰਜ ਹੀ ਹੁੰਦਾ ਹੈ। ਸਵੇਰ-ਸਾਰ ਉਡਦੇ ਉਡਦੇ ਇਧਰ ਆਉਂਦੇ ਹਨ ਅਤੇ ਸ਼ਾਮ ਹੁੰਦਿਆਂ ਹੀ ਮੁੜ ਪੈਂਦੇ ਹਨ। ਭਰਾ ਪੁਛਦਾ ਹੈ, "ਇਸ ਪਹਾੜ ਦੇ ਪਿੱਛੇ ਕੀ ਹੈ?" ਭਰਾ ਵੱਲ ਵੇਖਦਿਆਂ, ਮੈਂ ਆਖਦਾ ਹਾਂ, "ਇਸ ਪਹਾੜ ਦੇ ਪਿੱਛੇ ਕੁਝ ਵੀ ਨਹੀਂ।" ਮੈਂ ਕਲਪਣਾ ਵੀ ਨਹੀਂ ਕਰ ਸਕਦਾ ਕਿ ਇਸ ਪਹਾੜ ਦੇ ਪਿੱਛੇ ਕੁਝ ਹੋ ਸਕਦਾ ਹੈ। "ਪਹਾੜ ਦੇ ਪਿੱਛੇ ਵਲਾਇਤ ਹੈ।" ਭਰਾ ਨੇ ਦਸਿਆ। ਤੁਲਸੀ ਅਤੇ ਮੈਂ ਭਾਈ ਵੱਲ ਵੇਖਦੇ ਹਾਂ। ਇਸ ਮਗਰੋਂ ਫਿਰ ਤੁਲਸੀ ਸਿਰ ਹਿਲਾਕੇ, ਨਾ ਕਰਦਾ ਹੋਇਆ ਕਹਿੰਦਾ ਹੈ "ਨਹੀਂ ਜੀ, ਇਸ ਪਹਾੜ ਦੇ ਪਿੱਛੇ ਰੂਮਲੀ ਹੈ।"

"ਰੂਮਲੀ ਕੀ ਹੈ?"

"ਰੂਮਲੀ ਮੇਰਾ ਪਿੰਡ ਹੈ।" ਅਤੇ ਅਚਾਨਕ ਤੁਲਸੀ ਆਪਣੇ ਗੋਡਿਆ ਵਿਚ ਸਿਰ ਦੇਕੇ ਭੁਬਾਂ ਮਾਰਕੇ ਰੋਣ ਲੱਗ ਪੈਂਦਾ ਹੈ।

ਮੈਂ ਕਦੇ ਰੂਮਲੀ ਨੂੰ ਨਹੀਂ ਵੇਖਿਆ, ਪਰ ਤੁਲਸੀ ਦੇ ਚਾਚੇ ਨੂੰ ਵੇਖਿਆ ਹੈ, ਜਿਹੜਾ ਕਦੇ ਕਦੇ ਰੂਮਲੀ ਤੋਂ ਆਉਂਦਾ ਹੈ। ਤੁਲਸੀ ਦਾ ਚਾਚਾ ਲੰਮਾ ਅਤੇ ਪਤਲਾ ਹੈ ਪਰ ਉਸ ਦੀਆਂ ਮੁੱਛਾਂ ਲਾਲ ਰੰਗ ਦੀਆਂ ਹਨ। ਤੁਲਸੀ ਦੇ ਛੋਟੇ ਭਰਾ ਨੂੰ ਵੀ ਵੇਖਿਆ ਹੈ, ਉਹ ਵੀ ਕਦੇ ਕਦੇ ਰੂਮਲੀ ਤੋਂ ਏਥੇ ਆਉਂਦਾ ਹੈ। ਮੇਰੀਆਂ ਭੈਣਾਂ, ਉਸਦਾ ਵੀ ਮਖੌਲ ਉਡਾਉਂਦੀਆਂ ਅਤੇ ਉਸਦੀ ਕੋਈ ਨਾ ਕੋਈ ਚੀਜ਼ ਛੁਪਾ ਦਿੰਦੀਆਂ ਹਨ। ਰੂਮਲੀ ਤੋਂ ਹੋਰ ਕੋਈ ਨਹੀਂ ਆਉਂਦਾ, ਬੱਸ ਇਹ ਹੀ ਆਉਂਦੇ ਹਨ ਅਤੇ ਵਾਪਸ ਚਲੇ ਜਾਂਦੇ ਹਨ।

ਅਸੀਂ ਤਿੰਨੇ ਹੀ ਪੌੜੀਆਂ ਚੜ੍ਹ ਉਪਰ ਆਏ ਹਾਂ। ਰੰਗਸਾਜ਼ ਵਾਲੀ ਅਲਮਾਰੀ ਕੋਲ ਖੜੀਆਂ ਮੇਰੀਆਂ ਦੋਵੇ ਭੈਣਾਂ ਮੋਢੇ ਨਾਲ ਮੋਢਾ ਜੋੜੀ ਰੋ ਰਹੀਆਂ ਹਨ। ਬਾਕੀ ਸਾਰੇ ਘਰ ਵਿਚ ਚੁਪਚਾਪ ਹੈ, ਕਿਤੇ ਕੋਈ ਆਵਾਜ਼ ਨਹੀਂ, ਨਾ ਦੁੱਧ ਰਿੜਕਣ ਦੀ ਅਤੇ ਨਾ ਚਟਣੀ ਕੁੱਟਣ ਦੀ ਆਵਾਜ਼।

"ਕੀ ਹੋਇਐ?" ਮੇਰਾ ਭਰਾ ਛੋਟੀ ਭੈਣ ਤੋਂ ਪੁੱਛਦਾ ਹੈ। ਉਹ ਸਗੋਂ ਹੋਰ ਜ਼ੋਰ ਜ਼ੋਰ ਦੀ ਰੋਣ ਲੱਗ ਪੈਂਦੀ ਹੈ। ਪਰ ਮੇਰੀ ਵੱਡੀ ਭੈਣ, ਸਹਿਮੀ ਜਹੀ ਹੌਲੀ ਜਿਹੇ ਆਖਦੀ ਹੈ, "ਪਿਤਾ ਜੀ ਨੂੰ ਕਿਸੇ ਨੇ ਕੁੱਟਿਆ ਹੈ। ਉਨ੍ਹਾਂ ਦੀ ਉਂਗਲੀ ਤੋੜ ਦਿੱਤੀ।"

ਮੈਨੂੰ ਗੱਲ ਦ ਸਮਝ ਭਾਵੇਂ ਨਹੀਂ ਆਉਂਦੀ, ਪਰ ਮੇਰਾ ਦਿਲ ਧਕ-ਧਕ ਕਰਨ ਲੱਗ ਪਿਆ। ਤਿੰਨੇ ਜਣੇ ਬਿਨਾ ਖੜਕਾ ਕੀਤਿਆਂ ਪੁਰਾਣੇ ਕਮਰੇ 'ਚ ਚਲੇ ਜਾਂਦੇ ਹਾਂ। ਖਿੜਕੀਆਂ ਅੱਗੇ ਵਿਛੇ ਹੋਏ ਪਲੰਘ ਉਤੇ ਪਿਤਾ ਜੀ, ਆਪਣੀਆਂ ਟੰਗਾਂ ਲਟਕਾਈ ਬੈਠੇ ਹਨ, ਮਾਂ ਉਨ੍ਹਾਂ ਕੋਲ ਪਲੰਘ ਉਤੇ ਚੌਂਕੜੀ ਮਾਰੀ ਉਨ੍ਹਾਂ ਨੂੰ ਪੱਖੀ ਝੱਲ ਰਹੀ ਹੈ।

ਮੈਂ ਹੌਲੀ ਹੌਲੀ ਤੁਰਦਾ ਹੋਇਆ ਸਿੱਧਾ ਪਿਤਾ ਜੀ ਕੋਲ, ਉਨ੍ਹਾਂ ਦੇ ਸਾਹਮਣੇ ਜਾ ਖੜਾ ਹੁੰਦਾ ਹਾਂ। ਪਿਤਾ ਜੀ, ਅੱਖਾਂ ਚੁਕ ਮੇਰੇ ਵੱਲ ਵੇਖ ਥੋੜ੍ਹਾ ਕੁ ਮੁਸਕਰਾ ਪੈਂਦੇ ਹਨ। ਉਨ੍ਹਾਂ ਦੇ ਹੱਥ ਦੀ ਇਕ ਉਂਗਲੀ ਉੱਤੇ ਇਕ ਮੋਟੀ ਜਹੀ ਪੱਟੀ ਬੱਝੀ ਹੋਈ ਹੈ। ਮੈਂ ਉਂਗਲੀ ਵੱਲ ਵੇਖੀ ਜਾ ਰਿਹਾ ਹਾਂ। ਪਿਤਾ ਜੀ ਹੌਲੀ ਜਿਹੇ ਕਹਿੰਦੇ ਹਨ, 'ਮੇਰੇ ਸੱਟ ਲਗੀ ਹੈ।"

ਮੈਂ ਹੈਰਾਨ ਜਿਹਾ ਉਨ੍ਹਾਂ ਦੇ ਚਿਹਰੇ ਵੱਲ ਵੇਖੀ ਜਾ ਰਿਹਾ ਹਾਂ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਪਿਤਾ ਜੀ ਨੂੰ ਕਦੀ ਸੱਟ ਲੱਗ ਸਕਦੀ ਹੈ।

ਪਿਤਾ ਜੀ ਨੇ ਫੇਰ ਮੇਰੇ ਵੱਲ ਵੇਖਿਆ ਅਤੇ ਮੁਸਕਰਾ ਕੇ ਆਖਿਆ, "ਮੇਰੀ ਉਂਗਲੀ ਇਕ ਆਦਮੀ ਨੇ ਮਰੋੜ ਦਿੱਤੀ ਹੈ। ਉਹ ਮੇਰੇ ਨਾਲ ਲੜਨ ਲੱਗਿਆ ਤੇ ਮੇਰੀ ਉਂਗਲੀ ਮਰੋੜ ਦਿੱਤੀ।"

ਮੇਰੇ ਲਈ ਇਹ ਕਲਪਣਾ ਕਰਨਾ ਵੀ ਬਹੁਤ ਔਖਾ ਹੈ, ਕਿ ਕੋਈ ਮੇਰੇ ਪਿਤਾ ਜੀ ਦੀ ਵੀ ਉਂਗਲੀ ਮਰੋੜ ਸਕਦਾ ਹੈ। ਘਰ ਵਿਚ ਉਹ ਸਭ ਤੋਂ ਉੱਚੇ ਲੰਮੇ ਅਤੇ ਤਕੜੇ ਹਨ, ਅਤੇ ਸਦਾ ਡਾਂਟ ਭਰੀ ਆਵਾਜ਼ 'ਚ ਬੋਲਦੇ ਹਨ। ਪਿਤਾ ਜੀ ਨੇ ਉਸਨੂੰ ਡਾਂਟ ਕਿਉਂ ਨਾ ਦਿੱਤਾ? ਜਰਾ ਔਖੇ ਹੁੰਦੇ ਉਹ ਆਪਣੇ ਆਪ ਉਂਗਲੀ ਛੱਡ ਦਿੰਦਾ।

"ਕਿੱਥੇ ਬੈਠਦਾ ਹੈ ਇਹ ਛਾਬੜੀ ਵਾਲਾ?" ਮਾਂ ਨੇ ਪੁੱਛਿਆ।

"ਗੁਰੂ ਕੁਲ ਸਮਾਜ ਦੇ ਸਾਹਮਣੇ।"

"ਇਕ ਖੀਰਾ ਘੱਟ ਮਿਲ ਜਾਂਦਾ ਤਾਂ ਕੀ ਸੀ? ਕੀ ਫਰਕ ਪੈਣਾ ਸੀ? ਉਹ ਨਹੀਂ ਸੀ ਮੰਨਦਾ ਤਾਂ ਕਹਿਣਾ ਸੀ ਲੈ ਫੇਰ ਤੋਲ ਲੈ।" ਮਾਂ ਬੁੜਬੁੜਾਉਂਦੀ ਰਹੀ।

ਪਿਤਾ ਜੀ ਪਹਿਲਾਂ ਵਾਂਗ ਹੀ ਸਿਰ ਝੁਕਾਈ ਬੈਠੇ ਹਨ। ਉਨ੍ਹਾਂ ਦਾ ਚਿਹਰਾ ਪੀਲਾ ਹੋ ਗਿਆ ਹੈ ਮੈਂ ਡਰਿਆ ਡਰਿਆ ਆਪਣੇ ਪਿਤਾ ਦੇ ਚਿਹਰੇ ਵੱਲ ਵੇਖਦਾ ਹਾਂ, ਪਰ ਮੇਰਾ ਮਨ ਉਸ ਅਗਿਆਤ ਆਦਮੀ ਵਾਸਤੇ ਗੁੱਸੇ ਨਾਲ ਭਰ ਗਿਆ। ਦਿਲ ਵਿਚ ਆਉਂਦਾ ਹੈ ਕਿ ਭੱਜਕੇ ਜਾਵਾਂ ਅਤੇ ਉਸ ਆਦਮੀ ਨੂੰ ਕੁੱਟਾਂ ਉਸਨੂੰ ਉਸਦੇ ਵਾਲਾ ਤੋਂ ਫੜਕੇ ਖਿੱਚਾਂ, ਉਸਦੀ ਪੱਗ ਹੇਠਾਂ ਸੁੱਟ ਦੇਵਾਂ ਅਤੇ ਉਹ ਚੀਕਦਾ ਹੀ ਰਹਿ ਜਾਵੇ।

"ਗੋਲੀ ਲੈ ਆਵਾਂ?" ਝੁਕੀ ਹੋਈ ਮਾਂ ਅੱਗੇ ਵੱਧਕੇ ਪਿਤਾ ਜੀ ਤੋਂ ਪੁੱਛਦੀ ਹੈ। 'ਥੋੜ੍ਹੀ ਕੁ ਗੋਲੀ ਖਾ ਲਵੋ।" ਪਿਤਾ ਜੀ ਚੁੱਪ ਚਾਪ ਸਿਰ ਹਿਲਾ ਕੇ ਨਾਂਹ ਕਰਦੇ ਹਨ।

"ਤੁਲਸੀ ਕਿੱਥੇ ਹੈ?" ਮਾਂ ਇਹ ਪੁੱਛਦੀ ਹੋਈ ਅਚਾਨਕ ਹੀ ਘਬਰਾ ਉੱਠੀ ਹੈ, 'ਤੁਲਸੀ ਕਿੱਥੇ ਹੈ? ਤੁਸੀਂ ਉਸਨੂੰ ਕਿਧਰੇ ਭੇਜਿਆ ਹੈ ਜੀ?"

ਤੁਲਸੀ ਸਾਡੇ ਨਾਲ ਹੀ ਉੱਪਰ ਆਇਆ ਸੀ। ਪਰ ਹੁਣ ਉਹ ਕਮਰੇ ਵਿਚ ਨਹੀਂ।

"ਨਹੀਂ ਮੈਂ ਤਾਂ ਕਿਧਰੇ ਨਹੀਂ ਭੇਜਿਆ " ਪਿਤਾ ਜੀ ਸਿਰ ਹਿਲਾ ਕੇ ਆਖਦੇ ਹਨ।

"ਵਿੱਦਿਆ!" ਮਾਂ ਆਵਾਜ਼ ਦਿੰਦੀ ਹੈ।" ਜਾ, ਜਾ ਕੇ ਹੇਠਾਂ ਵੇਖ, ਤੁਲਸੀ ਕਿੱਥੇ ਹੈ, ਉਥੇ ਕਿਤੇ ਬੈਠਾ ਹੋਵੇਗਾ। ਉਸ ਨੂੰ ਕਿਤੇ ਜਾਣ ਨਾ ਦੇਈਂ।''

ਮਾਂ ਘਬਰਾ ਗਈ ਹੈ। ਮੇਰੀ ਵੱਡੀ ਭੈਣ ਭੱਜਦੀ ਹੋਈ ਹੇਠਾਂ ਚਲੀ ਗਈ। ਛੋਟੀ ਭੈਣ ਦੇਹਲੀ ਉੱਤੇ ਆ ਕੇ ਖੜੀ ਹੋ ਗਈ। ਉਹ ਅਜੇ ਵੀ ਹੌਲੀ ਹੌਲੀ ਰੋ ਰਹੀ ਹੈ।

"ਛੱਜੇ ਉਤੇ ਖੜਾ ਹੋਵੇਗਾ।" ਭਰਾ ਇੰਜ ਆਖਦਾ ਹੋਇਆ ਤੁਲਸੀ ਨੂੰ ਉਥੇ ਵੇਖਣ ਤੁਰ ਜਾਂਦਾ ਹੈ।

ਤੁਲਸੀ ਘਰ ਵਿਚ ਨਹੀਂ "ਮੇਰਾ ਦਿਲ ਧੜਕ ਰਿਹਾ ਹੈ। ਮਾਂ ਹੈਰਾਨ ਜਹੀ ਵਾਰ ਵਾਰ ਸਿਰ ਹਿਲਾਉਂਦੀ ਹੋਈ ਆਖਦੀ ਹੈ ਇਹ ਕੋਈ ਆਫਤ ਲੈਕੇ ਆਵੇਗਾ। ਵੇਖ ਵਿੱਦਿਆ, ਮੇਰਾ ਦਿਲ ਕਿਵੇਂ ਧੜਕ ਰਿਹਾ ਹੈ।' ਫਿਰ ਮਾਂ ਵਿੱਦਿਆ ਦਾ ਹੱਥ ਫੜਕੇ ਆਪਣੇ ਦਿਲ ਉਤੇ ਰਖਦੀ ਹੈ।

"ਵੇਖਿਆ?'"

"ਹਾਂ ਮਾਤਾ ਜੀ।"

ਵਿੱਦਿਆ ਹੱਥ ਉਠਾਉਂਦੀ ਹੈ ਤਾਂ ਮੈਂ ਮਾਂ ਦੇ ਦਿਲ ਉਤੇ ਹੱਥ ਰੱਖ ਦਿੰਦਾ ਹਾਂ, ਪਰ ਮੈਨੂੰ ਕਿਸੇ ਤਰ੍ਹਾਂ ਦੀ ਧੜਕਣ ਮਹਿਸੂਸ ਨਹੀਂ ਹੁੰਦੀ।

" ਜਾ ਖੇਡ, ਮੈਨੂੰ ਕੁਝ ਨਹੀਂ ਹੋਇਆ।'" ਪਿਤਾ ਜੀ ਮੈਨੂੰ ਆਖਦੇ ਹਨ ਅਤੇ ਨਾਲ ਹੀ ਮੇਰੇ ਭਾਈ ਭੈਣਾਂ ਨੂੰ ਵੀ ਪਿਆਰ ਤੇ ਲਾਡ ਨਾਲ ਬਾਹਰ ਭੇਜ ਦਿੰਦੇ ਹਨ।

ਸਾਰੇ ਘਰ ਵਿਚ ਮੁਰਦਨੀ ਛਾਈ ਹੋਈ ਹੈ। ਪਿਤਾ ਜੀ ਕਮਰੇ ਤੋਂ ਬਾਹਰ ਨਹੀਂ ਆਉਂਦੇ। ਬਾਹਰ ਆ ਕੇ ਮੈਂ ਪੰਡਤ ਜੀ ਦਾ ਕੰਮ ਕਰਨ ਲਈ ਬੈਠ ਜਾਂਦਾ ਹਾਂ ਅਤੇ ਮੁੜ ਮੁੜ

ਦਰਵਾਜੇ ਦੇ ਪਿੱਛੇ ਝਾਕਦਾ ਹੋਇਆ ਪਿਤਾ ਜੀ ਨੂੰ ਵੇਖਦਾ ਹਾਂ ਕਦੇ ਤਾਂ ਉਹ ਪਏ ਪਏ ਛੱਤ ਵੱਲ ਵੇਖਣ ਲਗਦੇ ਹਨ ਅਤੇ ਕਦੇ ਪੱਟੀ ਵਾਲਾ ਹੱਥ ਉਪਰ ਚੁੱਕ ਕੇ ਉਸਨੂੰ ਵੇਖਣ ਲੱਗ ਜਾਂਦੇ ਹਨ।

ਮਾਂ, ਬਾਹਰ ਆਕੇ ਦੁੱਧ ਰਿੜਕਣ ਲਈ ਬੈਠ ਗਈ ਹੈ। ਮੇਰੀਆ ਦੋਵੇਂ ਭੈਣਾਂ ਰਸੋਈ ਘਰ ਦੇ ਬਾਹਰ ਗੁੰਮਸੁੰਮ ਜਹੀਆਂ ਬੇਠੀਆਂ ਹਨ। ਹੁਣ ਧੁੱਪ ਕੁਝ ਤੇਜ਼ ਹੋ ਗਈ ਅਤੇ ਮੈਂ ਦਰਵਾਜ਼ੇ ਦੀ ਓਟ ਤੋਂ ਪਰ੍ਹਾਂ ਹਟਕੇ ਨਵੇਂ ਕਮਰੇ ਦੇ ਸਾਹਮਣੇ ਆ ਕੇ ਬੈਠ ਗਿਆ। ਲਗਦਾ ਇੰਜ ਹੈ ਜਿਵੇਂ ਪਿਤਾ ਜੀ ਸੌਂ ਗਏ ਹਨ।

"ਤੁਲਸੀ ਆਉਂਦਾ ਹੈ। ਔਹ ਤੁਲਸੀ ਆ ਰਿਹਾ ਹੈ।" ਕੁਝ ਕੁ ਚਿਰ ਮਗਰੋਂ ਭਰਾ ਛੱਜ ਵੱਲੋਂ ਭੱਜਦਾ ਹੋਇਆ ਆ ਕੇ ਕਹਿੰਦਾ ਹੈ।

ਮੈਂ ਆਪਣੀ ਫੱਟੀ ਸੁੱਟ ਛੱਜੇ ਵੱਲ ਭੱਜ ਪੈਂਦਾ ਹਾਂ। ਮੇਰੀਆਂ ਦੋਵੇ ਭੈਣਾਂ ਵੀ ਛੇਤੀ ਛੇਤੀ ਉਪਰ ਆਉਂਦੀਆ ਹਨ।

"ਵਿੱਦਿਆ ਬਿਮਲਾ-ਤੁਸੀਂ ਨਾ ਜਾਵੋ, ਆਓ ਏਧਰ ਬੈਠੋ।" ਮੇਰੀ ਮਾਂ ਨੇ ਮੇਰੀਆਂ ਭੈਣਾਂ ਨੂੰ ਰੋਕਿਆ। ਛੱਜੇ ਤੋਂ ਤੁਲਸੀ ਸਾਨੂੰ ਨਜ਼ਰ ਨਹੀਂ ਆਉਂਦਾ। ਅਸੀਂ ਦੋਵੇਂ ਭਰਾ ਭੱਜ ਕੇ ਅੰਦਰ ਆਉਂਦੇ ਹੋਏ ਪੌੜੀਆਂ ਵੱਲ ਝੁਕਦੇ ਹਾਂ। ਤੁਲਸੀ ਹੌਲੀ ਹੌਲੀ ਕੰਧ ਨੂੰ ਫੜਕੇ, ਪੌੜੀਆਂ ਚੜ੍ਹਦਾ ਹੈ। ਲਗਦਾ ਇੰਜ ਹੈ ਜਿਵੇਂ ਬੀਮਾਰ ਹੋਵੇ। ਤੁਲਸੀ ਦੇ ਹੱਥ ਵਿਚ ਦੋ ਖੀਰੇ ਹਨ।

ਉਪਰ ਆਕੇ ਤੁਲਸੀ ਚੁਪ-ਚਾਪ ਰਸੋਈ ਘਰ ਦੀ ਦੋਹਲੀ ਉਤੇ ਸਿਰ ਫੜਕੇ ਬੈਠ ਜਾਂਦਾ ਹੈ। ਤੁਲਸੀ ਦੀਆਂ ਅੱਖਾਂ ਸੁੱਜੀਆਂ ਹੋਈਆਂ ਹਨ ਅਤੇ ਮੱਥੇ ਉਤੇ ਇਕ ਮੋਟਾ ਜਿਹਾ ਗਮੜਾ ਹੋਇਆ ਹੈ। ਮੇਰੀ ਮਾਂ ਆਪਣੀ ਜੀਭ ਦੰਦਾਂ 'ਚ ਲੈ ਕ ਵਾਰ ਵਾਰ ਸਿਰ ਹਿਲਾਉਂਦੀ ਹੋਈ ਆਖਦੀ ਹੈ, "ਮੈਨੂੰ ਇਸ ਗੱਲ ਦਾ ਹੀ ਡਰ ਸੀ।" ਫਿਰ ਦੁੱਧ ਰਿੜਕਣ ਵਾਲੇ ਨੇਤਰੇ ਦੀਆਂ ਦੋਨੋ ਢੀਂਡੀਆਂ ਗੋਡਿਆਂ ਉਤੇ ਰੱਖਕੇ ਆਖਦੀ ਹੈ, ' ਤੈਨੂੰ ਉਥੇ ਜਾਣ ਵਾਸਤੇ ਕੀਹਨੇ ਕਿਹਾ ਸੀ? ਤੂੰ ਘਰੋਂ ਬਾਹਰ ਕਿਉਂ ਗਿਆ? "

ਤੁਲਸੀ ਅਜੇ ਵੀ ਦੋਨਾਂ ਹੱਥਾਂ 'ਚ ਸਿਰ ਫੜੀ, ਗੁੰਮਸੁੰਮ ਜਿਹਾ ਦੇਹਲੀ ਉਤੇ ਬੈਠਾ ਹੈ। ਉਸ ਨੂੰ ਇੰਜ ਬੈਠਿਆਂ ਵੇਖ ਮੇਰੀਆ ਦੋਨੋਂ ਭੈਣਾਂ ਹੱਸ ਪੈਂਦੀਆਂ ਹਨ। “ਵਿਚਾਰਾ ਛੋਟੀ ਭੈਣ ਹੌਲੀ ਜਿਹੇ ਕਹਿੰਦੀ ਹੋਈ, ਹਾਸਾ ਰੋਕਣ ਲਈ ਦੰਦਾਂ 'ਚ ਉਂਗਲੀ ਲੈ ਲੈਂਦੀ ਹੈ, “ਨੀ ਵਿੱਦਿਆ, ਚੁੱਪ ਕਰ, ਪਿਤਾ ਜੀ ਸੁਣ ਨਾ ਲੈਣ।" ਪਲ ਭਰ ਲਈ ਮੇਰੀਆ ਦੋਨੇ ਭੈਣਾਂ ਚੁੱਪ ਹੋ ਜਾਂਦੀਆਂ ਹਨ ਪਰ ਇਕ ਦਮ ਫਿਰ ਦੋਵੇਂ ਜਣੀਆਂ ਹੱਸਦੀਆਂ ਲੋਟ-ਪੋਟ ਹੁੰਦੀਆਂ ਇਕ ਦੂਜੇ ਉਤੇ ਡਿੱਗ ਪੈਂਦੀਆਂ ਹਨ।

ਸੁੱਜੀਆਂ ਹੋਈਆਂ ਅੱਖਾਂ ਉਤੋਂ ਹੱਥ ਚੁੱਕ ਕੇ, ਤੁਲਸੀ, ਭੈਣਾਂ ਵੱਲ ਵੇਖਦਾ ਹੋਇਆ ਇਕ ਦਮ ਬੋਲਦਾ ਹੈ "ਉਸਦੀ ਦੰਦਰਾਲ 'ਚੋਂ ਵੀ ਖੂਨ ਚਲਦੇ। ਉਹ ਤਿੰਨ ਸਨ, ਮੈਂ ਕੱਲਾ ਸੀ, ਮੈਂ ਜਾਣ ਸਾਰ ਉਸਦੀ ਹਿੱਕ 'ਚ ਟੱਕਰ ਮਾਰੀ, ਬਾਂਹ ਉਤੇ ਅਜਿਹੀ ਬੁਰਕੀ ਵੱਢੀ ਕਿ ਯਾਦ ਰੱਖੇਗਾ। ਮੈਂ ਤਾਂ ਉਸਦੀ ਉਂਗਲੀ ਵੀ ਮਰੋੜ ਕੇ ਆਇਆ ਹਾਂ।"

ਮੇਰੀਆਂ ਭੈਣਾਂ ਹੁਣ ਚੁੱਪ ਹਨ। ਮੈਂ ਅੰਦਰੋਂ ਅੰਦਰੀ ਖੁਸ਼ ਹਾਂ, ਕਿਉਂਕਿ ਉਹ ਪਿਤਾ ਜੀ ਦੀ ਉਂਗਲੀ ਮਰੋੜਨ ਵਾਲੇ ਤੋਂ ਬਦਲਾ ਲੈਕੇ ਆਇਆ ਹੈ।

“ਮੈਂ ਉਸਦੇ ਦੋ ਖੀਰੇ ਵੀ ਚੁੱਕ ਲੈ ਆਇਆ ਹਾਂ।" ਉਹ ਮੇਰੀਆਂ ਭੈਣਾ ਵੱਲ ਮੂੰਹ ਕਰਕੇ ਕਹਿੰਦਾ ਹੈ, ‘ਪਹਿਲਾਂ ਮੈਂ ਚਾਰ ਖੀਰੇ ਚੁੱਕੇ, ਫਿਰ ਜਦ ਉਹ ਮੇਰੇ ਪਿੱਛੇ ਭੇਜਿਆ ਤਾਂ ਮੈਂ ਦੋ ਖੀਰੇ ਨਾਲੀ 'ਚ ਸੁਟ ਦਿੱਤੇ।" ਤੁਲਸੀ ਦੇ ਬੁੱਲ੍ਹਾਂ ਉਤੇ ਨਿੱਕੀ ਜਹੀ ਮੁਸਕਾਨ ਆਈ। "ਜੇ ਕਦੇ ਫਿਰ ਫਿਰ ਉਸਨੇ ਪਿਤਾ ਜੀ ਦੀ ਉਂਗਲੀ ਮਰੋੜੀ ਤਾਂ ਮੈਂ ਉਸਦਾ ਕੰਨ ਕੱਟ ਲਵਾਂਗਾ।”

“ਬੱਸ ਬੱਸ, ਚੱਪ ਕਰ ਤੂੰ ਤਾਂ ਪਸ਼ੂ ਹੈਂ।" ਮਾਂ ਆਖਦੀ ਹੈ। “ਉੱਠ, ਵਿੱਦਿਆ ਚੁੱਲੇ ਤੋਂ ਗੋਈ ਲਾਹ ਲੈ ਅਤੇ ਕੌਲੀ 'ਚ ਪਾ ਕੇ ਤੁਲਸੀ ਨੂੰ ਦੇਦੇ।”

“ਪਰ ਮਾਤਾ ਜੀ ਉਹ ਤਾਂ ਪਿਤਾ ਜੀ ਵਾਸਤੇ ਹੈ।" "ਕੋਈ ਗੱਲ ਨਹੀਂ, ਅੱਧੀ ਕੁ ਇਸ ਨੂੰ ਕੌਲੀ 'ਚ ਪਾਕੇ ਦੇਂਦੇ।" ਹੁਣ ਤੁਲਸੀ ਮੇਰੀਆਂ ਨਜ਼ਰਾਂ ਵਿਚ ਹੀਰੋ ਹੈ। ਉਹ ਮੈਨੂੰ ਬਹੁਤ

ਬਹਾਦਰ ਲੱਗਣ ਲੱਗ ਪਿਆ। ਉਹ ਪਿਤਾ ਦੇ ਦੁਸ਼ਮਣ ਨੂੰ ਕੁੱਟਕੇ ਹੀ ਨਹੀਂ ਆਇਆ, ਸਗੋਂ ਉਸ ਦੇ ਖੀਰੇ ਵੀ ਚੁੱਕ ਲੈ ਆਇਆ ਹੈ।

ਮੇਰੀ ਮਾਂ ਦੋਵੇਂ ਖੀਰੇ ਲੈ ਕੇ ਪਿਤਾ ਜੀ ਨੂੰ ਵਿਖਾਉਣ ਪੁਰਾਣੇ ਕਮਰੇ ਵੱਲ ਤੁਰ ਗਈ। ਪਰ ਦਰਵਾਜ਼ੇ ਵਿਚੋਂ ਅੰਦਰ ਵੇਖਕੇ ਹੀ ਵਾਪਸ ਆ ਗਈ। ਹੁਣ ਘਰ ਦਾ ਮਾਹੌਲ ਕੁਝ ਕੁ ਸੁਖਾਵਾਂ ਸੀ।

ਕੁਝ ਦੇਰ ਮਗਰੋਂ ਤੁਲਸੀ ਸਾਨੂੰ ਦੋਹਾਂ, ਭਰਾਵਾਂ ਨੂੰ ਲੜਾਈ ਦੇ ਦਾਅ-ਪੇਚ ਸਮਝਾ ਰਿਹਾ ਹੈ, “ਸਭ ਤੋਂ ਪਹਿਲਾਂ ਇਕ-ਦਮ ਛਾਤੀ ਵਿਚ ਟੱਕਰ ਮਾਰੋ, ਫਿਰ ਉਸ ਨਾਲ ਪੂਰੀ ਤਰ੍ਹਾਂ ਚਿਪਕ ਜਾਵੋ। ਦੁਸ਼ਮਣ ਕੁਝ ਨਹੀਂ ਕਰ ਸਕਦਾ। ਉਸਨੂੰ ਵਾਲਾਂ ਤੋਂ ਨਾ ਫੜੋ ਨਹੀਂ ਤਾਂ ਉਹ ਤੁਹਾਨੂੰ ਤੁਹਾਡੇ ਬੋਦੇ ਤੋਂ ਫੜ ਲਵੇਗਾ। ਫਿਰ ਦੱਸਾਂ ਕੀ ਕਰਨਾ ਚਾਹੀਦੈ? ਸਭ ਤੋਂ ਪਹਿਲਾਂ ਟੱਕਰ ਮਾਰੋ, ਸਿੱਧੀ ਉਸਦੀ ਛਾਤੀ ਵਿਚ ਟੱਕਰ ਮਾਰੋ ਅਤੇ ਉਸਦੀ ਬਾਂਹ ਉਤੇ ਦੰਦੀ ਵੱਢ ਲਵੋ ਦੁਸ਼ਮਣ ਕੁਝ ਨਹੀਂ ਕਰ ਸਕਦਾ।"

ਮੇਰਾ ਵੱਡਾ ਭਰਾ ਸਿਰ ਹਿਲਾਕੇ ਹੁੰਗਾਰਾ ਭਰਦਾ ਹੋਇਆ ਆਖਦਾ ਹੈ, "ਰਾਜਪੂਤ ਇਸੇ ਤਰ੍ਹਾਂ ਲੜਦੇ ਹੁੰਦੇ ਸਨ, ਪਰ ਉਨਾਂ ਕੋਲ ਤਾਂ ਤਲਵਾਰ ਅਤੇ ਢਾਲ ਵੀ ਹੁੰਦੀ ਸੀ।" ਮੇਰੇ ਭਰਾ ਕੋਲ 'ਰਾਜਪੂਤ ਜੀਵਨ ਸੰਧਿਆ' ਨਾਂ ਦੀ ਕਿਤਾਬ ਹੈ। ਉਸ ਵਿਚੋਂ ਉਸਨੇ ਬਹੁਤ ਕੁਝ ਪੜ੍ਹਿਆ ਹੈ "ਪਰ ਉਹ ਪਿੱਠ ਪਿਛਿਓਂ ਕਦੇ ਨਹੀਂ ਮਾਰਦੇ ਸਨ। ਜੇਕਰ ਦੁਸ਼ਮਣ ਡਿੱਗ ਪਵੇ ਤਾਂ ਵੀ ਮਾਰਦੇ ਨਹੀਂ ਸਨ।”

ਤੁਲਸੀ ਪੁੱਛਦਾ ਹੈ, ‘ਕੀ ਉਹ ਸਿਰ ਨਾਲ ਟੱਕਰ ਮਾਰਦੇ ਸਨ?”

"ਮੈਨੂੰ ਪਤਾ ਨਹੀਂ।”

ਮੇਰਾ ਭਰਾ ਕਾਫੀ ਦੇਰ ਤੱਕ ਤੁਲਸੀ ਦੇ ਮੂੰਹ ਵੱਲ ਵੇਖਦਾ ਹੋਇਆ ਕਹਿੰਦਾ ਹੈ, “ਇਹ ਕਿਤਾਬ ਵਿਚ ਨਹੀਂ ਲਿਖਿਐ?"

"ਜ਼ਰੂਰ ਟੱਕਰ ਮਾਰਦੇ ਹੋਣਗੇ।" ਤੁਲਸੀ ਜ਼ੋਰ ਨਾਲ ਆਖਦਾ ਹੈ "ਕੀ ਉਨ੍ਹਾਂ ਦੇ ਸਿਰ ਉੱਤੇ ਵਾਲ ਹੁੰਦੇ ਸਨ?"

"ਮੈਨੂੰ ਤਾਂ ਪਤਾ ਨਹੀਂ।" ਭਰਾ ਮੁੜ ਤੁਲਸੀ ਵੱਲ ਵੇਖਕੇ ਕਹਿੰਦਾ ਹੈ "ਕਿਤਾਬ ਵਿਚ ਤਾਂ ਇਹ ਲਿਖਿਆ ਨਹੀਂ।"

ਹੇਠਾਂ ਦਰਵਾਜ਼ਾ ਖੜਕਣ ਦੀ ਆਵਾਜ਼ ਆਉਂਦੀ ਹੈ। ਵਿਦਿਆ ਵੱਡੇ ਭਰਾ ਵੱਲ ਵੇਖ ਕੇ ਕਹਿੰਦੀ ਹੈ "ਜਾਓ ਤੁਹਾਡੇ ਪੰਡਤ ਜੀ ਆਏ ਹਨ।" "ਜਾ ਤੁਲਸੀ, ਤੂੰ ਦਰਵਾਜ਼ਾ ਖੋਲ੍ਹਦੇ।"

'ਬੈਠਾ ਰਹਿਣ ਦੇ ਤੁਲਸੀ ਨੂੰ," ਮਾਂ ਵਿਚੋਂ ਬੋਲ ਪੈਂਦੀ ਹੈ 'ਉੱਠ ਬਲਦੇਵ, ਜਾਓ ਹੇਠਾਂ ਦਫ਼ਤਰ ਵਿਚ ਜਾ ਕੇ ਪੜ੍ਹੋ।"

ਮੈਂ ਬਹਾਨਾ ਕਰਨ ਲਈ ਇਹ ਆਖਣਾ ਹੀ ਚਾਹੁੰਦਾ ਹਾਂ ਕਿ ਮੇਰੇ ਢਿੱਡ 'ਚ ਦਰਦ ਹੈ, ਪਰ ਜਾਣਦਾ ਹਾਂ ਕਿ ਇਸ ਬਹਾਨੇ ਨੂੰ ਮਾਂ ਮੰਨੇਗੀ ਨਹੀਂ, ਦੋਵੇਂ ਭੈਣਾਂ ਵੀ ਹੱਸਣਗੀਆਂ, ਇਸ ਲਈ ਮੈਂ ਚੁੱਪਚਾਪ ਉਠ ਕੇ ਭਾਈ ਦੇ ਪਿੱਛੇ ਹੋ ਤੁਰਦਾ ਹਾਂ। ਅਸੀਂ ਦੋਨੋਂ ਭਰਾ ਦਰੀ ਉਤੇ ਬੈਠ ਗਏ ਹਾਂ, ਪੰਡਤ ਜੀ ਸਾਡੇ ਸਾਹਮਣੇ ਕੁਰਸੀ ਉਤੇ ਬੈਠ ਗਏ ਅਤੇ ਉਨ੍ਹਾਂ ਨੇ ਇਕ ਟੰਗ ਕੁਰਸੀ ਦੀ ਬਾਂਹ ਉਤੇ ਰੱਖ ਲਈ। ਮੇਰੀਆਂ ਅੱਖਾਂ ਪੰਡਤ ਜੀ ਦੇ ਪਤਲੇ ਥਿਰਕਦੇ ਬੁਲ੍ਹਾਂ ਤੇ ਜਾ ਟਿਕਦੀਆਂ ਹਨ, ਇਨ੍ਹਾਂ ਬੁਲ੍ਹਾਂ ਪਿੱਛੇ ਕਦੇ ਕਦੇ ਉਨ੍ਹਾਂ ਦੇ ਛੋਟੇ ਛੋਟੇ ਘਸੇ ਅਤੇ ਕੁਤਰੇ ਹੋਏ ਦੰਦ ਦਿਸ ਜਾਂਦੇ ਹਨ। ਪੰਡਤ ਜੀ ਗੱਲ ਕਰਨ ਲੱਗਿਆਂ, ਬੁੱਲ੍ਹਾਂ ਨੂੰ ਅੱਗੇ ਵਧਾ ਲੈਂਦੇ ਹਨ। ਪੜ੍ਹਾਉਣ ਸਮੇਂ ਉਹ ਆਪਣੇ ਸਿਰ ਤੋਂ ਪੱਗ ਉਤਾਰ ਦਿੰਦੇ ਹਨ, ਜਿਸ ਨਾਲ ਉਹ ਬਹੁਤ ਛੋਟੇ ਜਿਹੇ ਲੱਗਣ ਲਗਦੇ ਹਨ।

"ਮੈਨੂੰ, ਕੁਲ ਮਿਲਾ ਕੇ ਗਿਆਰਾਂ ਰੁਪਏ ਤਨਖਾਹ ਮਿਲਦੀ ਹੈ।"

ਹਰ ਦੂਜੇ ਤੀਜੇ ਦਿਨ ਪੰਡਤ ਜੀ ਇਸ ਫ਼ਿਕਰੇ ਨੂੰ ਦੁਹਰਾ ਦਿੰਦੇ ਹਨ।

"ਸ਼ਲੋਕ ਯਾਦ ਕੀਤਾ ਹੈ?" ਪੰਡਤ ਜੀ ਮੇਰੇ ਭਰਾ ਤੋਂ ਪੁੱਛਦੇ ਹਨ।

"ਮਾਂ ਭ੍ਰਾਤਾ ਭਰਾਤਰਅਮ ਦ੍ਵਿਸ਼ਨ, ਮਾਂ ਸ੍ਵਾਰਮੁਤ ਸ੍ਵਸਾ...." ਬਲਦੇਵ ਝਟ ਸੁਣਾ ਦਿੰਦਾ ਹੈ।

"ਕੀ ਅਰਥ ਹੈ ਇਸਦਾ?"

"ਭਾਈ ਭਾਈ ਨਾਲ ਈਰਖਾ ਨਾ ਕਰੇ, ਭੈਣ ਭੈਣ ਨਾਲ ਈਰਖਾ ਨਾ ਕਰੇ...'

"ਸ਼ਾਬਾਸ਼! ਕੀ ਤੁਸੀਂ ਦੋਨੋਂ ਭਰਾ ਇਕੋ ਥਾਲੀ ਵਿਚ ਰੋਟੀ ਖਾਂਦੇ ਹੋ?"

"ਜੀ।" ਭਰਾ ਕਹਿੰਦਾ ਹੈ

"ਇਕੋ ਮੰਜੇ ਉਤੇ ਸੌਂਦੇ ਹੋ?"

"ਜੀ!"

"ਮਿਲ ਕੇ ਖੇਡਦੇ ਹੋ?"

'ਹਾਂ ਜੀ!"

"ਅਤੇ ਤੁਰਦੇ ਕਿਵੇਂ ਹੋ? ਨਾਲ ਨਾਲ ਜਾਂ ਅੱਗੇ ਪਿੱਛੇ?"

ਇਹ ਪ੍ਰਸ਼ਨ ਮੇਰੇ ਵੱਡੇ ਭਰਾ ਨੂੰ ਸਮਝ ਨਾ ਪਿਆ। ਮੈਨੂੰ ਵੀ ਸਮਝ ਨਹੀਂ ਸੀ ਪਿਆ। ਪੰਡਤ ਜੀ ਮੇਰੇ ਵੱਡੇ ਭਰਾ ਨੂੰ ਦਸਦੇ ਹਨ, "ਤੂੰ ਅੱਗੇ ਤੁਰਿਆ ਕਰ, ਤੇਰਾ ਛੋਟਾ ਭਾਈ ਪਿੱਛੇ ਪਿੱਛੇ ਤੁਰਿਆ ਕਰੇਗਾ। ਰਾਮ-ਲਛਮਣ ਵੀ ਇੰਜ ਹੀ ਤੁਰਿਆ ਕਰਦੇ ਸਨ।"

"ਇਹ ਤਾਂ ਮੈਨੂੰ ਚੂੰਢੀਆਂ ਵੱਢਦਾ ਹੈ।" ਮੇਰਾ ਵੱਡਾ ਭਰਾ ਪੰਡਤ ਜੀ ਅੱਗੇ ਮੇਰੀ ਸ਼ਿਕਾਇਤ ਲਾਉਂਦਾ ਹੈ।

ਪੰਡਤ ਜੀ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਮੇਰੇ ਉਤੇ ਟਿਕ ਗਈਆਂ।

"ਤੂੰ ਵੱਡੇ ਭਰਾ ਨੂੰ ਚੂੰਡੀਆਂ ਵੱਢਦੈਂ।"

ਮੈਂ ਚੁੱਪ ਰਹਿੰਦਾ ਹਾਂ।

"ਤੇਰਾ ਛੋਟਾ ਭਰਾ ਬੜਾ ਦੁਸ਼ਟ ਹੈ, ਇਸੇ ਕਾਰਣ ਮਾੜਚੂ ਹੈ। ਚੰਗੇ ਚਾਲ-ਚਲਣ ਵਾਲੇ ਤੰਦਰੁਸਤ ਹੁੰਦੇ ਹਨ।" ਇੰਜ ਆਖਦੇ ਹੋਏ ਪੰਡਤ ਜੀ ਕੰਧ ਉਤੇ ਲੱਗੀ ਇਕ ਸੂਚੀ ਵੱਲ ਇਸ਼ਾਰਾ ਕਰਦੇ ਹੋਏ ਮੇਰੇ ਵੱਡੇ ਭਰਾ ਨੂੰ ਆਖਦੇ ਹਨ "ਇਸ ਨੂੰ ਪੜ੍ਹ।"

ਹਰ ਤੀਜੇ ਚੌਥੇ ਦਿਨ ਪੰਡਤ ਜੀ ਇਹ ਸੂਚੀ ਮੇਰੇ ਵੱਡੇ ਭਰਾ ਤੋਂ ਪੜ੍ਹਾਉਂਦੇ ਹਨ। ਸਾਨੂੰ ਦੋਵਾਂ ਨੂੰ ਇਹ ਸੂਚੀ ਜ਼ਬਾਨੀ ਯਾਦ ਹੈ।

"ਸਾਦਗੀ ਜ਼ਿੰਦਗੀ, ਸਜਾਵਟ ਮੌਤ ਹੈ।"

"ਕੀ ਮਤਲਬ?"

"ਮਤਲਬ ਇਹ ਹੈ ਕਿ ਸਿਰ ਉਤੇ ਵਾਲ ਨਹੀਂ ਰੱਖਣੇ ਚਾਹੀਦੇ।" ਭਰਾ ਤੋਤੇ ਵਾਂਗ ਰਟੀ ਰਟਾਈ ਗੱਲ ਕਹਿਣ ਲਗਦਾ ਹੈ, "ਮੁੱਛਾਂ ਮਨਾਉਣੀਆਂ ਨਹੀਂ ਚਾਹੀਦੀਆਂ। ਅੱਜ ਕੱਲ ਲੋਕ ਮੁੱਛਾਂ ਮੁਨਾ ਦਿੰਦੇ ਹਨ, ਸਿਰ ਉਤੇ ਲੰਮੇ ਲੰਮੇ ਵਾਲ ਰੱਖਦੇ ਹਨ। ਇਹ ਮੌਤ ਹੈ," ਭਰਾ ਨੂੰ ਪੰਡਤ ਜੀ ਦੇ ਦੱਸੇ ਉੱਤਰ ਜ਼ਬਾਨੀ ਜੋ ਯਾਦ ਹਨ।

"ਅੱਗੇ ਪੜ੍ਹੋ। '

"ਸਦਾਚਾਰ ਜੀਵਨ, ਦੁਰਾਚਾਰ ਮੌਤ ਹੈ।"

"ਕੀ ਮਤਲਬ?"

ਇੰਨੇ ਨੂੰ ਹਮੇਸ਼ਾ ਵਾਂਗ ਤੁਲਸੀ ਚੁਪ ਚਾਪ ਆ ਕੇ ਦੇਹਲੀ ਉਤੇ ਬੈਠ ਗਿਆ। ਸਾਡੀਆਂ ਤਿੰਨਾਂ ਦੀਆਂ ਅੱਖਾਂ, ਪੰਡਤ ਜੀ ਵੱਲ ਹਨ : ਇਸ ਦਾ ਮਤਲਬ ਇਹ ਹੋਇਆ ਕਿ ਇਸਤਰੀਆਂ ਦੇ ਪੈਰਾਂ ਵੱਲ ਵੇਖਣਾ ਚਾਹੀਦਾ ਹੈ, ਉਨ੍ਹਾਂ ਦੇ ਮੂੰਹਾਂ ਵਲ ਨਹੀਂ ਵੇਖਣਾ ਚਾਹੀਦਾ।"

"ਦੁਰਾਚਾਰ ਕੀ ਹੁੰਦਾ ਹੈ?"

"ਲਿੰਗ ਨੂੰ ਹੱਥ ਲਾਉਣਾ ਦੁਰਾਚਾਰ ਹੈ, ਗਾਲ੍ਹ ਕੱਢਣਾ ਵੀ ਦੁਰਾਚਾਰ ਹੈ।"

ਮੇਰਾ ਭਰਾ ਕਹਿੰਦਾ ਹੈ, ਪਰ ਪੰਡਤ ਜੀ ਮੇਰਾ ਛੋਰਾ ਭਰਾ ਵੀ ਕਦੇ ਕਦੇ ਲਿੰਗ ਨੂੰ ਹੱਥ ਲਾ ਲੈਂਦਾ ਹੈ।"

ਪੰਡਤ ਜੀ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ ਅਤੇ ਉਹ ਮੇਰੇ ਮੂੰਹ ਵੱਲ ਘੂਰ ਕੇ ਵੇਖਦੇ ਹਨ, ਉਹ ਬਹੁਤ ਹੌਲੀ ਆਵਾਜ਼ 'ਚ ਮੈਨੂੰ ਪੁੱਛਦੇ ਹਨ :

"ਕੀ ਤੂੰ ਸੱਚ-ਮੁੱਚ ਪਿਸ਼ਾਬ ਵਾਲੀ ਥਾਂ ਨੂੰ ਹੱਥ ਲਾਉਂਦਾ ਹੈ?'"

"ਜੀ," ਮੈਂ ਆਪਣਾ ਸਿਰ ਹਿਲਾ ਕੇ ਹਾਂ ਕਰਦਾਂ ਹਾਂ।

"ਮੈਂ ਤਾਂ ਉਹਨੂੰ ਲੰਮਾ ਵੀ ਕਰ ਸਕਦਾ ਹਾਂ।"

ਪੰਡਤ ਜੀ ਅਚਾਨਕ ਆਪਣੀ ਟੰਗ ਕੁਰਸੀ ਤੋਂ ਹੇਠਾਂ ਕਰਕੇ ਤਾੜ ਦੇ ਕੇ ਮੇਰੇ ਮੂੰਹ ਉਤੇ ਥੱਪੜ ਮਾਰਦੇ ਹਨ, ਜਿਸ ਨਾਲ ਮੇਰਾ ਸਿਰ ਘੁੰਮ ਜਾਂਦਾ ਹੈ।

"ਪਾਪੀ, ਬਦਮਾਸ਼! ਇਹ ਮੁੰਡਾ ਬਹੁਤ ਭੈੜਾ ਹੈ?"

ਮੈਨੂੰ ਹੁਣ ਵੀ ਕੁਝ ਨਹੀਂ ਸੁੱਝ ਰਿਹਾ। ਲਗਦਾ ਹੈ ਜਿਵੇਂ ਆਲੇ ਦੁਆਲੇ ਦੀਆਂ ਸਾਰੀਆਂ ਚੀਜ਼ਾਂ ਟੇਢੀਆਂ ਹੋ ਕੇ ਹਿੱਲਣ ਲੱਗ ਪਈਆਂ ਹੋਣ।

"ਇਹ ਬਹੁਤ ਬੁਰਾ ਕੰਮ ਹੈ। ਇਸ ਨਾਲ ਪਿਸ਼ਾਬ ਵਾਲੀ ਥਾਂ ਉਤੇ ਕੀੜੇ ਪੈ ਜਾਂਦੇ ਹਨ, ਅਤੇ ਹੱਥਾਂ ਵਿਚ ਵੀ ਕੀੜੇ ਪੈ ਜਾਂਦੇ ਹਨ। ਸਮਝਿਆ?"

ਮੇਰੀ ਸਮਝ ਵਿਚ ਕੁਝ ਨਹੀਂ ਪੈਂਦਾ, ਮੈਂ ਡਰ ਗਿਆ ਅਤੇ ਪੰਡਤ ਜੀ ਦੀਆਂ ਛੋਟੀਆਂ ਛੋਟੀਆਂ ਤਿੱਖੀਆਂ ਅੱਖਾਂ ਵੱਲ ਵੇਖੀ ਜਾ ਰਿਹਾ ਹਾਂ। ਗੱਲ੍ਹ ਉਤੇ ਲੱਗੇ ਥੱਪੜ ਦਾ ਦਰਦ ਕੁਝ ਘੱਟ ਗਿਆ ਹੈ। ਪੰਡਤ ਜੀ ਦੀਆਂ ਗੁਸੈਲੀਆਂ ਅੱਖਾਂ ਨੂੰ ਵੇਖ ਕੇ ਮੈਂ ਸਹਿਮ ਜਿਹਾ ਗਿਆ ਹਾਂ, ਉਵੇਂ ਹੀ ਜਿਵੇਂ ਪਿਤਾ ਜੀ ਦੇ ਡਾਂਟਣ ਤੋਂ ਬਾਦ ਸਹਿਮ ਜਾਂਦਾ ਹਾਂ।

"ਕਿਤਾਬ ਖੋਲ੍ਹ " ਪੰਡਤ ਜੀ ਮੇਰੇ ਭਰਾ ਨੂੰ ਆਖਦੇ ਹਨ। ਭਾਈ, ਬਸਤੇ ਵਿਚੋਂ ਕਿਤਾਬ ਕੱਢ ਕੇ ਪੜ੍ਹਨ ਲਗਦਾ ਹੈ।

''ਸੁਤਅਮ ਪਤੰਨਤੋ ਪ੍ਰਸਮੀਕਸ਼ਯ ਪਾਵਕੇ

ਨ ਬੋ'ਧਇਆਮਾਸ ਪਨਤਿ ਪਤਿਵ੍ਰਤਾ...'

ਤੁਲਸੀ ਅਜੇ ਵੀ ਬੜੀ ਇਕਾਗਰਤਾ ਨਾਲ ਗੋਡਿਆਂ ਉਤੇ ਠੋਡੀ ਰੱਖੀ ਸੁਣੀ ਜਾਂਦਾ ਹੈ ਅਤੇ ਬੁਲ੍ਹਾਂ ਵਿਚਕਾਰ ਗੁਣਗੁਣਾਉਂਦਾ ਹੈ।

"ਹੁਣ ਅਰਥ ਕਰੋ।" ਪੰਡਤ ਜੀ ਆਖਦੇ ਹਨ ਅਤੇ ਦੂਜੇ ਪਾਸੇ ਤੁਲਸੀ ਵੱਲ ਵੇਖਕੇ ਕਹਿੰਦੇ ਹਨ।

"ਕਿਉਂ ਬਈ ਤੁਲਸੀ ਅਜੇ ਤੱਕ ਲੱਸੀ ਨਹੀਂ ਲਿਆਇਆ? ਜਦੋਂ ਪੰਡਤ ਜੀ ਲੱਸੀ ਪੀਂਦੇ ਹਨ ਤਾਂ ਪੜ੍ਹਨਾ ਥੋੜ੍ਹੀ ਦੇਰ ਵਾਸਤੇ ਰੁਕ ਜਾਂਦਾ ਹੈ ਅਤੇ ਇਸ ਨਾਲ ਮੈਨੂੰ ਬੜਾ ਸੁਖ ਮਿਲਦਾ ਹੈ। ਮੇਰਾ ਭਰਾ ਸ਼ਲੋਕ ਦਾ ਅਰਥ ਕਰਨ ਲੱਗ ਪਿਆ ਹੈ ਪਰ ਮੈਂ ਤਾਂ ਅਜੇ ਵੀ ਪੰਡਤ ਜੀ ਵੱਲ ਵੇਖੀ ਜਾ ਰਿਹਾ ਹਾਂ। ਜੇਕਰ ਮਾਂ ਅੱਜ ਪੰਡਤ ਜੀ ਨੂੰ ਡਾਂਟ ਦੇਵੇ ਲੱਸੀ ਨਾ ਭੇਜੇ ਤਾਂ ਮਜ਼ਾ ਆ ਜਾਵੇ, ਮੈਂ ਮਨ ਹੀ ਮਨ ਸੋਚਦਾ ਹਾਂ।

“ਪੁੱਤ ਨੂੰ......ਅੱਗ ਵਿਚ ਡਿਗਦਿਆਂ ਵੇਖ ਵੀ ਪਤੀਵ੍ਰਤਾ ਇਸਤਰੀ ਨੇ ਆਪਣੇ ਪਤੀ ਨੂੰ ਨਾ ਜਗਾਇਆ...।”

ਤੁਲਸੀ ਲੱਸੀ ਦਾ ਗਿਲਾਸ ਲੈ ਆਉਂਦਾ ਹੈ।

"ਅੱਜ ਮੱਖਣ ਨਹੀਂ ਪਾਇਆ ਤੁਲਸੀ ਰਾਮ?"

ਹੌਲੀ ਹੌਲੀ ਪੰਡਤ ਜੀ ਮੁਸਕਰਾ ਕੇ ਉਵੇਂ ਹੀ ਆਖਦੇ ਹਨ ਜਿਵੇਂ ਪੈਸੇ ਮੰਗਣ ਵੇਲੇ ਪਿਤਾ ਜੀ ਨਾਲ ਬੋਲਦੇ ਹਨ।

"ਮਾਤਾ ਜੀ ਸ਼ਾਇਦ ਪਾਉਣਾ ਭੁੱਲ ਗਏ, ਹੁਣੇ ਹੀ ਲਿਆਉਂਦਾ ਹਾਂ।"

ਇਹ ਆਖ, ਤੁਲਸੀ ਉਨ੍ਹੀ ਪੈਰੀਂ ਹੀ ਵਾਪਸ ਚਲਾ ਗਿਆ।

ਪੰਡਤ ਜੀ ਘੁੱਟ-ਘੁੱਟ ਕਰਕੇ ਲੱਸੀ ਪੀ ਰਹੇ ਹਨ। ਮੇਰੀਆਂ ਅੱਖਾਂ ਉਨ੍ਹਾਂ ਦੀ ਘੰਡੀ ਉਤੇ ਲੱਗੀਆਂ ਹਨ, ਮੈਂ ਉਸ ਵੱਲ ਇਕ ਸਾਰ ਵੇਖੀ ਜਾ ਰਿਹਾ ਹਾਂ। ਪੰਡਤ ਜੀ ਬੜੀ ਚੰਗੀ ਕਿਸਮਤ ਵਾਲੇ ਹਨ, ਉਨ੍ਹਾਂ ਦੀ ਘੰਡੀ ਇੰਨੀ ਵੱਡੀ ਹੈ, ਮੇਰੀ ਤਾਂ ਇੰਨੀ ਵੱਡੀ ਨਹੀਂ, ਪਰ

ਮੇਰੇ ਭਾਈ ਦੀ ਵੀ ਤਾਂ ਇੰਨੀ ਵੱਡੀ ਨਹੀਂ, ਇਸ ਤੁਲਨਾ ਨਾਲ ਮੈਨੂੰ ਸੁਖ ਮਿਲ ਰਿਹਾ ਹੈ। ਘੰਡੀ ਲਗਾਤਾਰ ਉਪਰ ਹੇਠ ਹੋ ਰਹੀ ਹੈ।

ਉਪਰ ਜੰਗਲੇ ਕੋਲ ਮੇਰੀ ਮਾਂ ਬੁੜ ਬੁੜਾਂਦੀ ਹੈ :-“ਇਕੱਲੀ ਲੱਸੀ ਪੀਣ ਨਾਲ ਟੁੱਟ ਪੈਣੇ ਦੇ ਢਿੱਡ 'ਚ ਸੂਲ ਉਠਦੈ। ਇਸ ਨੂੰ ਹਰ ਰੋਜ਼ ਮੱਖਣ ਚਾਹੀਦੇ। ਜਾ...ਜਾ ਕੇ, ਢੱਕਣ 'ਚੋਂ ਲੈ ਜਾ।”

ਪੰਡਤ ਜੀ ਅੱਖਾਂ ਬੰਦ ਕੀਤਿਆਂ ਲੱਸੀ ਦੀਆਂ ਘੁੱਟਾਂ ਭਰ ਰਹੇ ਹਨ, ਤੇ ਫੇਰ ਮੱਖਣ ਦੀ ਇੰਤਜ਼ਾਰ ਵਿਚ ਅੱਖਾਂ ਖੋਲ੍ਹਕੇ ਸਾਡੇ ਵੱਲ ਵੇਖਦੇ ਹਨ।

"ਢਿੱਡ ਵਿਚ ਬੱਤੀ ਖਾਨੇ ਹੁੰਦੇ ਹਨ।" ਪੰਡਤ ਜੀ ਆਖਦੇ ਹਨ “ਹਮੇਸ਼ਾਂ ਭੋਜਨ ਅੱਡ ਅੱਡ ਖਾਨੇ ਵਿਚ ਜਾਂਦਾ ਹੈ। ਅੱਜ ਦਾ ਭੋਜਨ ਅੱਜ ਦੇ ਖਾਨੇ 'ਚ ਜਾਵੇਗਾ।"

ਇਹ ਕੁਝ ਕਹਿਣ ਮਗਰੋਂ ਪੰਡਤ ਜੀ ਆਪਣੀਆਂ ਛੋਟੀਆਂ ਛੋਟੀਆਂ ਅੱਖਾਂ ਬੰਦ ਕਰ ਲੈਂਦੇ ਹਨ ਅਤੇ ਸਿਰ ਹਿਲਾਉਂਦੇ ਹਨ। ਅਜਿਹੇ ਵਾਕ ਬੋਲਣ ਸਮੇਂ ਉਹ ਹਮੇਸ਼ਾਂ ਹੀ ਅੱਖਾਂ ਬੰਦ ਕਰਕੇ ਸਿਰ ਹਿਲਾਉਂਦੇ ਹਨ।

"ਜਿਵੇਂ ਖੂਹ ਦੀ ਮਾਲ੍ਹ ਉਤੇ ਲੱਗੀਆਂ ਟਿੰਡਾਂ ਹੁੰਦੀਆਂ ਨੇ, ਉਹ ਵਾਰੀ-ਵਾਰੀ ਭਰਦੀਆਂ ਅਤੇ ਖਾਲੀ ਹੁੰਦੀਆਂ ਹਨ, ਉਵੇਂ ਹੀ!...

ਪੰਡਤ ਜੀ ਨੇ ਫਿਰ ਅੱਖਾਂ ਬੰਦ ਕਰਕੇ ਸਿਰ ਹਿਲਾਇਆ ਹੈ। ਤੁਲਸੀ ਕੌਲੀ ਵਿਚ ਮੱਖਣ ਲੇ ਆਇਆ। ਪੰਡਤ ਜੀ ਨੇ ਮੱਖਣ ਨੂੰ ਲੱਸੀ ਦੇ ਗਿਲਾਸ ਵਿਚ ਪਾ ਲਿਆ ਤੇ ਫੇਰ ਲੱਸੀ ਦੀ ਇਕ ਇਕ ਘੁੱਟ ਨਾਲ, ਆਪਣੀਆਂ ਕਾਲੀਆਂ ਜਹੀਆਂ ਉਂਗਲਾਂ ਨਾਲ, ਮੱਖਣ ਮੂੰਹ 'ਚ ਪਾਉਣ ਲਗ ਪਏ।

ਮੈਂ ਸੋਚਦਾ ਹਾਂ ਕਿ ਗਲ ਦੇ ਐਨ ਹੇਠਾਂ ਉਹ ਖਾਨਾ ਹੋਵੇਗਾ ਜਿਸ ਵਿਚ ਮੱਖਣ ਅਤੇ ਲੱਸੀ ਜਾਂਦੇ ਹਨ। ਪਰ ਮੇਰੀ ਨਜ਼ਰ ਪੰਡਤ ਜੀ ਦੇ ਗਲ ਤੋਂ ਹਟ ਕੇ ਉਨ੍ਹਾਂ ਦੀਆਂ ਚੌੜੀਆਂ ਨਾਸਾਂ ਤੇ ਚਲੀ ਜਾਂਦੀ ਹੈ। ਨਾਸਾਂ ਦੀ ਉਪਰਲੀ ਹੱਡੀ ਬਿਲਕੁਲ ਚਪਟੀ ਜਹੀ ਹੈ,

ਅਚਾਨਕ, ਮੈਂ ਖੁਸ਼ ਤੇ ਬੇ-ਕਾਬੂ ਜਿਹਾ ਹੋ ਪੰਡਤ ਜੀ ਤੋਂ ਪੁੱਛਦਾ ਹਾਂ, 'ਪੰਡਤ ਜੀ ਕੀ ਤੁਹਾਡੀ ਨੱਕ ਉਤੋਂ ਦੀ ਰੇਲ ਗੱਡੀ ਲੰਘੀ ਸੀ?"

ਲੱਸੀ ਦਾ ਗਿਲਾਸ ਹੱਥ ਵਿਚ ਹੀ ਰਹਿ ਗਿਆ। ਪੰਡਤ ਜੀ ਦੀ ਟੰਗ ਫਿਰ ਕੁਰਸੀ ਤੋਂ ਹੇਠਾਂ ਆ ਗਈ। ਪੰਡਤ ਜੀ ਚੁਪ-ਚਾਪ ਮੇਰੇ ਵੱਲ ਵੇਖੀ ਜਾ ਰਹੇ ਹਨ, "ਕੀ ਕਿਹਾ?" ਉਹ ਗੁੱਸੇ 'ਚ ਬੋਲਦੇ ਹਨ, ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਅੱਖਾਂ ਖੁੱਲ੍ਹ ਕੇ ਫਿਰ ਵੱਡੀਆਂ ਹੋ ਜਾਂਦੀਆਂ ਹਨ।

'"ਕੀ ਤੁਹਾਡੀ ਨੱਕ ਉਤੋਂ ਦੀ ਰੇਲ ਗੱਡੀ ਲੰਘੀ ਸੀ, ਮੇਰੀ ਭੈਣ ਕਹਿੰਦੀ ਸੀ ਰੇਲ ਗੱਡੀ ਲੰਘੀ ਸੀ।'"

"ਜਾ ਮੂਰਖ ਕਿਤੋਂ ਦਾ।" ਉਹ ਕੁਰਸੀ ਦੀ ਢੋ ਨਾਲ ਆਪਣੀ ਪਿੱਠ ਲਾ ਲੈਂਦੇ ਹਨ।"

"ਜਾ ਮੂਰਖ ਕਿਤੋਂ ਦਾ!" ਮੈਂ ਦੁਹਰਾਉਂਦਾ ਹਾਂ, ਪੰਡਤ ਜੀ ਨੇ ਮੇਰੇ ਵੱਲ ਝੁਕਕੇ ਮੇਰੇ ਵੱਲ ਹੱਥ ਵਧਾ ਕੇ, ਮੇਰਾ ਖੱਬਾ ਕੰਨ ਫੜ ਲਿਆ ਅਤੇ ਉਸ ਨੂੰ ਹੌਲੀ ਹੌਲੀ ਮਰੋੜਨ ਲੱਗੇ। ਪਹਿਲਾਂ ਤਾਂ ਮੈਂ ਹੱਸਦਾ ਹਾਂ, ਪਰ ਜਦੋਂ ਕੁਝ ਦੇਰ ਮਗਰੋਂ ਮੇਰਾ ਕੰਨ ਦੁਖਣ ਲੱਗਿਆ ਤਾਂ ਮੈਂ ਰੋ ਪਿਆ। ਪੰਡਤ ਜੀ ਹਮੇਸ਼ਾ ਹੀ ਕੰਨ ਫੜ ਕੇ ਪਹਿਲਾਂ ਉਸ ਨੂੰ ਮਲਦੇ ਹਨ,ਫਿਰ ਮਲਦੇ ਮਲਦੇ ਮਰੋੜਨ ਲਗਦੇ ਹਨ, ਫਿਰ ਅਚਾਨਕ, ਚੂੰਡੀ ਵੱਢਦੇ ਹਨ, ਜਿਸ ਨਾਲ ਮੇਰੀ ਚੀਕ ਨਿਕਲ ਜਾਂਦੀ ਹੈ।

"ਗੁਰੂ ਨੂੰ ਅਜਿਹੀਆਂ ਗੱਲਾਂ ਨਹੀਂ ਆਖਦੇ, ਸਮਝਿਆ? ਇਹ ਵੀ ਦੁਰਾਚਾਰ ਹੈ।""

ਪਰ ਮੈਂ ਗੁੱਸੇ ਹੋ ਜਾਂਦਾ ਹਾਂ, ਅਤੇ ਰੋਂਦਾ ਹੋਇਆ ਤੁਲਸੀ ਕੋਲ ਆਉਂਦਾ ਹਾਂ। ਮੇਰਾ ਖ਼ਿਆਲ ਸੀ ਹਮੇਸ਼ਾਂ ਵਾਂਗ ਤੁਲਸੀ ਉਠਕੇ ਖੜਾ ਹੋਵੇਗਾ ਅਤੇ ਪੰਡਤ ਜੀ ਤੇ ਝਪਟ ਪਵੇਗਾ ਅਤੇ ਉਸ ਦੇ ਹਿੱਕ ਵਿਚ ਟੱਕਰ ਮਾਰੇਗਾ। ਪਰ ਉਹ ਤਾਂ ਉਵੇਂ ਦਾ ਉਵੇਂ ਹੀ ਬੈਠਾ ਹੈ।

“ਗੁਰੂ ਜੀ ਨੂੰ ਅਜਿਹਾ ਨਹੀਂ ਆਖਦੇ," ਤੁਲਸੀ ਆਪਣੀ ਖਰਵੀ ਆਵਾਜ਼ 'ਚ ਆਖਦਾ ਹੈ, "ਬੈਠ ਜਾ ਮੇਰੇ ਕੋਲ!” ਅਤੇ ਮੈਨੂੰ ਮੇਰੇ ਮੋਢੇ ਤੋਂ ਫੜ ਕੇ ਆਪਣੇ ਕੋਲ ਬਿਠਾ ਲੈਂਦਾ ਹੈ।

ਸਬਕ ਮਗਰੋਂ ਮੈਂ ਸਿੱਧਾ ਪੌੜੀਆਂ ਚੜ੍ਹ ਮਾਂ ਕੋਲ ਜਾ ਪਹੁੰਚਦਾ ਹਾਂ। ਮਾਂ, ਰਸੋਈ ਘਰ ਤੋਂ ਬਾਹਰ ਬੈਠੀ. ਤੰਦੂਰ ਵਿਚ ਲਾਉਣ ਲਈ ਆਟੇ ਦੇ ‘ਪੇੜੇ' ਤਿਆਰ ਕਰ ਰਹੀ ਹੈ।

“ਮੈਂ ਇਸ ਪੰਡਤ ਤੋਂ ਨਹੀਂ ਪੜ੍ਹਾਂਗਾ।"" ਚੀਕਦਾ ਹੋਇਆ ਮੈਂ ਆਖਦਾ ਹਾਂ, "ਇਹ ਮੈਨੂੰ ਮਾਰਦਾ ਹੈ।"

ਮੇਰੇ ਲਾਲ ਹੋਏ ਕੰਨ ਨੂੰ ਮਾਂ ਨੇ ਵੇਖ ਲਿਆ। "ਹੈਂ, ਮਰ ਜਾਣਾ, ਮਾਰਨ ਦਾ ਕੀ ਮਤਲਬ? ਤੂੰ ਖੜੋ, ਮੈਂ, ਉਸ ਤੋਂ ਪੁੱਛਦੀ ਹਾਂ। ਕਸਾਈ ਕਿਤੋਂ ਦਾ, ਮੇਰੀ ਮਾਂ, ਗੁੱਸੇ ਵਿਚ ਉਥੇ ਹੀ ਪਰਾਤ ਛੱਡਕੇ ਖੜੀ ਹੋ ਛੋਟੇ ਬੱਚੇ ਨੂੰ ਮਾਰਨ ਦਾ ਕੀ ਮਤਲਬ।" ਗਈ ਅਤੇ ਛੇਤੀ ਛੇਤੀ ਜਗਲੇ ਕੋਲ ਜਾ ਪਹੁੰਚੀ। ਇੰਨੇ ਵਿਚ ਤੁਲਸੀ ਅਤੇ ਮੇਰਾ ਵੱਡਾ ਭਰਾ ਪੌੜੀਆਂ ਚੜ ਕੇ ਉਪਰ ਆ ਜਾਂਦੇ ਹਨ।

'ਚਲੇ ਗਏ ਤੁਹਾਡੇ ਮਾਸਟਰ ਜੀ?"

“ਹਾਂ ਜੀ ਚਲੇ ਗਏ "

"ਇਹਨੂੰ ਕਿਉਂ ਮਾਰਿਆ? ਤੁਸੀਂ ਮੈਨੂੰ ਆ ਕੇ ਦੱਸਿਆ ਕਿਉਂ ਨਹੀਂ? ਉਹ ਇਥੇ ਮੇਰੇ ਬੱਚਿਆਂ ਨੂੰ ਕੁੱਟਣ ਆਉਂਦੈ?"

"ਨਹੀਂ ਮਾਤਾ ਜੀ, ਇਸ ਦਾ ਕਸੂਰ ਐ" ਮੇਰੇ ਵੱਡੇ ਭਰਾ ਨੇ ਆਖਿਆ"ਇਹ ਆਪਣੀ ਫੁੱਲੋ ਨੂੰ ਹੱਥ ਲਾਉਂਦਾ ਹੈ।"

ਮੇਰੀ ਮਾਂ ਮੈਨੂੰ ਘੂਰਕੇ ਵੇਖਦੀ ਹੈ, ਮਾਂ ਦੀਆਂ ਅੱਖਾਂ ਵੀ ਪੰਡਤ ਜੀ ਦੀਆਂ ਅੱਖਾਂ ਵਾਂਗ ਗੁੱਸੇ 'ਚ ਚੌੜੀਆਂ ਹੋਣ ਲੱਗਦੀਆਂ ਹਨ, ਅਤੇ ਉਨ੍ਹਾਂ ਨੇ ਆਪਣੀ ਜੀਭ ਨੂੰ ਦੰਦਾਂ ਹੇਠ ਲੈ ਲਿਆ। ਮੇਰੀ ਮਾਂ ਮੇਰੇ ਵੱਲ ਘੂਰਕੇ ਵੇਖਦੀ ਹੈ।

"ਤੂੰ ਇੰਨੀਆਂ ਗੰਦੀਆਂ ਗੱਲਾਂ ਕਰਦੇਂ!" ਮਾਂ ਆਖਦੀ ਹੈ। ਮਾਂ ਨੂੰ ਵੀ ਗੁੱਸਾ ਆ ਗਿਆ। "ਆ ਤੈਨੂੰ ਮੈਂ ਸਿੱਧਾ ਕਰਾਂ " ਇਹ ਆਖ ਉਹ ਮੇਰੇ ਵੱਲ ਵਧਕੇ ਮੇਰਾ ਹੱਥ ਫੜ ਲੈਂਦੀ ਹੈ।

"ਤੁਲਸੀ, ਆਹ, 'ਲੂਣਦਾਨੀ" ਲਿਆਈਂ" ਹਮੇਸ਼ਾਂ ਦੀ ਤਰ੍ਹਾਂ ਪੀੜੀ ਉਤੇ ਬਹਿਕੇ ਮੇਰੀ ਮਾਂ ਮੇਰਾ ਮੂੰਹ ਆਪਣੇ ਗੋਡਿਆਂ ਵਿਚ ਦਬਾ ਲੈਂਦੀ ਹੈ।

"ਬੋਲ, ਫਿਰ ਅਜਿਹਾ ਗੰਦਾ ਕੰਮ ਕਰੇਂਗਾ!" ਮਾਂ ਦੇ ਵਰਤਾਓ ਵਿਚ ਇੰਨੀ ਜਲਦੀ ਇਹ ਤਬਦੀਲੀ ਆ ਗਈ, ਮੈਂ ਪਹਿਲਾਂ ਨਾਲੋਂ ਵੀ ਵੱਧ ਹੈਰਾਨੀ ਨਾਲ ਉਸ ਵੱਲ ਵੇਖ ਰਿਹਾ ਹਾਂ।

ਤੁਲਸੀ ਲੂਣਦਾਨੀ ਲੈ ਆਇਆ। "ਬੋਲ ਫਿਰ ਕਰੇਂਗਾ ਅਜਿਹਾ ਗੰਦਾ ਕੰਮ!"

ਅਜਿਹੇ ਸਮੇਂ ਸਿਰ ਹਿਲਾਕੇ ਜ਼ੋਰ ਦੀ 'ਨਹੀਂ' ਕਹਿਣ ਉਤੇ, ਮਾਂ ਮੈਨੂੰ ਕਦੇ ਕਦੇ ਛੱਡ ਦਿੰਦੀ ਹੈ। ਪਰ ਅੱਜ ਮੈਂ ਅਜੇ ਵੀ ਮਾਂ ਵੱਲ ਵੇਖੀ ਜਾ ਰਿਹਾ ਹਾਂ।

"ਚਲ ਜਾ, ਅੱਜ ਤੈਨੂੰ ਬੜੀ ਮਾਰ ਪੈ ਚੁੱਕੀ ਹੈ।" ਇੰਜ ਆਖਦੀ ਹੋਈ ਮਾਂ ਆਪਣੇ ਗੋਡਿਆਂ ਦੇ ਸ਼ਿਕੰਜੇ ਵਿਚੋਂ ਮੇਰਾ ਸਿਰ ਕੱਢ ਦਿੰਦੀ ਹੈ।

ਮੇਰਾ ਭਰਾ ਦਸਦਾ ਹੈ : "ਮਾਤਾ ਜੀ, ਪੰਡਤ ਜੀ ਆਖਦੇ ਸਨ, ਜਿਹੜੇ ਮੁੰਡੇ ਪਿਸ਼ਾਬ ਵਾਲੀ ਥਾਂ ਨੂੰ ਹੱਥ ਲਾਉਂਦੇ ਹਨ, ਉਨ੍ਹਾਂ ਦੇ ਕੀੜੇ ਪੈ ਜਾਂਦੇ ਨੇ।"

"ਕਿਹੋ ਜਿਹਾ ਹੈ ਤੁਹਾਡਾ ਇਹ ਪੰਡਤ, ਕਿਹੋ ਜਹੀਆਂ ਫਜ਼ੂਲ ਗੱਲਾਂ ਕਰਦੇ।" ਪੰਡਤ ਜੀ ਦੇ ਜਾਣ ਮਗਰੋਂ, ਮੈਂ ਹੇਠਲੀ ਡਿਉਢੀ ਦੀ ਇਕ ਨੁੱਕਰੇ ਘਬਰਾਇਆ ਜਿਹਾ ਬੈਠਾ ਸੋਚ ਰਿਹਾ ਹਾਂ, ਉਹ ਆਦਮੀ ਜਿਸ ਦੀਆਂ ਦੋਨੋਂ ਸੁੱਜੀਆਂ ਟੰਗਾਂ ਤੇਲ ਨਾਲ ਚੋਪੜੀਆਂ ਹੁੰਦੀਆਂ ਨੇ, ਜਿਹੜਾ ਗਰੂਕੁਲ ਸਮਾਜ ਦੇ ਨੇੜੇ ਗੰਦੇ ਨਾਲੇ ਕੋਲ ਬੈਠਾ ਹੁੰਦਾ ਹੈ, ਉਹ ਜ਼ਰੂਰ ਆਪਣੇ ਲਿੰਗ ਨੂੰ ਮੁੜ ਮੁੜ ਹੱਥ ਲਾਉਂਦਾ ਰਿਹਾ ਹੋਵੇਗਾ, ਤਦ ਹੀ ਤਾਂ ਉਸ ਦੀਆਂ ਟੰਗਾਂ ਸੁੱਜ

ਗਈਆਂ ਹਨ ਅਤੇ ਉਨ੍ਹਾਂ ਉਤੇ ਕੀੜੇ ਫਿਰਦੇ ਦਿਸਦੇ ਨੇ। ਉਹ ਲੰਗੜਾ ਫ਼ਕੀਰ ਵੀ, ਜਿਹੜਾ ਟੇਢਾ ਤੁਰਦਾ ਹੋਇਆ, ਸਾਡ ਮੁਹੱਲੇ ਵਿਚ ਆਉਂਦਾ ਹੈ, ਉਹ ਵੀ..

ਤੁਲਸੀ ਪੌੜੀਆਂ ਉਤਰ ਕੇ ਮੇਰੇ ਕੋਲ ਆਉਂਦਾ ਹੈ।

"ਅਸੀਂ ਤੇਰੀ ਦੂਜੀ ਗੱਲ ਤਾਂ ਅਜੇ ਦੱਸੀ ਨਹੀਂ।" ਤੁਲਸੀ ਮੈਨੂੰ ਦਿਲਾਸਾ ਦਿੰਦਾ ਹੋਇਆ ਆਖਦਾ ਹੈ, ਮੈਂ ਉਸ ਵੱਲ ਵੇਖਣ ਲੱਗ ਜਾਂਦਾ ਹਾਂ।

"ਉਹ ਰੇਲ ਗੱਡੀ ਵਾਲੀ ਗੱਲ, ਉਹ ਗੱਲ ਅਸੀਂ ਮਾਤਾ ਜੀ ਨੂੰ ਦਸਦੇ ਵੀ ਨਹੀਂ।''

ਮੈਂ ਹਰਖ ਜਾਂਦਾ ਹਾਂ ਅਤੇ ਉਸ ਤੋਂ ਖਹਿੜਾ ਛੁਡਾਉਣ ਵਾਸਤੇ ਬਾਹਰ ਚੌਂਤਰੇ ਉਤੇ ਚਲਿਆ ਜਾਂਦਾ ਹਾਂ। ਇਸ ਮਗਰੋਂ ਮੈਨੂੰ ਬਹੁਤ ਦਿਨਾਂ ਤਕ ਇਸ ਗੱਲ ਦਾ ਡਰ ਰਹਿੰਦਾ ਹੈ ਕਿ ਕਿਤੇ ਇਹ ਦੋਵੇਂ ਮਾਂ ਨੂੰ ਮੇਰੀ ਦੂਜੀ ਗੱਲ ਨਾ ਦੱਸ ਦੇਣ।

0

ਸਾਡੇ ਘਰ ਦੇ ਸਾਰੇ ਹੀ ਸੰਧਿਆ ਕਰਦੇ ਹਨ, ਸਾਨੂੰ ਸਾਰਿਆਂ ਨੂੰ ਸੰਧਿਆ ਦੇ ਮੰਤਰ ਯਾਦ ਹਨ। ਦਿਨ ਸਮੇਂ ਮੇਰੀਆਂ ਦੋਵੇਂ ਭੈਣਾ ਵਿਚਕਾਰ ਮੁਕਾਬਲਾ ਬਣਿਆ ਰਹਿੰਦਾ ਹੈ ਕਿ ਸਾਰੀ ਸੰਧਿਆ ਦੇ ਸਾਰੇ ਮੰਤਰ ਕਿਹੜਾ ਜਲਦੀ ਤੋਂ ਜਲਦੀ ਬੋਲੇਗਾ। ਸੰਧਿਆ ਸਮੇਂ ਛੱਜੇ ਉਤੇ ਬੈਠੀ ਮੇਰੀ ਮਾਂ ਆਪਣੇ ਦੁਪੱਟੇ ਨਾਲ ਆਪਣਾ ਮੂੰਹ ਸਿਰ ਢੱਕ ਲੈਂਦੀ ਹੈ। ਪਿਤਾ ਜੀ ਆਮ ਤੌਰ ਤੇ ਸਵੇਰ ਦੀ ਸੰਧਿਆ ਆਪਣੇ ਕਮਰੇ ਵਿਚ ਹੀ ਕਰਦੇ ਹਨ, ਪਰ ਸ਼ਾਮ ਸਮੇਂ ਰੋਟੀ ਖਾਣ ਤੋਂ ਪਹਿਲਾਂ ਹੀ ਉਹ ਰਸੋਈ ਘਰ ਵਿਚ ਸੰਧਿਆ ਕਰ ਲੈਂਦੇ ਹਨ। ਸ਼ਾਮ ਨੂੰ ਤਾਂ ਪਿਤਾ ਜੀ ਸਭ ਤੋਂ ਪਹਿਲਾਂ ਇਥੋਂ ਤੱਕ ਕਿ ਮੇਰੀਆਂ ਭੈਣਾਂ ਤੋਂ ਵੀ ਪਹਿਲਾਂ ਸੰਧਿਆ ਕਰ ਲੈਂਦੇ ਹਨ। ਪਿਤਾ ਜੀ ਸ਼ਾਮ ਸਮੇਂ ਜਦੋਂ ਸੰਧਿਆ ਲਈ ਅੱਖਾਂ ਬੰਦ ਕਰਦੇ ਹਨ, ਤਾਂ ਅਸੀਂ ਸਾਰੇ ਬੱਚੇ ਚੁੱਪ ਹੋ ਜਾਂਦੇ ਹਾਂ, ਪਰ ਚੁੱਲ੍ਹੇ ਕੋਲ ਬੈਠੀ ਮੇਰੀ ਮਾਂ ਭਾਂਡਾ ਟੀਂਡਾ ਕਰਦੀ ਹੀ ਰਹਿੰਦੀ ਹੈ। ਜਦੋਂ ਕਦੇ ਰੋਟੀ ਖਾਣ ਲਈ ਪਿਤਾ ਜੀ ਨੂੰ ਦੇਰ ਹੋ ਜਾਵੇ ਤਾਂ ਉਹ ਰਸੋਈ ਵਿਚ

ਹੀ ਸੰਧਿਆ ਕਰ ਲੈਂਦੇ ਹਨ। ਉਨ੍ਹਾਂ ਦੇ ਅੱਖਾਂ ਬੰਦ ਕਰਦਿਆਂ ਹੀ ਮੇਰੀ ਮਾਂ ਰੋਟੀ ਵਾਸਤੇ ਕਾਨਸ ਤੋਂ ਥਾਲੀ ਅਤੇ ਦੋ ਕੋਲੀਆਂ ਚੁੱਕ ਲੈਂਦੀ ਹੈ ਅਤੇ ਤਵੇ ਉਤੇ ਰੋਟੀ ਪਾ ਦਿੰਦੀ ਹੈ। ਜਿਉਂ ਹੀ ਤਵੇ ਤੋਂ ਰੋਟੀ ਉਤਰਦੀ ਅਤੇ ਕੌਲੀਆਂ ਵਿਚ ਦਾਲ ਸਬਜ਼ੀ ਪੈਂਦੀ ਹੈ ਤਾਂ ਪਿਤਾ ਜੀ ਸਿਰ ਝੁਕਾ ਕੇ 'ਓਮ ਸ਼ਾਂਤੀ ਸ਼ਾਂਤੀ' ਆਖਦੇ ਅੱਖਾਂ ਖੋਲ੍ਹ ਲੈਂਦੇ ਹਨ।

"ਸ਼ੁਕਰ! ਸ਼ੁਕਰ ਮਹਾਰਾਜ! ਸ਼ੁਕਰ ਤੇਰੀ ਦਰਗਾਹ।"

ਇਹ ਸ਼ਬਦ ਪਿਤਾ ਜੀ ਰੋਟੀ ਵਾਲੀ ਥਾਲੀ ਆਪਣੇ ਕੋਲ ਕਰਦੇ ਹੋਏ ਕਹਿੰਦੇ ਹਨ। ਇਹ ਸ਼ਬਦ ਪਿਤਾ ਜੀ ਦੇ ਮੂੰਹੋਂ ਦਿਨ 'ਚ ਕਈ ਵਾਰ ਸੁਣਨ ਨੂੰ ਮਿਲਦੇ ਹਨ। ਉਹ ਇਨ੍ਹਾਂ ਸ਼ਬਦਾਂ ਨੂੰ, ਸਵੇਰੇ ਉਠਣ ਸਮੇਂ, ਰੋਟੀ ਵੇਲੇ ਅਤੇ ਰਾਤ ਨੂੰ ਸੌਣ ਵੇਲੇ ਬੋਲਦੇ ਹਨ।......

ਸੰਧਿਆ ਲਈ ਪਿਤਾ ਜੀ ਦਾ ਕੋਈ ਨੀਯਤ ਸਮਾਂ ਨਹੀਂ, ਜੇਕਰ ਉਹ ਸਵੇਰ ਨੂੰ ਸੰਧਿਆ ਨਹੀਂ ਕਰ ਸਕਦੇ ਤਾਂ ਦੁਪਹਿਰ ਨੂੰ ਕਰ ਲੈਂਦੇ ਹਨ। ਸਵੇਰ ਵੇਲੇ ਵੀ ਸੰਧਿਆ ਮੇਰੇ ਪਿਤਾ ਜੀ ਆਪਣੇ ਕਮਰੇ ਵਿਚ ਹੀ ਕਰਦੇ ਹਨ। ਗਰਮੀ ਦੇ ਦਿਨਾਂ ਵਿਚ ਕੰਧ ਨਾਲ ਪਿੱਠ ਲਾ, ਫਰਸ਼ ਉਤੇ ਵਿਛੇ ਆਸਣ ਉਤੇ ਬੈਠ ਕੇ, ਸੰਧਿਆ ਕਰ ਲੈਂਦੇ ਹਨ ਪਰ ਸਰਦੀ ਵਿਚ ਮੰਜੇ ਉਤੇ ਬੈਠੇ ਬੈਠੇ ਹੀ ਸੰਧਿਆ ਕਰ ਲੈਂਦੇ ਹਨ। ਸਵੇਰ ਵਾਲੀ ਸੰਧਿਆ ਸਮੇਂ ਪਿਤਾ ਜੀ ਆਮ ਤੌਰ ਤੇ ਉਂਘਦੇ ਰਹਿੰਦੇ ਹਨ, ਕਦੇ ਕਦੇ ਤਾਂ ਉਨ੍ਹਾਂ ਦੀ ਠੋਡੀ ਮੁੜ ਕੇ ਗਰਦਨ ਨਾਲ ਲੱਗੀ ਰਹਿੰਦੀ ਹੈ। ਅਸੀਂ ਸਮਝਦੇ ਹਾਂ, ਸ਼ਾਇਦ ਪਿਤਾ ਜੀ ਸੰਧਿਆ ਸਮਾਪਤ ਕਰਕੇ, ਅੰਤਿਮ ਨਮਸਕਾਰ ਲਈ ਸਿਰ ਨਿਵਾ ਰਹੇ ਹਨ, ਪਰ ਜਦੋਂ ਥੋੜ੍ਹੇ ਕੁ ਚਿਰ ਮਗਰੋਂ ਉਹ ਝਟਕੇ ਨਾਲ ਆਪਣਾ ਸਿਰ ਚੁੱਕਦੇ ਹਨ ਤਾਂ ਪਲ ਭਰ ਲਈ ਉਨ੍ਹਾਂ ਦੀਆਂ ਅੱਖਾਂ ਵੀ ਖੁਲ੍ਹ ਜਾਂਦੀਆਂ ਹਨ ਤੇ ਉਹ ਫਿਰ ਸੰਧਿਆ ਦੀ ਸ਼ਕਲ 'ਚ ਆ ਜਾਂਦੇ ਹਨ।

ਕਦੇ ਕਦੇ ਸਾਡੇ ਘਰ ਸਾਧੂ-ਮਹਾਤਮਾ ਵੀ ਆਉਂਦੇ ਹਨ। ਖ਼ਾਸ ਕਰ ਉਸ ਵੇਲੇ ਜਦੋਂ ਆਰੀਆ-ਸਮਾਜ ਦਾ ਵਾਰਸ਼ਿਕ ਸਮਾਗਮ ਹੁੰਦਾ ਹੈ। ਵਾਰਸ਼ਿਕ ਸਮਾਗਮ ਸਮੇਂ ਅਸੀ ਦੋਵੇਂ ਭਰਾ ਖਾਕੀ ਰੰਗ ਦੀ ਕਮੀਜ਼ ਅਤੇ ਨੀਕਰ ਪਾਉਂਦੇ ਹਾਂ, ਤੇ ਫਿਰ ਲਾਈਨ 'ਚ ਰੱਖੀਆਂ ਸੈਂਕੜੇ ਜੁੱਤੀਆਂ ਦੀ ਰਖਵਾਲੀ ਕਰਦੇ ਹਾਂ। ਕਦੇ ਕਦੇ ਜਲਸੇ ਵਿਚ ਬੈਠੇ ਬੰਦਿਆਂ ਨੂੰ ਪੱਖਾ ਝਲਦੇ ਅਤੇ ਪਾਣੀ ਪਿਆਉਂਦੇ ਹਾਂ, ਨਗਰ-ਕੀਰਤਨ ਵਾਲੇ ਦਿਨ ਅਜਿਹੀ ਬੈਲ-ਗੱਡੀ ਉਤੇ

ਧਰਨਾ ਦੇ ਕੇ ਬੈਠ ਜਾਂਦੇ ਹਾਂ, ਜਿਸ ਉਤੇ ਕਿਸੇ ਚੰਗੇ ਭਜਨੀਕ ਲਈ ਕੁਰਸੀ ਮੇਜ਼ ਰੱਖੀ ਹੋਵੇ। ਅਜਿਹੇ ਦਿਨਾਂ ਵਿਚ ਬਹੁਤ ਸਾਰੇ ਸਾਧੂ ਅਤੇ ਉਪਦੇਸ਼ਕ ਸਾਡੇ ਘਰ ਭੋਜਨ ਕਰਦੇ ਹਨ, ਭੋਜਨ ਕਰਵਾਉਣ ਪਿੱਛੋਂ, ਮਾਂ ਸਾਧੂ ਮਹਾਤਮਾ ਨੇ ਚਰਣਾਂ ਵਿਚ ਬੈਠਕੇ ਪੁੱਛਦੀ ਹੈ, "ਮਹਾਰਾਜ, ਮੇਰਾ ਮਨ ਸੰਧਿਆ ਵਿਚ ਨਹੀਂ ਲਗਦਾ। ਕੋਈ ਢੰਗ ਦੱਸੋ। ਮੈਂ ਅੱਖਾਂ ਬੰਦ ਕਰਦੀ ਹਾਂ ਤਾਂ ਮੇਰਾ ਮਨ ਕਦੇ ਕਿਤੇ ਤੇ ਕਦੇ ਕਿਤੇ ਉਡਾਰੀਆਂ ਲਾਉਂਦਾ ਹੈ। ਇਸ ਦਾ ਕੀ ਇਲਾਜ ਕਰਾਂ?"

ਸਾਧੂ-ਮਹਾਤਮਾ ਸਿਰ-ਹਿਲਾਕੇ ਆਖਦੇ ਹਨ, "ਦੇਵੀ ਪ੍ਰਾਣਾਯਾਮ ਕਰਿਆ ਕਰ, ਪ੍ਰਾਣਾਯਾਮ ਨਾਲ ਮਨ ਵਿਚ ਇਕਾਗਰਤਾ ਆਉਂਦੀ ਹੈ।"

ਉਸ ਦਿਨ ਤੋਂ ਮੇਰੀ ਮਾਂ, ਪਰੇ ਛੱਜੇ ਉਤੇ ਦੁਪੱਟੇ ਨਾਲ ਮੂੰਹ-ਸਿਰ ਲਪੇਟ ਕੇ ਬੈਠ ਜਾਂਦੀ ਹੈ ਅਤੇ ਸੱਜੀ ਨਾਸ ਨੂੰ ਖੱਬੇ ਹੱਥ ਦੀ ਤੀਜੀ ਉਂਗਲ ਨਾਲ ਬੰਦ ਕਰਕੇ ਲੰਮੇ ਲੰਮੇ ਸਾਹ ਲੈਂਦੀ ਹੈ। ਅਸੀਂ ਚਾਰੇ ਬੱਚੇ ਦੂਰ ਖੜ੍ਹੇ ਅੱਖਾਂ ਟੱਡ ਟੱਡ ਵੇਖਦੇ ਹਾਂ ਕਿ ਸਾਡੀ ਮਾਂ ਦਾ ਮਨ ਇਕਗਾਰ ਹੋਇਆ ਹੈ ਜਾਂ ਨਹੀਂ। ਪਰ ਹੁੰਦਾ ਕੀ ਹੈ ਕਿ ਮੇਰੀ ਮਾਂ ਇਕ ਦੋ ਦਿਨਾਂ ਮਗਰੋਂ ਹੀ ਛੱਜੇ ਉਤੇ ਬੈਠਣਾ ਛੱਡ ਦਿੰਦੀ ਹੈ ਅਤੇ ਅਗਲੀ ਵਾਰ ਜਦੋਂ ਕੋਈ ਸਾਧੂ ਘਰ ਆਉਂਦਾ ਹੈ ਤਾਂ ਕਹਿੰਦਾ ਹੈ, "ਮਹਾਰਾਜ, ਮੈਂ ਪ੍ਰਾਣਯਾਮ ਵੀ ਕਰ ਲਿਆ, ਨਿਯਮਾਂ, ਉਪ ਨਿਯਮਾਂ ਦਾ ਪਾਲਣ ਵੀ ਕਰਦੀ ਹਾਂ ਪਰ ਫਿਰ ਵੀ ਮਨ ਸੰਧਿਆ 'ਚ ਨਹੀਂ ਲਗਦਾ।" ਸਾਧੂ-ਮਹਾਤਮਾ ਸਿਰ ਹਿਲਾਕੇ ਆਖਦਾ ਹੈ, "ਦੇਵੀ, ਜਾਪ ਕਰਿਆ ਕਰ, ਹੱਥ ਵਿਚ ਮਾਲਾ ਲੈ ਕੇ ਗਾਯਤਰੀ ਦਾ ਇਕ ਸੌ ਅੱਠ ਵਾਰ ਜਾਪ ਕਰਿਆ ਕਰ। ਕੇਵਲ ਓਮ ਦਾ ਜਾਪ ਵੀ ਕਰ ਸਕਦੀ ਹੈ, ਜਾਪ ਨਾਲ ਮਨ ਵਿੱਚ ਇਕਾਗਰਤਾ ਆਉਂਦੀ ਹੈ।" ਦੂਜੇ ਦਿਨ ਤੋਂ ਹੀ ਮਾਂ ਜਾਪ ਕਰਨਾ ਆਰਭ ਕਰ ਦਿੰਦੀ ਹੈ।

ਮਾਂ ਜਦੋਂ ਪ੍ਰਾਣਾਯਾਮ ਕਰਦੀ ਹੈ, ਤਾਂ ਅਸੀਂ ਵੀ ਉਸਦੀ ਵੇਖਾ-ਵੇਖੀ 'ਚ ਪ੍ਰਾਣਾਯਾਮ ਕਰਨ ਲੱਗ ਪੈਂਦੇ ਹਾਂ। ਮਾਂ ਜਦੋਂ ਜਾਪ ਕਰਨ ਲਗਦੀ ਹੈ ਤਾਂ ਅਸੀਂ ਵੀ ਜਾਪ ਕਰਨ ਲਗਦੇ ਹਾਂ, ਇਸ ਤਰ੍ਹਾਂ ਜਦੋਂ ਮਾਂ ਧੂੰਨੀ ਉਤੇ ਜਾਂ ਨੱਕ ਦੀ ਨੋਕ ਜਾਂ ਕਮਲ ਫੁੱਲ ਉਤੇ ਧਿਆਨ

ਕੇਂਦਰਿਤ ਕਰਦੀ ਹੈ ਤਾਂ ਅਸੀਂ ਵੀ ਅੱਖਾਂ ਬੰਦ ਕਰਕੇ, ਮਾਂ ਵਾਂਗ, ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਮੈਂ ਜਦ ਵੀ ਨੱਕ ਦੀ ਨੋਕ ਉਤੇ ਧਿਆਨ ਧਰਦਾ ਹਾਂ, ਤਾਂ ਕਦੇ ਮੈਨੂੰ ਮੇਰੇ ਵੱਡੇ ਭਰਾ ਦੀ ਨੱਕ ਵਿਖਾਈ ਦਿੰਦੀ ਹੈ ਤੇ ਕਦੇ ਪਿਤਾ ਜੀ ਦੀ ਜਾਂ ਫਿਰ ਪੰਡਤ ਜੀ ਦੀ ਚਪਟੀ ਨੱਕ ਸਾਹਮਣੇ ਆ ਜਾਂਦੀ ਹੈ ਤੇ ਇੰਜ ਮੇਰਾ ਮਨ ਘੁੰ ਮਦਾ ਘੁੰਮਾਉਂਦਾ ਗੁੱਲੀ ਡੰਡੇ ਤੱਕ ਪੁੱਜ ਜਾਂਦਾ ਹੈ।

ਦੂਜੇ ਪਾਸੇ ਪਿਤਾ ਜੀ ਨੂੰ ਮਨ-ਇਕਾਗਰ ਕਰਨ ਦਾ ਪ੍ਰਸ਼ਨ ਕਦੇ ਵੀ ਪ੍ਰੇਸ਼ਾਨ ਨਹੀਂ ਕਰਦਾ। ਉਹ ਕਦੇ ਇਹ ਦਸਦੇ ਵੀ ਨਹੀਂ ਕਿ ਉਨ੍ਹਾਂ ਦਾ ਮਨ ਸੰਧਿਆ 'ਚ ਲਗਦਾ ਹੈ ਜਾਂ ਨਹੀਂ।

“ਬਾਬੂ ਜੀ, ਤੁਹਾਡਾ ਮਨ ਤਾਂ ਸੰਧਿਆ 'ਚ ਲਗਦਾ ਹੋਵੇਗਾ?" ਸਾਧੂ ਪੁੱਛਦਾ ਹੈ। ਨੇੜੇ ਹੀ ਮੇਰੀ ਮਾਂ ਬੈਠੀ ਹੈ। ਮੇਰੇ ਪਿਤਾ ਜੀ ਪਹਿਲਾਂ ਤਾਂ ਗਰਦਨ ਝੁਕਾ ਕੇ ਹੱਸ ਪੈਂਦੇ ਹਨ ਤੇ ਫੇਰ ਆਖਦੇ ਹਨ, “ਮਹਾਰਾਜ ਭਗਵਾਨ ਦੇ ਚਰਣਾਂ ਵਿਚ ਦੋ ਵਕਤ ਬੈਠਣਾ ਹੀ ਕਾਫੀ ਹੈ। ਬੱਸ ਉਸ ਦਾ ਸ਼ੁਕਰ-ਗੁਜ਼ਾਰ ਹੋਣਾ ਚਾਹੀਦਾ ਹੈ।"

ਪਿਤਾ ਜੀ ਲਈ ਸੰਧਿਆ ਦਾ ਅਰਥ ਕੇਵਲ ਸ਼ੁਕਰ-ਗੁਜ਼ਾਰ ਹੋਣਾ ਹੀ ਹੈ, ਭਗਵਾਨ ਦੇ ਸਾਹਮਣੇ ਸਿਰ ਝੁਕਾਉਣਾ ਹੈ। ਉਸ ਦੁਆਰਾ ਦਿੱਤੀਆਂ ਸਾਰੀਆਂ ਚੀਜ਼ਾਂ ਲਈ ਧੰਨਵਾਦ ਕਹਿਣਾ ਹੈ। ਬਸ, ਸੰਧਿਆ ਇਸ ਤੋਂ ਬਿਨਾਂ ਹੋਰ ਕੁਝ ਨਹੀਂ। ਇਸ ਤਰ੍ਹਾਂ ਇਹ ਸੰਧਿਆ ਇਕ ਮਿੰਟ 'ਚ ਵੀ ਹੋ ਸਕਦੀ ਹੈ।

ਮਾਂ ਸਿਰਫ ਆਰੀਆ-ਸਮਾਜੀ ਹੀ ਨਹੀਂ ਉਹ ਤਾਂ ਕਦੇ ਕਦੇ ਕੌਲੀ 'ਚ ਆਟਾ ਅਤੇ ਘਿਓ ਪਾਕੇ ਗੁਰੂਦੁਆਰੇ ਵੀ ਜਾਂਦੀ ਹੈ, ਇਸੇ ਤਰ੍ਹਾਂ ਕਦੇ ਕਦੇ ਉਹ ਸਨਾਤਨ-ਧਰਮ ਮੰਦਰ ਵੀ ਹੋ ਆਉਂਦੀ ਹੈ। ਜਦੋਂ ਕਦੇ ਘਰ ਵਿਚ ਕੋਈ ਬੱਚਾ ਬੀਮਾਰ ਹੋ ਜਾਵੇ ਤਾਂ ਮੇਰੀ ਮਾਂ ਸਵੇਰ ਵੇਲੇ ਗੁਰੂਦੁਆਰੇ ਜ਼ਰੂਰ ਜਾਂਦੀ ਹੈ ਅਤੇ ਆਥਣ ਨੂੰ ਸੁੱਕੀਆਂ ਲਾਲ ਮਿਰਚਾਂ ਸਾਡੇ ਸਿਰਾਂ ਉਤੋਂ ਦੀ ਵਾਰ ਕੇ ਚੁੱਲ੍ਹੇ 'ਚ ਸੁੱਟਦੀ ਹੋ। ਕਦੇ-ਕਦੇ ਉਹ ‘ਸੰਗਰਾਂਦ' ਦਾ ਵਰਤ ਵੀ ਰਖਦੀ ਹੈ। ਜਦੋਂ ਕਦੇ ਮੇਰੀ ਮਾਂ ਦੀ ਸਹੇਲੀ ਗੋਮਾ ਦੁਪਹਿਰ ਨੂੰ ਸਾਡੇ ਘਰ ਆਕੇ ਸਨਾਤਨ-ਧਰਮ ਮੰਦਰ ਜਾਣ ਲਈ ਆਖਦੀ ਹੈ ਤਾਂ ਉਹ ਉਥੇ ਵੀ ਚਲੀ ਜਾਂਦੀ ਹੈ ਅਤੇ ਜਾਂਦੀ ਹੋਈ ਸਾਨੂੰ

ਆਖ ਜਾਂਦੀ ਹੈ ਕਿ ਤੁਸੀਂ ਆਪਣੇ ਬਾਪ ਨੂੰ ਨਾ ਦੱਸਿਓ, ਕਿ ਮੈਂ ਸ਼ਿਵ-ਦੁਆਲੇ ਗਈ ਹਾਂ। ਉਥੇ ਸ੍ਰੀ ਮਦਭਾਗਵਤ ਦੀ ਕਥਾ ਹੁੰਦੀ ਹੈ।

ਮਾਂ-ਬਾਪ ਵਿਚਕਾਰ ਜਦੋਂ ਕਦੇ ਬੱਚਿਆ ਦੀ ਚਰਚਾ ਚੱਲ ਪਵੇ ਤਾਂ ਮੇਰੀ ਮਾਂ ਹੱਥ ਜੋੜਕੇ ਹੌਲੀ ਹੌਲੀ ਸੰਜਮ-ਸਹਿਤ ਆਖਦੀ ਹੈ, "ਸਲਾਮਤ ਰਹਿਣ, ਰੱਬ ਇਨ੍ਹਾਂ ਨੂੰ ਰਾਜ਼ੀ ਰੱਖੇ।"

"ਇਹ ਤੂੰ ਕੀ ਕਰਦੀ ਹੈਂ, ਮਹਾਰਾਜ! ਮਹਾਰਾਜ! ਗੱਲ ਤਾਂ ਬੱਚਿਆਂ ਦੀ ਹੋ ਰਹੀ ਹੈ।" "ਠੀਕ ਹੈ, ਠੀਕ ਹੈ" ਮਾਂ ਹੌਲੀ ਜਿਹੇ ਆਖਦੀ ਹੋਈ ਹੱਥ ਵੀ ਬੰਨੀ ਰਖਦੀ ਹੈ।

ਜਦੋਂ ਵੀ ਬੱਚਿਆਂ ਦੀ ਗੱਲ ਤੁਰਦੀ ਹੈ ਤਾਂ ਉਹ ਘਬਰਾ ਜਾਂਦੀ ਹੈ ਅਤੇ ਇਕ ਦਮ "ਸਲਾਮਤ ਰਹਿਣ, ਮਹਾਰਾਜ ਕਰੋ।" ਇਹ ਜ਼ਰੂਰ ਕਹਿੰਦੀ ਹੈ। ਸਾਨੂੰ ਮਾਂ ਦੀ ਘਬਰਾਹਟ ਦੀ ਸਮਝ ਤਾਂ ਪੈਂਦੀ ਨਹੀਂ, ਪਰ ਇੰਨਾ ਕੁ ਜ਼ਰੂਰ ਪਤਾ ਲੱਗ ਜਾਂਦਾ ਹੈ ਕਿ ਇਸ ਘਬਰਾਹਟ ਦਾ ਸਬੰਧ ਉਨ੍ਹਾਂ ਮੇਰੀਆਂ ਤਿੰਨ ਭੈਣਾ ਨਾਲ ਜੁੜਦਾ ਹੈ ਜਿਹੜੀਆਂ ਕਦੀ ਇਕ ਇਕ ਕਰਕੇ ਮਰ ਗਈਆਂ ਸਨ। ਇਨ੍ਹਾਂ ਦੇ ਨਾਂ ਘਰ ਵਿਚ ਕਦੇ ਕਦੇ ਸੁਣਨ ਨੂੰ ਆਉਂਦੇ ਹਨ। ਉਹ ਕੌਣ ਸਨ, ਕਿਹੋ ਜਹੀਆਂ ਸਨ, ਮੈਂ ਇਸ ਬਾਰੇ ਕੁਝ ਵੀ ਨਹੀਂ ਜਾਣਦਾ, ਕੇਵਲ ਇੰਨਾਂ ਕੁ ਹੀ ਪਤਾ ਹੈ ਕਿ ਉਨ੍ਹਾਂ ਵਿਚੋਂ ਇਕ ਦਾ ਨਾਂ ਸਰਸਵਤੀ ਸੀ, ਅਤੇ ਉਸਦੇ ਕਪੜਿਆਂ ਨੂੰ ਅੱਗ ਲੱਗ ਗਈ ਸੀ, ਅਤੇ ਮਾਂ ਨੇ ਉਸਨੂੰ ਮੱਚਦੀ ਨੂੰ ਪਾਣੀ ਦੇ ਟੱਬ ਵਿਚ ਸੁੱਟ ਦਿੱਤਾ ਸੀ, ਫਿਰ ਇਕ ਦਿਨ ਡਾਕਟਰ ਜਦ ਉਸ ਦੀਆਂ ਪੱਟੀਆਂ ਖੋਲ੍ਹ ਰਿਹਾ ਸੀ ਤਾਂ ਉਹ ਚੀਕਦੀ ਹੋਈ ਮਰ ਗਈ ਸੀ। ਦੂਜੀ ਦਾ ਨਾਂ ਸ਼ਾਂਤੀ ਸੀ ਉਹ ਇਕ ਦਿਨ ਸਾਡੇ ਪਸ਼ਾਵਰ ਵਾਲੇ ਘਰ ਦੇ ਜੰਗਲੇ ਕੋਲ ਬੈਠੀ ਸੀ, ਮਾਂ ਨੇ ਇਹ ਸੋਚਿਆ ਕਿ ਉਥੇ ਕੋਈ ਬਿੱਛੂ ਨਾ ਹੋਵੇ ਆਪਣੇ ਨੇੜੇ ਪੌੜੀਆਂ ਕੋਲ ਬਿਠਾ ਲਿਆ ਅਤੇ ਉਥੇ ਹੀ ਇਕ ਬਿੱਛੂ ਨਿੱਕਲ ਆਇਆ। ਉਸਦੇ ਕੱਟਣ ਨਾਲ ਉਹ ਉਥੇ ਹੀ ਮਰ ਗਈ ਸੀ। ਤੀਜੀ ਦਾ ਨਾਂ ਰਾਜ ਸੀ, ਉਹ ਮਹੀਨੇ ਕੁ ਦੀ ਹੀ ਮਰ ਗਈ। ਹੁਣ ਜਦੋਂ ਮੇਰੀ ਮਾਂ ਹੱਥ ਜੋੜਕੇ ਕਹਿੰਦੀ ਹੈ, 'ਸਲਾਮਤ ਰਹਿਣ, ਸਲਾਮਤ ਰਹਿਣ, ਮਹਾ-ਰਾਜ ਕਰੇ!' ਤਦ ਮੇਰੀਆਂ ਮਰੀਆਂ ਤਿੰਨੇ ਭੈਣਾਂ ਮੇਰੀ ਕਲਪਣਾ 'ਚ ਆ ਜਾਂਦੀਆਂ

ਹਨ, ਮੈਂ ਆਪਣੇ ਮਨ ਵਿਚ ਆਖਦਾ ਹਾਂ, ਜੇ ਉਹ ਮਰਦੀਆਂ ਨਾ ਤਾਂ ਅਸੀਂ ਸੱਤ ਬੱਚੇ ਹੁੰਦੇ, ਪੰਜ ਭੈਣਾ ਤੇ ਦੋ ਭਰਾ! ਘਰ ਵਿਚ, ਦਿਨ ਭਰ ਖੇਲ ਤਮਾਸ਼ਾ ਰਹਿੰਦਾ। ਤੇ ਮੇਰੀ ਮਾਂ ਨੂੰ ਫਿਰ ਇਹ ਸ਼ਬਦ ਕਦੇ ਵੀ ਕਹਿਣੇ ਨਾ ਪੈਂਦੇ, 'ਸਲਾਮਤ ਰਹਿਣ, ਸਲਾਮਤ ਰਹਿਣ, ਮਹਾਰਾਜ ਕਰੇ।"

0

ਅੱਜ ਘਰ ਵਿਚ ਹਵਨ ਹੋਵੇਗਾ, ਕਿਉਂਕਿ ਗੁਆਂਢ 'ਚ ਰਹਿਣ ਵਾਲੇ 'ਮਲੇਛਾਂ ਨੇ ਬੱਕਰੇ ਦੀ ਸਿਰੀ ਭੁੰਨੀ ਹੈ। ਤੁਲਸੀ ਨੇ ਜੰਗਲੇ ਨੇੜੇ ਵਿਹੜੇ ਵਿਚ ਛਿੜਕਾਅ ਕਰ ਦਿੱਤਾ ਅਤੇ ਆਸਣ ਵਿਛਾ ਦਿੱਤੇ ਹਨ। ਪਿਛਵਾੜੇ ਵਾਲੇ ਘਰ 'ਚੋਂ ਹਲਕਾ ਜਿਹਾ ਧੂੰਆਂ ਉਪਰ ਨੂੰ ਜਾ ਰਿਹਾ ਹੈ ਅਤੇ ਅਜੀਬ ਜਹੀ ਗੰਧ ਫੈਲ ਰਹੀ ਹੈ। ਰਸੋਈ ਤੋਂ ਬਾਹਰ ਮੇਰੀ ਮਾਂ ਅਤੇ ਮੇਰੀਆਂ ਦੋਵੇ ਭੈਣਾਂ ਖੜੀਆਂ ਹਨ। ਭੈਣਾਂ, ਵਾਰ ਵਾਰ ਆਪਣਾ ਨੱਕ ਚੜ੍ਹਾ ਰਹੀਆਂ ਹਨ।

"ਬੱਕਰੇ ਦੀ ਸਿਰੀ ਭੁੰਨ ਰਹੇ ਨੇ। ਪਾਪੀ, ਦੁਸ਼ਟ, ਸਾਰੇ ਮੁਹੱਲੇ ਵਿਚ ਦੁਰਗੰਧ ਫੈਲ ਗਈ ਹੈ।"

''ਬੱਕਰੀ ਦੇ ਵਾਲ ਸੜਨ ਸਮੇਂ ਅਜਿਹੀ ਬਦਬੋ ਆਉਂਦੀ ਹੈ।" ਮਾਂ ਕਹਿੰਦੀ ਹੈ। ਮੇਰੀ ਛੋਟੀ ਭੈਣ ਆਪਣਾ ਸਿਰ ਹਿਲਾਕੇ ਗੁੱਸੇ ਵਿਚ ਸਰਾਪ ਦਿੰਦੀ ਹੈ। "ਪਾਪੀ ਬੱਕਰੇ ਦੀ ਸਿਰੀ ਭੁੰਨ ਕੇ ਖਾਂਦੇ ਹੁੰਦੇ ਨੇ, ਅਗਲੇ ਜਨਮ ਇਹ ਆਪ ਬੱਕਰੇ ਬਣਨਗੇ ਅਤੇ ਇਨ੍ਹਾਂ ਦੀਆਂ ਵੀ ਸਿਰੀਆਂ ਭੁੰਨੀਆ ਜਾਣਗੀਆਂ।"

ਪਿਤਾ ਜੀ ਦੀ ਉਡੀਕ ਹੋ ਰਹੀ ਹੈ, ਉਹ ਹੇਠਾਂ ਤੋਂ ਉਪਰ ਆਉਣ ਤਾਂ ਹਵਨ ਸ਼ੁਰੂ ਹੋਵੇ। ਉਂਜ ਤਾਂ ਪਿਤਾ ਜੀ ਦੀ ਹਵਨ ਵਿਚ ਵਿਸ਼ੇਸ਼ ਰੁਚੀ ਨਹੀਂ ਕਿਉਂਕਿ ਹਵਨ ਵਿਚ ਸਮਾਂ ਬਹੁਤ ਲੱਗ ਜਾਂਦਾ ਹੈ।

"ਤੁਸੀਂ ਸ਼ੁਰੂ ਕਰੋ, ਮੈਂ ਹੁਣੇ ਆਉਂਦਾ ਹਾਂ।" ਆਮ ਤੌਰ ਤੇ ਉਹ ਇਉਂ ਆਖ ਦਿੰਦੇ ਹਨ ਪਰ ਆਉਂਦੇ ਨਹੀਂ। ਪਰ ਅੱਜ ਤਾਂ ਮੇਰੀ ਮਾਂ ਉਨ੍ਹਾਂ ਨੂੰ ਜੰਗਲੇ ਤੋਂ ਤਿੰਨ ਵਾਰ ਬੁਲਾ

ਚੁੱਕੀ ਹੈ। ਮੈਨੂੰ ਤਾਂ ਹਵਨ ਬੇਹੱਦ ਵਧੀਆ ਲਗਦਾ ਹੈ। ਅੱਗ ਦੀਆਂ ਲਪਟਾਂ ਅੱਖਾਂ ਦੇ ਸਾਹਮਣੇ ਕਈ ਕਿਸਮਾਂ ਦੇ ਰੂਪ ਬਣਾ ਕੇ ਨੱਚਣ ਜਹੀਆਂ ਲਗਦੀਆਂ ਹਨ। ਕਦੇ ਕਦੇ ਮੇਰੀ ਮਾਂ ਮੇਰੀ ਹਥੇਲੀ ਉਪਰ ਵੀ ਪਾਣੀ ਪਾ ਦਿੰਦੀ ਹੈ ਅਤੇ ਪੀਣ ਲਈ ਆਖਦੀ ਹੈ। ਮੈਂ ਵੀ ‘ਵਾਙ ਮੇ ਆਸੇਅਸਤੁ।[2] ਕਹਿੰਦਾ ਹੋਇਆ, ਮੈਂ ਆਪਣੀ ਮਾਂ ਨੂੰ ਵੇਖ, ਵਾਰੀ ਵਾਰੀ ਨਾਲ ਅੱਖਾਂ, ਨਾਸਾਂ ਅਤੇ ਕੰਨਾਂ ਉਤੇ ਭਿੱਜੀਆਂ ਉਂਗਲਾਂ ਦੇ ਪੋਟੇ ਰਖਦਾ ਹਾਂ ਅਤੇ ਫੇਰ ਬਚੇ ਹੋਏ ਪਾਣੀ ਨੂੰ ਸਿਰ ਪਿਛੋਂ ਛਿੜਕ ਦਿੰਦਾ ਹਾਂ 'ਅਯੰਤ ਇਦਮ। ਆਤਮਾ...।[3] ਦਾ ਮੰਤਰ ਵੀ ਮੈਨੂੰ ਜ਼ਬਾਨੀ ਯਾਦ ਹੋ ਗਿਆ ਹੈ, ਇਸ ਮੰਤਰ ਦਾ ਉਚਾਰਣ ਪੰਜ ਵਾਰ ਕੀਤਾ ਜਾਂਦਾ ਹੈ ਅਤੇ ਮੈਂ ਇਹ ਮੰਤਰ ਉੱਚੀ ਆਵਾਜ਼ ਵਿਚ ਸਾਰਿਆਂ ਨਾਲ ਮਿਲਕੇ ਬੋਲਦਾ ਹਾਂ।

"ਹਵਨ ਦੀ ਪਵਿੱਤਰ ਸਮੱਗਰੀ ਦੇ ਜਲਣ ਨਾਲ ਜਿਹੜਾ ਧੂਆਂ ਉਠੇਗਾ, ਉਹ ਮਲੇਛਾਂ ਦੇ ਪੈਦਾ ਕੀਤੇ ਧੂਏਂ ਨੂੰ ਖਤਮ ਕਰ ਦੇਵੇਗਾ।" ਤੁਲਸੀ ਆਪਣੀ ਉੱਚੀ ਖਰਵੀ ਆਵਾਜ਼ ਵਿਚ ਕਹਿ ਰਿਹਾ ਹੈ। ਇਸ ਗੱਲ ਉਤੇ ਮੇਰੀਆਂ ਦੋਵੇਂ ਭੈਣਾਂ ਹੱਸ ਪੈਂਦੀਆਂ ਹਨ।

ਪਿਤਾ ਜੀ ਪੌੜੀਆਂ ਚੜਕੇ ਉਪਰ ਆ ਗਏ ਹਨ ਅਤੇ ਹੱਥ ਧੋਕੇ ਆਪਣੇ ਆਸਣ ਉੱਤੇ ਬੈਠ ਜਾਂਦੇ ਹਨ। ਤੁਲਸੀ ‘ਤੰਦੂਰ' ਕੋਲ ਬੈਠ ਚਿਮਨੀਆਂ ਸਾਫ ਕਰਨ ਲੱਗ ਪਿਆ ਹੈ। ਮਾਤਾ ਜੀ ਅਤੇ ਪਿਤਾ ਜੀ ਇਕ-ਦੂਜੇ ਦੇ ਸਨਮੁਖ ਬੈਠ ਗਏ, ਮੈਂ ਤੇ ਮੇਰਾ ਭਰਾ ਇਕ ਪਾਸੇ ਅਤੇ ਮੇਰੀਆਂ ਦੋਨੋਂ ਭੈਣਾਂ ਦੂਜੇ ਪਾਸੇ ਬੈਠ ਗਈਆਂ। ਪਹਿਲਾਂ ਮੰਤਰ ਪੜ੍ਹੇ ਜਾ ਰਹੇ ਹਨ, ਇਸ ਦੌਰਾਨ ਮਾਂ ਹਵਨ-ਕੁੰਡ ਵਿਚ ਲੱਕੜਾਂ ਧਰ ਰਹੀ ਹੈ। ਇਸ ਮਗਰੋਂ ਪਾਣੀ ਦੀਆਂ ਚੂਲੀਆਂ ਪੀਤੀਆਂ ਜਾਂਦੀਆਂ ਹਨ। ਫਿਰ ਹਵਨ-ਕੁੰਡ ਦੇ ਚਾਰੇ-ਪਾਸੇ ਵਾਰੀ ਵਾਰੀ ਪਾਣੀ ਸੁੱਟਿਆ ਜਾਂਦਾ ਹੈ। ਅੱਗ ਦੇ ਮੱਚ-ਜਾਣ ਮਗਰੋਂ ਘਿਉ ਦੀਆਂ ਆਹੁਤੀਆਂ ਸਿਰਫ ਪਿਤਾ ਜੀ ਹੀ ਪਾਉਂਦੇ ਹਨ, ਬਾਕੀ ਸਾਰੇ ਜਣੇ ‘ਸਮੱਗਰੀ' ਦੀਆ ਆਹੂਤੀਆਂ ਪਾਉਂਦੇ ਹਾਂ। ਮੈਨੂੰ ਇਹ ਕੰਮ ਪੱਖਪਾਤੀ ਲਗਦਾ ਹੈ।

---

[2] ਮੇਰੇ ਮੂੰਹ 'ਚ ਵਾਕ-ਸ਼ਕਤੀ ਬਣੀ ਰਹੇ।

[3] ਮੇਰੀ ਇਹ ਆਤਮਾ, ਹੇ ਪ੍ਰਭੂ ਤੇਰੀ ਸਮਿਧਾ (ਲੱਕੜੀ) ਹੈ।

"ਥੋੜ੍ਹੀ ਥੋੜ੍ਹੀ ਸਾਮੱਗਰੀ ਪਾ ਨਹੀਂ ਤਾਂ ਕੌਲੀ 'ਚੋਂ ਸਮੱਗਰੀ ਖਤਮ ਹੋ ਜਾਵੇਗੀ।" ਮੇਰਾ ਵੱਡਾ ਭਰਾ ਮੇਰੇ ਗੋਡੇ ਉਤੇ ਹੱਥ ਮਾਰਕੇ ਮੈਨੂੰ ਸਮਝਾਉਂਦਾ ਹੈ। ਦੋ ਤਿੰਨ ਆਹੂਤੀਆਂ ਪੈ ਜਾਣ ਨਾਲ ਅੱਗ ਦੀ ਲਪਟ ਦਬ ਗਈ ਅਤੇ ਹਵਨ-ਕੁੰਡ ਵਿਚੋਂ ਧੂੰਆਂ ਨਿਕਲਣ ਲੱਗਿਆ। ਧੂਆਂ ਭਾਵੇਂ ਮੇਰੀਆਂ ਅੱਖਾਂ ਵਿਚ ਕੁੜੱਤਣ ਲਿਆ ਰਿਹਾ ਹੈ, ਪਰ ਫਿਰ ਵੀ ਮੈਂ ਅੱਖਾਂ ਖੋਲ੍ਹੀ ਬੈਠਾ ਹਾਂ। ਜਦੋਂ ਹਵਨ-ਕੁੰਡ ਵਿਚ ਅੱਗ ਤੇਜ਼ ਹੋ ਜਾਂਦੀ ਹੈ ਅਤੇ ਬਾਕੀ ਸਾਰੇ ਆਪਣੇ ਆਪਣੇ ਆਸਨ ਪਿੱਛੇ ਖਿਸਕਾਉਣ ਲਗਦੇ ਹਨ। ਮੈਂ ਤਾਂ ਤਦ ਵੀ ਆਪਣੇ ਆਸਣ ਤੇ ਹੀ ਬੈਠਾ ਰਹਿੰਦਾ ਹਾਂ। ਕਿਉਂਕਿ ਸੱਚੇ ਆਰੀਆ, ਧੂਏਂ ਨੂੰ, ਅੱਖਾਂ ਦੇ ਅੰਦਰ ਜਾਣ ਦਿੰਦੇ ਹਨ। ਇਹ ਅੱਗ ਦੀਆਂ ਲਾਟਾਂ ਦੇ ਨੇੜੇ ਹੋਣ ਕਰਕੇ ਮੇਰਾ ਚਿਹਰਾ ਵੀ ਲਾਲ ਹੋ ਜਾਂਦਾ ਹੈ ਅਤੇ ਭਰਾ ਦੇ ਲਾਲ ਚਿਹਰੇ ਵਾਂਗ ਚਮਕਣ ਲਗਦਾ ਹੈ, ਨਹੀਂ ਤਾਂ ਆਮ ਕਰਕੇ ਮੇਰਾ ਮੂੰਹ ਪੀਲਾ ਪੀਲਾ ਹੀ ਰਹਿੰਦਾ ਹੈ।

ਹਵਨ-ਕੁੰਡ ਵਿਚੋਂ ਫੂ ਫੂ ਕਰਕੇ ਧੂੰਆਂ ਉਠ ਰਿਹਾ ਹੈ ਅਤੇ ਇੰਜ ਉਹ ਮਲੇਛਾ ਦੇ ਧੂੰਏ ਨੂੰ ਪਰ੍ਹੇ ਸੁੱਟ ਰਿਹਾ ਹੈ। ਸਾਰੇ ਵਾਯੂ-ਮੰਡਲ ਵਿਚ ਸੁਗੰਧ ਫੈਲ ਗਈ। ਤੁਲਸੀ ਅਜੇ ਵੀ ਚਿਮਨੀਆਂ ਸਾਫ ਕਰ ਰਿਹਾ ਹੈ। ਮੰਤਰ ਬੋਲਦਿਆਂ ਮੇਰੇ ਪਿਤਾ ਜੀ ਦੀ ਆਵਾਜ਼ ਸਭ ਤੋਂ ਉੱਚੀ ਹੁੰਦੀ ਹੈ।

ਹਵਨ ਮਗਰੋਂ ਪ੍ਰਾਰਥਨਾ ਹੋਣ ਲੱਗੀ ਹੈ। ਪਿਤਾ ਜੀ, ਹੱਥ-ਜੋੜ, ਅੱਖਾਂ ਬੰਦ ਕਰ ਪਹਿਲਾਂ ਇਕ ਦੋ ਮੰਤਰ ਬੋਲਣਗੇ ਤੇ ਫੇਰ ਹੇ ਪ੍ਰਮਾਤਮਾ, ਹੇ ਸੱਚੇ ਪਾਤਸ਼ਾਹ, ਹੇ ਪ੍ਰਭੂ, ਹੇ ਅੰਤਰਜਾਮੀ...ਕਹਿੰਦੇ ਹੋਏ, ਪ੍ਰਾਰਥਨਾ ਆਰੰਭ ਕਰਨਗੇ। ਅਸੀਂ ਸਾਰਿਆਂ ਨੇ ਵੀ ਅੱਖਾਂ ਬੰਦ ਕਰ ਲਈਆਂ, ਹੱਥ ਗੋਦੀ ਵਿਚ ਰੱਖ ਲਏ ਅਤੇ ਸਿਰ ਝੁਕਾ ਲਏ ਹਨ।

'ਤਮੀਸ਼ਰਾਣਾਂ ਪਰਮਯ ਮਹੇਸ੍ਵਰਅਮਾਂ[4]

ਤਮਯਮ ਦੇਵਤਾਨਯਮ......"

---

[4] ਹੇ ਪਰਮਾਤਮਾ ਤੁਸੀਂ ਮਹਾਨ ਹੋ, ਸਭ ਤੋਂ ਵੱਡੇ ਹੋ। "ਤੁਸੀਂ ਹੀ ਦੇਵਤਾ ਹੋ" ਭਾਵ ਦੇਵਤਿਆਂ ਦੇ ਦੇਵਤਾ ਹੈ।

ਪਿਤਾ ਜੀ ਪ੍ਰਾਰਥਨਾ ਤੋਂ ਪਹਿਲਾਂ ਮੰਤਰ ਪੜ੍ਹਦੇ ਪੜ੍ਹਦੇ, ਅਚਾਨਕ ਰੁਕ ਗਏ। ਅਸੀਂ ਭਮੱਤਰ ਜਿਹੇ ਗਏ, ਪਿਤਾ ਜੀ ਫੇਰ ਮੰਤਰ ਸ਼ੁਰੂ ਕਰਦੇ ਹਨ।

"ਤਮੀਰਾਣਾਂ ਪਰਮਯ ਮਹੇਸ਼੍ਵਰਅਮ[5]

ਤਮਯਮ ਦੇਵਤਾਨਯਮ ...

ਪਿਤਾ ਜੀ ਫੇਰ ਰੁਕ ਗਏ। ਕੀ ਉਨ੍ਹਾਂ ਨੂੰ ਮੰਤਰ ਭੁੱਲ ਗਿਆ? ਮੈਂ ਅੱਖਾਂ ਖੋਲ੍ਹਦਾ ਹਾਂ। ਦੋਨੋਂ ਭੈਣਾਂ ਦੀਆਂ ਅੱਖਾਂ ਵੀ ਖੁੱਲ੍ਹੀਆਂ ਹਨ ਅਤੇ ਉਹ ਪਿਤਾ ਜੀ ਵੱਲ ਵੇਖੀ ਜਾ ਰਹੀਆਂ ਹਨ। ਅਚਾਨਕ 'ਤੰਦੂਰ' ਵਾਲੇ ਪਾਸਿਓਂ ਤੁਲਸੀ ਦੀ ਉੱਚੀ ਖਰਵੀ ਆਵਾਜ਼ ਸੁਣਾਈ ਦਿੰਦੀ ਹੈ।

"....ਪਰਮਯ 'ਚ ਦੇਵਤਯਮ"[6]

ਮੰਤਰ ਦੀ ਇਹ ਤੁਕ ਪਿਤਾ ਜੀ ਨੂੰ ਭੁੱਲ ਗਈ ਸੀ। ਇਸ ਨੂੰ ਸੁਣ ਕੇ, ਮੇਰੇ ਪਿਤਾ ਜੀ ਫਿਰ ਮੰਤਰ ਬੋਲਣ ਲਗਦੇ ਹਨ ਅਤੇ ਸਾਰਾ ਮੰਤਰ ਬੋਲ ਜਾਂਦੇ ਹਨ।

ਮੇਰੇ ਦਿਲ ਵਿਚ ਧਕ-ਧਕ ਹੋਣ ਲੱਗ ਪਈ, ਮੈਂ ਆਪਣੀਆਂ ਅੱਖਾਂ ਖੋਲ੍ਹ ਕੇ ਤੁਲਸੀ ਵੱਲ ਵੇਖਦਾ ਹਾਂ। ਛੋਟੀ ਭੈਣ ਸਿਰ ਮੋੜੀ ਤੁਲਸੀ ਵੱਲ ਵੇਖ ਰਹੀ ਹੈ। ਤੁਲਸੀ ਵਿਚ ਬੋਲਿਆ ਹੈ, ਉਸ ਨੂੰ ਜ਼ਰੂਰ ਝਿੜਕਾਂ ਪੈਣਗੀਆਂ।

"ਪਰਮ 'ਚ ਦੈਵਤਮ......

ਪਨਤਿ ਪਤੀਨਾਮ ਪਰਮ ਪਰਸਤਾਤ ਵਿਧਾਮ ਦੇਵਮ ਭੁਵਨੇਂਸ਼ੁ ਮੀਡਯਮ[7]

"ਹੇ ਈਸ਼ਵਰ, ਹੇ ਸੱਚੇ ਪਾਤਸ਼ਾਹ, ਹੇ ਪ੍ਰਭੂ, ਹੇ ਅੰਤਰਯਾਮੀ।......'

---

[5] ਉਹੀ

[6] ਅਤੇ ਤੁਸੀਂ ਸਭ ਤੋਂ ਵੱਡੇ ਦੇਵਤਾ ਹੈ। "..... ਉਸ ਪਰਮ ਪਿਤਾ ਪਰਮਾਤਮਾ ਨੂੰ"

[7] ਜਿਹੜਾ ਸਾਰੇ ਰਾਖਿਆਂ 'ਚੋ ਰੱਖਿਅੱਕ ਰੂਪ 'ਚ ਵਿਦਮਾਨ ਸੀ। ਇਸ ਸਾਰੇ ਬ੍ਰਹਿਮੰਡ 'ਚ ਵਿਦਮਾਨ ਹੋਣ ਕਾਰਣ ਆਰਤੀ ਉਤਾਰਣ ਦੇ ਯੋਗ ਹੈ।

ਪ੍ਰਾਰਥਨਾ ਸ਼ੁਰੂ ਹੋ ਗਈ। ਤੁਲਸੀ ਲੈਂਪ ਦੀ ਚਿਮਨੀ ਨੂੰ ਇਕ ਹੱਥ 'ਚ ਲਈ ਦੂਜੇ ਹੱਥ ਵਾਲੇ ਮੈਲੇ ਕੱਪੜੇ ਨਾਲ ਸਾਫ਼ ਕਰ ਰਿਹਾ ਹੈ।

'ਹੇ ਦੀਨਾ ਨਾਥ, ਇਸ ਛੋਟੇ ਜਿਹੇ ਪਰਿਵਾਰ ਵਿਚ ਸੁਖ ਹੋਵੇ, ਹੇ ਕਿਰਪਾ ਨਿਧਾਨ......'

ਮੈਂ ਅਜੇ ਵੀ ਡਰ ਰਿਹਾ ਹਾਂ। ਮੇਰਾ ਭਰਾ ਥੋੜ੍ਹਾ ਕੁ ਝੁਕਿਆ ਹੋਇਆ ਹੈ, ਉਹ ਅਜੇ ਵੀ ਅੱਖਾਂ ਨਹੀਂ ਖੋਲ੍ਹਦਾ। ਮੇਰੀ ਮਾਂ ਮੂਰਤੀ ਵਾਂਗ ਇਕਾਗਰ ਚਿੱਤ ਬੈਠੀ ਹੈ। ਪ੍ਰਾਰਥਨਾ ਦੇ ਅਖੀਰ ਵਿਚ ਮੇਰੇ ਪਿਤਾ ਜੀ ਦੀ ਆਵਾਜ਼ ਕੰਬਣ ਲਗਦੀ ਹੈ, ਕੰਬਦੀ ਆਵਾਜ਼ ਵਿਚ ਉਹ ਆਖਦੇ ਹਨ, "ਸਾਡੇ ਔਗੁਣਾਂ ਨੂੰ ਮਾਫ਼ ਕਰੋ, ਮਾਫ਼ ਕਰੋ, ਮਾਫ ਕਰੋ। ਇਸ ਘਰ ਉਤੇ ਆਪ ਦੀ ਮਿਹਰ ਭਰੀ ਨਜ਼ਰ ਬਣੀ ਰਹੇ, ਤੁਹਾਡੇ ਅੱਗੇ ਭਗਵਾਨ, ਇਹ ਹੀ ਸਾਡੀ ਬੇਨਤੀ ਹੈ, ਬੇਨਤੀ ਸਵੀਕਾਰ ਕਰੋ, ਸਵੀਕਾਰ ਕਰੋ, ਸਵੀਕਾਰ ਕਰੋ......।"

ਸਾਰਿਆਂ ਦੀਆਂ ਗਰਦਨਾਂ ਝੁਕ ਜਾਂਦੀਆਂ ਹਨ।

"ਓਮ ਸ਼ਾਂਤੀ : ਸ਼ਾਂਤੀ : ਸ਼ਾਂਤੀ : 1'

ਹੁਣ ਪਿਤਾ ਜੀ ਅੱਖਾਂ ਖੋਲ੍ਹ ਕੇ ਤੁਲਸੀ ਵੱਲ ਵੇਖਦੇ ਹਨ। ਇਸ ਨਾਲ ਮੇਰਾ ਦਿਲ ਫਿਰ ਧੱਕ-ਧੱਕ ਕਰਨ ਲੱਗਾ। ਪਰ ਮੇਰੇ ਪਿਤਾ ਜੀ ਮੁਸਕਾਉਂਦੇ ਹਨ, 'ਤੂੰ ਤਾਂ ਤੁਲਸੀ ਗੁਣਾਂ ਦੀ ਗੁਥਲੀ ਨਿੱਕਲਿਆ, ਤੈਨੂੰ ਹੋਰ ਮੰਤਰ ਵੀ ਯਾਦ ਹਨ!"

"ਸੰਧਿਆ ਦੇ ਮੰਤਰ ਵੀ?"

"ਹਾਂ, ਪਿਤਾ ਜੀ ਯਾਦ ਹਨ।"

ਮਾਂ ਟਿਕਟਿਕੀ ਲਾਈ ਪਿਤਾ ਜੀ ਵੱਲ ਵੇਖੀ ਜਾ ਰਹੀ ਹੈ ਤੇ ਆਖਦੀ ਹੈ : 'ਰੋਜ਼ ਕੰਨਾਂ 'ਚ ਪੈਂਦੇ ਰਹਿੰਦੇ ਹਨ, ਯਾਦ ਕਿਉਂ ਨਾ ਹੋਣਗੇ।"

ਪਿਤਾ ਜੀ ਪਹਿਲਾਂ ਵਾਂਗ ਹੀ ਮੁਸਕਰਾ ਕੇ ਕਹਿੰਦੇ ਹਨ, ਹਵਨ ਤੇ ਸੰਧਿਆ ਵਿਚ ਤੂੰ ਵੀ ਸਾਡੇ ਨਾਲ ਬੈਠਿਆ ਕਰ। ਉੱਠ ਹੱਥ ਧੋਕੇ ਆ ਜਾ।"

"ਵੇਖੋ ਜੀ......" ਮਾਂ ਵਿਚ ਦੀ ਬੋਲ ਪੈਂਦੀ ਹੈ ਪਰ ਫਿਰ ਇਕਦਮ ਰੁਕ ਜਾਂਦੀ ਹੈ।

"ਆ ਜਾ, ਆ ਜਾ ਸ਼ਾਬਾਸ਼।"

ਤੁਲਸੀ ਝੱਟ ਖੜਾ ਹੋ ਜਾਂਦਾ ਹੈ, ਹੱਥ ਧੋ ਕੇ ਤੰਦੂਰ ਦੇ ਸਾਹਮਣੇ ਮਾਤਾ ਜੀ ਦੇ ਆਸਣ ਤੋਂ ਥੋੜਾ ਕੁ ਪਾਸੇ ਹੋ ਕੇ ਬੈਠ ਜਾਂਦਾ ਹੈ।

ਸੰਧਿਆ ਸ਼ੁਰੂ ਹੋਣ ਤੋਂ ਪਹਿਲਾਂ ਇਕ ਵਾਰ ਮਾਂ ਫਿਰ ਕਹਿੰਦੀ ਹੈ, "ਵੇਖੋ ਜੀ ਘਰ ਦਾ ਸਾਰਾ ਕੰਮ ਪਿਆ ਹੈ......" ਇਸ ਮਗਰੋਂ ਆਪਣਾ ਨੱਕ ਚਾੜ੍ਹਦੀ ਹੱਥ ਨੂੰ ਝਟਕਦੀ ਚੁੱਪ ਹੋ ਜਾਂਦੀ ਹੈ।

ਸਹਿਗਾਨ ਵਾਂਗ ਸੰਧਿਆ ਅਰੰਭ ਹੋ ਗਈ। ਤੁਲਸੀ ਨਿਧੜਕ ਹੋ ਕੇ, ਆਪਣੀ ਉੱਚੀ ਤੇ ਖਰ੍ਹਵੀ ਆਵਾਜ਼ ਵਿਚ ਮੰਤਰ ਬੋਲਣ ਲੱਗ ਪਿਆ। ਮੈਂ, ਹੌਲੀ ਜਿਹੇ ਆਪਣੀਆਂ ਅੱਖਾਂ ਖੋਲ੍ਹਦਾ ਹਾਂ। ਵੇਖਿਆ ਕਿ ਮੇਰੀ ਵੱਡੀ ਭੈਣ ਆਪਣੀ ਹਾਸੀ ਰੋਕਣ ਲਈ ਆਪਣੀ ਚੁੰਨੀ ਦਾ ਇਕ ਲੜ ਆਪਣੇ ਮੂੰਹ 'ਚ ਲੈ ਰਹੀ ਹੈ। ਇਸ ਤਰ੍ਹਾਂ ਹੀ ਮੇਰੀ ਛੋਟੀ ਭੈਣ ਆਪਣੇ ਹਾਸੇ ਨੂੰ ਰੋਕਣ ਲਈ, ਸਰਕਦੀ ਹੋਈ, ਥੋੜ੍ਹਾ ਕੁ ਪਿੱਛੇ ਬੈਠ ਗਈ ਹੈ।

ਭੈਣ ਨੂੰ ਆਪਣਾ ਹਾਸਾ ਦਬਾਉਂਦਿਆਂ ਵੇਖ, ਮੈਨੂੰ ਵੀ ਹਾਸੀ ਅਉਣ ਲੱਗੀ, ਪਰ ਮੈਂ ਤਾਂ ਇਕ ਦਮ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹਾਂ। ਅੱਖਾਂ ਬੰਦ ਕਰਕੇ ਮੈਂ ਆਪਣੇ ਭਰਾ ਵਾਂਗ ਇਕਾਗਰ-ਚਿੱਤ ਹੋ ਕੇ ਬੈਠ ਜਾਂਦਾ ਹਾਂ।

ਤੁਲਸੀ ਦੀ ਆਵਾਜ਼ ਪਹਿਲਾਂ ਨਾਲੋਂ ਵੀ ਉੱਚੀ ਹੋ ਗਈ। ਇਹ ਆਵਾਜ਼ ਪਿਤਾ ਜੀ ਦੀ ਆਵਾਜ਼ ਨਾਲੋਂ ਵੀ ਉੱਚੀ ਹੈ। ਤੁਲਸੀ ਸੰਗਿਆ ਦੇ ਮੰਤਰ ਜ਼ਿਆਦਾ ਤੇਜ਼ੀ ਨਾਲ ਪੜ੍ਹ ਰਿਹਾ ਹੈ, ਜਿਸ ਕਾਰਣ ਮਾਤਾ ਜੀ ਤੇ ਪਿਤਾ ਜੀ ਪਿੱਛੇ ਰਹਿ ਜਾਂਦੇ ਹਨ। ਪਿਤਾ ਜੀ ਵਾਰ ਵਾਰ ਰੁਕਦੇ ਹਨ, ਇਸ ਤੇ ਮੈਂ ਫਿਰ ਅੱਖਾਂ ਖੋਲ੍ਹ ਲੈਂਦਾ ਹਾਂ। ਪਿਤਾ ਜੀ ਦੇ ਚਿਹਰੇ ਤੇ ਭੋਰਾ-

ਭਰ ਵੀ ਕਰੋਧ ਦੇ ਭਾਵ ਨਹੀਂ, ਸਗੋਂ ਉਹ ਤਾਂ ਬੜੇ ਹੀ ਖੁਸ਼ ਦਿਸਦੇ ਹਨ। ਦੂਜੇ ਪਾਸੇ ਮੇਰੀ ਛੋਟੀ ਭੈਣ ਨੇ ਆਪਣੀ ਹਾਸੀ ਰੋਕਣ ਲਈ ਅਜੇ ਵੀ ਮੂੰਹ 'ਚ ਚੁੰਨੀ ਲਈ ਹੋਈ ਹੈ। ਦੋਵੇਂ ਭੈਣਾਂ ਪਲ ਭਰ ਲਈ ਇਕ ਦੂਸਰੇ ਵਲ ਵੇਖਦੀਆਂ ਹਨ ਫਿਰ ਝੱਟ ਮੂੰਹ ਫੇਰ ਲੈਂਦੀਆਂ ਹਨ। ਮੈਂ ਡਰ ਰਿਹਾ ਹਾਂ। ਭੈਣਾਂ ਆਪਣਾ ਹਾਸਾ ਰੋਕ ਨਹੀਂ ਸਕਣਗੀਆਂ, ਹਫ਼ ਹਫ਼ ਕਰਕੇ ਉਹ ਹੱਸ ਪੈਣਗੀਆਂ ਤੇ ਇਸ ਗੱਲ ਨਾਲ ਪਿਤਾ ਜੀ ਬਹੁਤ ਗੁੱਸੇ ਹੋਣਗੇ। ਮਾਂ ਗੁੰਮ ਸੁੰਮ ਬੈਠੀ ਹੈ, ਕਦੇ ਕਦੇ ਉਹ ਸੰਧਿਆ ਦੇ ਮੰਤਰ ਗੁਣਗੁਣਾਉਂਦੀ ਹੋਈ ਚੁੱਪ ਹੋ ਜਾਂਦੀ ਹੈ। ਅੱਜ ਵੀ ਮਾਂ ਦਾ ਮਨ ਸੰਧਿਆ 'ਚ ਲੱਗ ਨਹੀਂ ਰਿਹਾ। ਤੁਲਸੀ ਮੰਤਰ ਦੇ ਉਚਾਰਣ ਕਰਨ ਵਿਚ ਫਿਰ ਅੱਗੇ ਨਿਕਲ ਗਿਆ। ਪਿਤਾ ਜੀ ਦੀਆਂ ਅੱਖਾਂ ਖੁੱਲ੍ਹੀਆਂ ਤੇ ਉਹ ਤੁਲਸੀ ਵੱਲ ਵੇਖ ਮੁਸਕਰਾ ਰਹੇ ਹਨ। ਅੱਜ ਪਿਤਾ ਜੀ ਬਹੁਤ ਖੁਸ਼ ਹਨ।

ਸੰਧਿਆ ਖਤਮ ਹੋ ਗਈ, ਹੁਣ ਪਿਤਾ ਜੀ ਬਿਨਾ ਕਿਸੇ ਨੂੰ ਕੁਝ ਕਹੇ ਤਾੜੀ ਵਜਾ ਵਜਾ ਕੇ ਰੱਬ ਦੀ ਪ੍ਰਸੰਸਾ ਦੇ ਗੀਤ ਗਾਉਣ ਲੱਗੇ।

“ਜੀਵ ਸਭ ਸੰਸਾਰ ਦੇ, ਗਿਣਤੀ ਨਾ ਆਖੀ ਜਾਂਵਦੀ

ਅੰਨ ਪਾਣੀ ਦਾਨ ਕਰਦਾ, ਜੋ ਕਿਸੇ ਮਨ ਭਾਵਦੀ......’

ਤੁਲਸੀ ਦੀ ਆਵਾਜ਼ ਹੁਣ ਵੀ ਆ ਮਿਲੀ ਹੈ। ਪਿਤਾ ਜੀ ਦੀ ਉੱਚੀ, ਬੇਮੇਲ ਅਵਾਜ਼ ਅਤੇ ਤੁਲਸੀ ਰਾਮ ਦੀ ਖਰਵੀ ਉੱਚੀ ਅਵਾਜ਼ ਵਿਚ ਮੁਕਾਬਲਾ ਜਿਹਾ ਹੋਣ ਲੱਗ ਪਿਆ। ਪਿਤਾ ਜੀ ਗਾਉਂਦੇ ਗਾਉਂਦੇ ਹੌਲੀ ਹੌਲੀ ਤਾੜੀ ਜ਼ਰੂਰ ਵਜਾਉਂਦੇ ਹਨ: ਕਦੇ ਕਦੇ ਉਨ੍ਹਾਂ ਦਾ ਸਿਰ ਇਕ ਪਾਸੇ ਨੂੰ ਟੇਢਾ ਹੋ ਜਾਂਦਾ ਹੈ।

ਤੁਲਸੀ ਨੇ ਅਜੇ ਗਾਉਣਾ ਆਰੰਭ ਹੀ ਕੀਤਾ ਸੀ, ਜਦੋਂ ਦੋਵੇਂ ਭੈਣਾਂ ਦੀ ਹਾਸੀ ਫੁਲਝੜੀ ਵਾਂਗ ਫੁੱਟ ਪਈ ਅਤੇ ਦੋਵੇਂ ਜ਼ਮੀਨ ਉਤੇ ਲੋਟ-ਪੋਟ ਹੋ ਰਹੀਆਂ ਹਨ, ਅਤੇ ਮੂੰਹ ਵਿਚ ਚੁੰਨੀ ਦਾ ਲੜ ਲੈਣ ਦੀ ਨਿਸਫਲ ਕੋਸ਼ਿਸ਼ ਕਰ ਰਹੀਆਂ ਹਨ।

ਅਚਾਨਕ ਮੇਰੀ ਮਾਂ ਵੀ ਹੱਸਣ ਲੱਗੀ ਜਦੋਂ ਮਾਂ ਹੱਸਦੀ ਹੈ ਤਾਂ ਉਸਦਾ ਢਿੱਡ ਥਲ ਥਲ ਕਰਦਾ ਹੈ। ਉਹ ਥੋੜ੍ਹਾ ਕੁ ਚਿਰ ਹੱਸਦੀ ਹੈ। ਪਰ ਜਦੋਂ ਉਸਦੀ ਦੇਹ ਹਿੱਲਣ ਲਗਦੀ

ਹੈ ਤਾਂ ਉਹ ਚੁੱਪ ਹੋ ਜਾਂਦੀ ਹੈ ਅਤੇ ਪਹਿਲਾਂ ਵਾਂਗ ਪੱਥਰ ਦੀ ਮੂਰਤੀ ਬਣ ਜਾਂਦੀ ਹੈ। ਕੁਝ ਦੇਰ ਮਗਰੋਂ ਉਸ ਵਿਚ ਹਿਲ ਜੁਲ ਪਰਤ ਆਉਂਦੀ ਹੈ।

"ਵਿਦਿਆ-ਬਿਮਲਾ " ਪਿਤਾ ਜੀ ਨੇ ਝਿੜਕਦਿਆਂ ਆਵਾਜ਼ ਦਿੱਤੀ।

ਦੋਵੇਂ ਭੈਣਾਂ ਚੁੱਪ ਤਾਂ ਹੋ ਗਈਆਂ ਪਰ ਘੜੀ ਪਲ ਲਈ। ਤੁਲਸੀ ਵੱਲ ਵੇਖਦੇ ਹੀ ਉਨ੍ਹਾਂ ਦਾ ਸਾਰਾ ਸੰਜਮ ਖਤਮ ਹੋ ਜਾਂਦਾ ਹੈ। ਤੁਲਸੀ, ਅਜੇ ਵੀ ਆਪਣਾ ਮੂੰਹ ਉੱਚਾ ਕਰੀ ਗਾ ਰਿਹਾ ਹੈ। ਇਕ ਵਾਰ ਫੇਰ ਮੇਰੀਆਂ ਭੈਣਾਂ ਦੀ ਹਾਸਾ ਬੇਕਾਬੂ ਹੋ ਗਿਆ ਤੇ ਆਖਿਰ ਉਹ ਦੋਵੇਂ ਹੀ ਉਥੋਂ ਉਠਕੇ ਬਾਹਰ ਭੱਜ ਗਈਆਂ।

ਭਜਨ, ਮਗਰੋਂ ਹੁਣ ਸ਼ਾਂਤੀ ਪਾਠ ਹੋਣ ਲੱਗ ਪਿਆ। ਸ਼ਾਂਤੀ-ਪਾਠ ਤੁਲਸੀ ਨੂੰ ਵੀ ਯਾਦ ਹੈ। ਪਰ ਸ਼ਾਂਤੀ-ਪਾਠ ਸਮਾਪਤ ਹੁੰਦਿਆਂ ਹੀ, ਮਾਤਾ ਜੀ ਆਪਣੇ ਗੋਡਿਆਂ ਉੱਤੇ ਹੱਥ ਰੱਖ ਕੇ ਉਠ ਪਏ, "ਵਿਦਿਆ ਬਿਮਲਾ, ਆਸਣ ਚੁੱਕ ਕੇ ਛੱਜੇ ਉਤੇ ਰੱਖੋ। ਜਲਦੀ ਕਰੋ ਦੇਰ ਹੋ ਰਹੀ ਹੈ।"

ਪਿਤਾ ਜੀ ਅਜੇ ਵੀ ਤੁਲਸੀ ਨੂੰ ਵੇਖ-ਵੇਖ ਮੁਸਕਰਾ ਰਹੇ ਹਨ।

"ਕੱਲ੍ਹ ਤੋਂ ਰੋਜ਼ ਸਾਡੇ ਨਾਲ ਬੈਠਿਆ ਕਰ।"

"ਹਾਂ ਬੈਠਿਆ ਕਰ।" ਮਾਤਾ ਜੀ ਵਿਚੋਂ ਹੀ ਬੋਲ ਪੈਂਦੀ ਹੈ।

"ਘਰ ਦੇ ਕੰਮ 'ਚ ਪਿਸਣ ਲਈ ਮੈਂ ਹੀ ਰਹਿ ਗਈ ਹਾਂ। ਚੱਲ ਉਠ ਤੁਲਸੀ, ਹੁਣ ਹਰਿ-ਭਜਨ ਬਹੁਤੇਰਾ ਹੋ ਗਿਆ, ਉਠ ਚੁੱਲ੍ਹਾ ਬਾਲ। ਦਿਸਦਾ ਨਹੀਂ, ਉੱਤੋਂ ਕੀ ਵੇਲਾ ਹੋ ਚੱਲਿਐ।"

ਤੁਲਸੀ ਦੇ ਜਾਣ ਮਗਰੋਂ, ਪਿਤਾ ਜੀ ਬੜੀ ਹੌਲੀ ਜਿਹੀ ਮਾਂ ਨੂੰ ਆਖਦੇ ਹਨ, "ਇਹ ਮੁੰਡਾ ਹੁਸ਼ਿਆਰ ਐ। ਹਵਨ-ਸੰਧਿਆ ਕਰੇਗਾ ਤਾਂ ਆਦਮੀ ਬਣ ਜਾਵੇਗਾ। ਉੱਥੇ ਕਿੱਥੇ ਸਨਾਤਨੀ ਬ੍ਰਾਮਣਾਂ 'ਚ ਫਸਿਆ ਪਿਆ ਸੀ। ਇਸ ਵਾਸਤੇ ਤੂੰ ਹਰ ਗੱਲ 'ਚ ਟੰਗ ਨਾ ਅੜਾ ਦਿਆ ਕਰ।"

"ਚੰਗਾ ਜੀ, ਮੈਨੂੰ ਮੁਆਫ਼ ਕਰੋ, ਮੈਥੋਂ ਗਲਤੀ ਹੋ ਗਈ। ਮੈਂ ਕੀ ਲੈਣੇ, ਤੁਸੀਂ ਇਹਨੂੰ ਭਾਵੇਂ ਆਰੀਆ-ਸਮਾਜੀ ਬਣਾਓ ਜਾਂ ਸਾਧੂ ਸਨਿਆਸੀ, ਇਹ ਤਾਂ ਪਹਿਲਾਂ ਹੀ ਕੰਮ ਨਹੀਂ ਕਰਦਾ, ਹੁਣ ਜੋ ਤੁਸੀਂ ਇਸ ਨੂੰ ਸਿਰ ਚੜ੍ਹਾ ਲਿਆ ਤਾਂ ਬਿਲਕੁਲ ਕੰਮ ਨਹੀਂ ਕਰੇਗਾ।"

ਇਹ ਆਖ ਮਾਂ ਮੁੜ ਕੇ ਰਸੋਈ ਵੱਲ ਤੁਰ ਗਈ। ਪਿਤਾ ਜੀ ਕੋਲ ਬੈਠੇ ਬਲਦੇਵ ਨੂੰ ਆਖਦੇ ਹਨ, ‘‘ਕੱਲ ਤੋਂ ਜਦੋਂ ਪੰਡਤ ਜੀ ਆਉਣ ਤਾਂ ਤੁਲਸੀ ਨੂੰ ਵੀ ਨਾਲ ਬਿਠਾ ਲਿਆ ਕਰ, ਇਸ ਨੂੰ ਵੀ ਕਾਪੀ-ਕਲਮ ਲੈ ਦੇਈਂ।”

ਭਰਾ ਨੇ ਦੱਸਿਆ, "ਜੀ ਇਹ ਬੈਠਦਾ ਹੁੰਦੈ, ਹਿੰਦੀ ਪੜ੍ਹ ਲਿਖ ਵੀ ਲੈਂਦਾ ਹੈ।”

ਰਾਤ ਨੂੰ ਚੌਂਕਾ ਚੁੱਲ੍ਹਾ ਕਰਨ ਮਗਰੋਂ ਮਾਂ ਦੁੱਧ ਨੂੰ ਜਾਗ ਲਾਉਂਦੀ ਹੈ, ਦੂਜੇ ਪਾਸੇ ਰਸੋਈ ਦੇ ਇਕ ਖੂੰਜੇ ਵਿਚ ਬੈਠਾ ਤੁਲਸੀ ਭਾਂਡੇ ਸਾਫ਼ ਕਰ ਰਿਹਾ ਹੈ, ਤੁਲਸੀ ਦੇ ਭਾਂਡੇ ਮਾਂਜਣ ਦੀ ਆਵਾਜ਼ ਸਾਨੂੰ ਦੋਨਾਂ ਭਾਈਆਂ ਨੂੰ ਆਪਣੇ ਮੰਜਿਆਂ ਤੇ ਪਇਆਂ ਨੂੰ ਕਾਫ਼ੀ ਦੇਰ ਤਕ ਸੁਣਾਈ ਦਿੰਦੀ ਹੈ। ਭਾਂਡੇ ਸਾਫ਼ ਕਰਨ ਮਗਰੋਂ ਤੁਲਸੀ ਰਸੋਈ ਦੇ ਫਰਸ਼ ਨੂੰ ਧੋਂਦਾ ਹੈ, ਇਸ ਦੌਰਾਨ ਮਾਂ ਤੇ ਪਿਤਾ ਜੀ ਘੜੀ ਵਾਲੇ ਕਮਰੇ 'ਚ ਆ ਜਾਂਦੇ ਹਨ। ਮਾਂ ਆਮ ਕਰਕੇ ਪਲੰਘ ਉਤੇ ਪਲਾਥੀ ਮਾਰਕੇ ਬੈਠਦੀ ਹੈ ਅਤੇ ਪਿਤਾ ਜੀ ਆਪਣੀ ਪਿੱਠ ਪਿੱਛੇ ਹੱਥਾਂ ਦੀ ਕੈਂਚੀ ਮਾਰ, ਕਮਰੇ 'ਚ ਏਧਰ-ਓਧਰ ਟਹਿਲਦੇ ਹਨ। ਇਹ ਲਗਭਗ ਰੋਜ਼ ਦਾ ਨਿਯਮ ਹੈ। ਕਦੇ ਕਦੇ ਪਲੰਘ ਉਤੇ ਬੈਠੀ ਮਾਂ ਖਰਬੂਜਿਆਂ ਦੇ ਬੀਜ ਛਿਲਣ ਲੱਗ ਜਾਂਦੀ ਹੈ ਅਤੇ ਕਦੇ ਮਾਲਾ ਫੇਰਨ ਲੱਗ ਜਾਂਦੀ ਹੈ। ਮਾਲਾ ਫੇਰਦੇ ਸਮੇਂ ਉਹ ਵਿਚ ਈ ਬੋਲ ਵੀ ਪੈਂਦੀ ਹੈ। ਉਨ੍ਹਾਂ ਦੇ ਵਾਰਤਾਲਾਪ 'ਚੋਂ ਕੁਝ ਸਾਨੂੰ ਸੁਣਾਈ ਵੀ ਦਿੰਦੀਆ ਹਨ। ਕਦੇ ਕਦੇ ਅਚਾਨਕ ਝਗੜਾ ਸ਼ੁਰੂ ਹੋ ਜਾਂਦਾ ਹੈ, ਤੇ ਵਧਣ ਲਗਦਾ ਹੈ। ਉਨ੍ਹਾਂ ਦੇ ਬੋਲ ਉੱਚੇ ਹੋ ਜਾਂਦੇ ਹਨ। ਫਿਰ ਮਾਂ ਬੁੜ ਬੁੜ ਕਰਦੀ ਹੋਈ ਉਠ ਕੇ ਸਾਡੇ ਕਮਰੇ ਵਿਚ ਆ ਜਾਂਦੀ ਹੈ ਅਤੇ ਪਿਤਾ ਜੀ ਕਮਰੇ ਵਿਚ ਕਾਫ਼ੀ ਦੇਰ ਤੱਕ ਟਹਿਲਦੇ ਰਹਿੰਦੇ ਹਨ।

ਮਾਂ ਨੇ ਆਖਿਆ, “ਹੁਣ ਤੁਸੀਂ ਤੁਲਸੀ ਨੂੰ ਆਪਣੇ ਨਾਲ ਮਿਲਾ ਕੇ ਉਹਦੀ ਜ਼ਿੰਦਗੀ ਬਰਬਾਦ ਕਰਨ ਤੇ ਤੁਲੇ ਹੋਏ ਹੋ।”

ਪਿਤਾ ਜੀ ਤੁਰਦੇ-ਤੁਰਦੇ ਰੁਕ ਗਏ "ਪੜ੍ਹ ਲਿਖ ਜਾਵੇਗਾ ਤਾਂ ਇਸ ਦੀ ਜ਼ਿੰਦਗੀ ਬਰਬਾਦ ਹੋ ਜਾਵੇਗੀ? ਤੇਰੀ ਅਕਲ ਟਿਕਾਣੇ ਹੈ ਜਾਂ ਨਹੀਂ?"

"ਪੜ੍ਹ-ਲਿਖ ਜਾਵੇਗਾ ਤਾਂ ਕੀ ਕਰੇਗਾ, ਕੀ ਬੈਂਕ ਦਾ ਮੈਨੇਜਰ ਬਣ ਜਾਏਗਾ। ਇਹ ਭਾਂਡੇ ਹੀ ਮਾਂਜੇਗਾ, ਹੋਰ ਕੀ ਕਰੇਗਾ? ਇਹ ਜਿਹੋ ਜਿਹਾ ਹੈ, ਉਹੋ ਜਿਹਾ ਹੀ ਰਹਿਣ ਦਿਓ। ਕਿਉਂ ਇਸਦੀ ਜ਼ਿੰਦਗੀ ਬਰਬਾਦ ਕਰਦੇ ਹੋ?"

"ਬੱਸ-ਬੱਸ..... ਸੁਣ ਲਿਆ, ਮੈਨੂੰ ਹਰ ਵੇਲੇ ਸਿੱਖਿਆ ਨਾ ਦਿੰਦੀ ਰਿਹਾ ਕਰ।" ਪਿਤਾ ਜੀ ਇਹ ਆਖ, ਫਿਹ ਟਹਿਲਣ ਲੱਗੇ।

"ਤੁਸੀਂ ਲੋਕਾਂ ਨੂੰ ਆਰੀਆ-ਸਮਾਜੀ ਬਣਾਉਂਦੇ ਫਿਰਦੇ ਹੋ। ਪਹਿਲਾਂ ਉਨ੍ਹਾਂ ਨੂੰ ਤਾਂ ਪਚਾ ਲਵੋ ਜਿਨ੍ਹਾਂ ਨੂੰ ਸਮਾਜੀ ਬਣਾ ਚੁਕੇ ਹੋ। ਇਕ ਮੁਸਲਮਾਨ ਨੂੰ ਸ਼ੁੱਧ ਕੀਤਾ ਸੀ ਨਾ! ਸਾਰੇ ਆਰੀਆ ਸਮਾਜੀ ਉਸ ਨੂੰ ਅਰਜਨਦੇਵ-ਅਰਜਨਦੇਵ ਕਹਿੰਦੇ ਥੱਕਦੇ ਨਹੀਂ ਸਨ। ਉਸਦਾ ਵਿਆਹ ਵੀ ਕਰਵਾ ਰਹੇ ਸੀ। ਮਹਾਸ਼ਾ ਨਾਨਕ ਚੰਦ ਆਇਆ, ਕਹਿਣ ਲਗਿਆ, “ਮਾਤਾ ਜੀ ਚਾਦਰਾਂ ਦੇਵੋ, ਅਰਜਨ ਦੇਵ ਛਪਾਈ ਦਾ ਕੰਮ ਕਰੇਗਾ। ਮੈਥੋਂ ਉਹ ਨਵੀਂਆਂ ਨਕੋਰ ਚਾਦਰਾਂ ਲੈ ਗਿਆ ਸੀ। ਕਿੱਥੇ ਗਿਆ ਤੁਹਾਡਾ ਅਰਜਨ ਦੇਵ? ਦਰਜਨਾਂ ਲੋਕਾਂ ਦੀਆਂ ਚਾਦਰਾਂ ਕੱਪੜੇ ਲੈ ਕੇ ਭੱਜ ਗਿਆ।”

"ਬੋਲੀ ਜਾ ਬੋਲੀ ਜਾ, ਜੋ ਮਨ ਵਿਚ ਆਵੇ ਕਹੀ ਜਾ। ਚੁਪ ਨਾ ਕਰੀਂ। ਤੁਲਸੀ ਦੋ ਅੱਖਰ ਪੜ੍ਹ ਲਵੇਗਾ ਤਾਂ ਇਸ ਵਿਚ ਤੇਰਾ ਕੀ ਨੁਕਸਾਨ ਹੈ।"

ਮੈਨੂੰ ਮੰਜੇ ਤੇ ਪਏ ਨੂੰ ਡਰ ਲਗਦਾ ਹੈ ਕਿ ਹੁਣੇ ਝਗੜਾ ਵੱਧ ਜਾਵੇਗਾ ਅਤੇ ਦੋਵੇਂ ਉੱਚੀ ਉੱਚੀ ਬੋਲਣ ਲੱਗ ਪੈਣਗੇ। ਫਿਰ ਮੇਰੀ ਮਾਂ ਆਖੇਗੀ, ਮੈਨੂੰ ਤੇਰੇ ਕੋਲੋਂ ਕਿਹੜਾ ਸੁਖ ਮਿਲਿਐ? ਤੂੰ ਤਾਂ ਮੈਨੂੰ ਹਮੇਸ਼ਾਂ ਹੀ ਤੜਫਾਉਂਦਾ ਰਿਹੈਂ?” ਅਤੇ ਜੇਕਰ ਝਗੜਾ ਹੋਰ ਵੱਧ ਗਿਆ ਤਾਂ ਹੱਥ ਜੋੜ ਕੇ ਰੋਂਦੀ ਹੋਈ ਆਖੇਗੀ, “ਹੇ ਰੱਬਾ ਮੈਨੂੰ ਚੁੱਕ ਲੈ, ਜਿੱਥੇ ਮੇਰੀ ਸੁਰਵਤੀ ਰਾਣੀ, ਸ਼ਾਂਤੀ ਰਾਣੀ, ਰਾਜ ਰਾਣੀ ਗਈ, ਉਥੇ ਹੀ ਮੈਨੂੰ ਵੀ ਲੈ ਚੱਲ।”

ਪਰ ਅੱਜ ਝਗੜਾ ਵਧਿਆ ਨਹੀਂ। ਮਾਂ ਸਿਰਫ ਖਿੱਝ ਕੇ ਵਾਰ ਵਾਰ ਆਖੀ ਜਾ ਰਹੀ ਹੈ, "ਮੈਨੂੰ ਕੀ ਹੈ, ਪੜ੍ਹਾਓ, ਆਰੀਆ ਸਮਾਜੀ ਬਣਾਓ। ਇਹ ਵਿਚਾਰਾ ਨਾ ਘਰ ਦਾ ਰਹੇਗਾ ਨਾ ਘਾਟ ਦਾ।" ਪਰ ਫਿਰ ਗੱਲਾਂ ਦਾ ਰੁਖ ਬਦਲ ਗਿਆ। ਉਹ ਕੁਝ ਹੋਰ ਹੀ ਗੱਲਾਂ ਕਰਨ ਲੱਗ ਪਏ। ਸ਼ਾਇਦ ਕਿਸੇ ਦੀ ਮੰਗਣੀ ਦੀ ਗੱਲ ਸੀ। ਕਿਸੇ ਪਾਸੇ ਤੋਂ ਕੋਈ ਖ਼ਤ ਆਇਆ ਹੈ। ਵਿਦਿਆ ਭੈਣ ਦਾ ਨਾਂ ਵੀ ਵਾਰ ਵਾਰ ਲਿਆ ਜਾ ਰਿਹਾ ਹੈ। ਕੀ ਵਿਦਿਆ ਭੈਣ ਦੀ ਮੰਗਣੀ ਹੋਵੇਗੀ। ਮੰਗਣੀ ਕੀ ਹੁੰਦੀ ਹੈ? ਹੌਲੀ ਹੌਲੀ ਉਨ੍ਹਾਂ ਦੋਹਾਂ ਦੀਆਂ ਗੱਲਾਂ ਹੋਰ ਅਸਪਸ਼ਟ ਹੁੰਦੀਆਂ ਜਾ ਰਹੀਆਂ ਸਨ।

0

ਮਾਂ ਦੀਆਂ ਚਾਬੀਆਂ ਫਿਰ ਗੁੰਮ ਗਈਆਂ। ਆਏ ਦਿਨ ਮਾਂ ਚਾਬੀਆਂ ਗੁਆ ਬੈਠਦੀ ਐ। ਮਾਂ ਦੁੱਧ ਰਿੜਕਣ ਵਾਲੇ ਰਿੜਕਣੇ ਤੋਂ ਉੱਠੀ ਅਤੇ ਖੋਈਆਂ ਚਾਬੀਆਂ ਨੂੰ ਆਪਣੀ ਸਲਵਾਰ ਦੀਆਂ ਤੈਹਾਂ ਚੋਂ ਲੱਭ ਰਹੀ ਹੈ।

ਅਚਾਨਕ ਦੂਰੋਂ ਕਿਸੇ ਦੇ ਛਿੱਕਣ ਦੀ ਆਵਾਜ਼ ਆਈ ਹੈ। ਇਹ ਅਤਰ ਸਿੰਘ ਹਲਵਾਈ ਦੀ ਛਿੱਕ ਹੈ।

“ਲਓ, ਅਤਰ ਸਿੰਘ ਨੇ ਵੀ ਛਿੱਕ ਮਾਰ ਦਿੱਤੀ, ਹੁਣ ਤੱਕ ਰਸੋਈ ਦਾ ਕੋਈ ਕੰਮ ਵੀ ਨਹੀਂ ਹੋਇਆ, ਸਾਰਾ ਕੰਮ ਸਿਰ ਤੇ ਪਿਐ।" ਇਸ ਛਿੱਕ ਨਾਲ ਮੁਹੱਲੇ ਦੇ ਬਹੁਤ ਸਾਰੇ ਲੋਕਾਂ ਦੇ ਦਿਨ ਭਰ ਦੇ ਕੰਮ ਕਰਨ ਦਾ ਸਿਲਸਿਲਾ ਅਰੰਭ ਹੁੰਦਾ ਹੈ। ਮੈਂ ਛਿੱਕ ਦੀ ਪ੍ਰਤੀਕ੍ਰਿਆ ਵੇਖਣ ਲਈ ਛੱਜੇ ਉੱਤੇ ਪੁੱਜ ਜਾਂਦਾ ਹਾਂ। ਅਤਰ ਸਿੰਘ ਪੂਰੇ ਗਿਆਰਾਂ ਵਜੇ ਛਿੱਕ ਮਾਰਦਾ ਹੈ।

ਸਾਡੇ ਘਰ ਦੇ ਸਾਹਮਣੇ ਰਹਿਣ ਵਾਲਾ ਫ਼ੌਜ ਅਲੀ, ਛਿੱਕ ਦੀ ਅਵਾਜ਼ ਸੁਣਦਿਆਂ ਹੀ, ਹੁੱਕਾ ਛੱਡ ਮੰਜੇ ਤੋਂ ਉੱਠ ਪੈਂਦਾ ਹੈ ‘‘ਚੱਲੀਏ ਵਕਤ ਹੋ ਗਿਆ।" ਉਹ ਮੂੰਹ ਉੱਤੇ ਹੱਥ ਫੇਰਦਾ ਹੋਇਆ ਕਹਿੰਦਾ ਹੈ, "ਟਾਂਗਾ ਜੋੜਨ ਦਾ ਵੇਲਾ ਹੋ ਗਿਆ।"

ਖੱਬੇ ਪਾਸਿਓਂ ਮੌਲਵੀ ਇਸਹਾਕ, ਤਸਬੀਹ ਨੂੰ ਹੱਥ 'ਚ ਫੜੀ ਘਰੋਂ ਨਿੱਕਲ ਗਿਆਰਾਂ ਵਜੇ ਦੀ ਨਮਾਜ਼ ਪੜ੍ਹਨ ਲਈ ਸੜਕ ਦੇ ਵਿਚ-ਵਿਚਕਾਰ ਤੁਰਦਾ ਮਸਜਿਦ ਵੱਲ ਜਾ ਰਿਹਾ ਹੈ।

ਪਿਤਾ ਜੀ ਹੇਠੋਂ ਵਿਹੜੇ ਵਿਚੋਂ ਬੋਲਦੇ ਹਨ। ‘‘ਬਲਦੇਵ ਦੀ ਮਾਂ! ਬੱਚਿਆਂ ਲਈ ਸਕੂਲ 'ਚ ਦੁੱਧ ਭੇਜ ਦਿਤੇ? ਇਹ ਤੁਲਸੀ ਕਿੱਥੇ ਮਰ ਗਿਆ?”

ਵਿਦਿਆ ਨੇ ਭੱਜ ਕੇ ਜੰਗਲ ਦੇ ਕੋਲ ਆ ਕੇ ਪੁਛਿਆ, “ਕੀ ਗੱਲ ਹੈ ਪਿਤਾ ਜੀ?"

"ਅਤਰ ਸਿੰਘ ਨੇ ਛਿੱਕ ਵੀ ਮਾਰ ਦਿੱਤੀ ਹੈ, ਤੁਸੀਂ ਅਜੇ ਤੱਕ ਬੱਚਿਆਂ ਲਈ ਸਕੂਲ 'ਚ ਦੁੱਧ ਨਹੀਂ ਭੇਜਿਆ? ਤੁਲਸੀ ਕਿੱਥੇ ਹੈ "

ਵਿਦਿਆ ਹੱਸ ਕੇ ਉੱਤਰ ਦਿੰਦੀ ਹੈ, “ਪਿਤਾ ਜੀ, ਅੱਜ ਦੋਵਾਂ ਨੂੰ ਪੂਰਣਮਾਸ਼ੀ ਹੋਣ ਕਰਕੇ ਛੁੱਟੀ ਹੈ।” ਪਿਤਾ ਜੀ ਕੁਝ ਦੇਰ ਚੁਪ ਖੜੇ ਰਹਿਣ ਮਗਰੋਂ ਫਿਰ ਆਖਦੇ ਹਨ “.... ਤਾਂ ਪਹਿਲਾਂ ਕਿਉਂ ਨਾ ਦਸਿਆ?" ਇਹ ਆਖਦੇ ਹੋਏ ਉਹ ਆਪਣੇ ਦਫਤਰ 'ਚ ਚਲੇ ਗਏ।

ਮਾਂ ਵੀ ਅਤਰ ਸਿੰਘ ਦੇ ਛਿੱਕਣ ਤੋਂ ਬਾਦ ਹੀ ਚਾਟੀ 'ਚੋਂ ਮੱਖਣ ਕੱਢਣ ਲਗਦੀ ਹੈ। ਪਰ ਅੱਜ ਤਾਂ ਉਹਨੂੰ ਚਾਬੀਆਂ ਨੇ ਪਰੇਸ਼ਾਨ ਕੀਤਾ ਹੋਇਆ ਹੈ। ਮਾਂ ਵਾਹਵਾ ਮੋਟੀ ਹੈ. ਮੈਨੂੰ ਤਾਂ ਇੰਜ ਲਗਦਾ ਹੈ, ਜਿਵੇਂ ਉਸਦੇ ਕਪੜਿਆਂ ਦੀ ਕਿਸੇ ਤਹਿ 'ਚੋਂ ਹੀ ਚਾਬੀਆਂ ਦਾ ਗੁੱਛਾ ਨਿੱਕਲ ਕੇ ਬਾਹਰ ਡਿੱਗ ਪਵੇਗਾ।

‘‘ਹੁਣੇ ਤਾਂ ਮੈਂ ਵਿਦਿਆ ਨੂੰ ਘਿਉ ਕੱਢ ਕੇ ਦਿੱਤਾ ਸੀ। ਨੀ ਵਿਦਿਆ ਕਿੱਥੇ ਨੇ ਚਾਬੀਆਂ? ਵੇਖੋ ਨਾ ਘਰ ਦੇ ਸਾਰੇ ਬੰਦੇ ਕਿਵੇਂ ਚੁਪ ਸਾਧ ਲੈਂਦੇ ਹਨ।"

ਵਿਦਿਆ ਭੱਜੀ ਭੱਜੀ ਪੁਰਾਣੇ ਕਮਰੇ 'ਚੋਂ ਆਉਂਦੀ ਹੈ।

"ਮੈਂ ਤਾਂ ਮਾਤਾ ਜੀ ਉਹ ਤੁਹਾਨੂੰ ਫੜਾ ਦਿੱਤੀਆਂ ਸਨ।"

ਇੰਨੇ ਨੂੰ ਮਾਂ ਰਸੋਈ 'ਚੋਂ ਨਿੱਕਲ ਕੇ ਜੰਗਲੇ ਕੋਲੋਂ ਆ ਬੋਲਦੀ ਐ, "ਬਲਦੇਵ ਦੇ ਬਾਬੂ, ਤੁਸੀਂ ਕਿਤੇ ਚਾਬੀਆਂ ਤਾਂ ਨਹੀਂ ਵੇਖੀਆਂ?"

ਹੇਠੋਂ ਕੁਰਸੀ ਘੜੀਸਣ ਦੀ ਅਵਾਜ਼ ਆਉਂਦੀ ਹੈ ਕੁਝਕੁ ਦੇਰ ਮਗਰੋਂ ਵਿਹੜੇ 'ਚੋਂ ਪਿਤਾ ਜੀ ਆਖਦੇ ਹਨ, 'ਹਜ਼ਾਰ ਵਾਰ ਆਖਿਐ, ਚੁੰਨੀ ਦੇ ਲੜ ਨਾਲ ਬੰਨ੍ਹ ਕੇ ਰੱਖਿਆ ਕਰ। ਹੁਣ ਮੈਨੂੰ ਕੀ ਪਤੌਂ, ਰੰਗਸਾਜ਼ ਦੀ ਅਲਮਾਰੀ ਵਿਚ ਵੇਖ ਲੈ।"

ਜਦੋਂ ਵੀ ਕੋਈ ਚੀਜ਼ ਗੁਆਚ ਜਾਂਦੀ ਹੈ ਤਾਂ ਉਸਨੂੰ ਰੰਗਸਾਜ਼ ਵਾਲੀ ਅਲਮਾਰੀ 'ਚੋਂ ਹੀ ਲੱਭਿਆ ਜਾਂਦਾ ਹੈ।

ਮਾਂ ਜੰਗਲੇ ਤੋਂ ਵਾਪਸ ਹੋ ਗਈ। ਉਸ ਦੀ ਬੇਚੈਨੀ ਤੇ ਪਰੇਸ਼ਾਨੀ ਵੱਧ ਰਹੀ ਹੈ। 'ਰਿੜਕਣੇ' ਕੋਲ ਜਾ ਕੇ ਚਾਬੀਆਂ ਨੂੰ ਹੱਥ ਮਾਰ ਮਾਰ ਲੱਭਦੀ ਹੈ ਅਤੇ ਇਕ ਵਾਰ ਫਿਰ ਉਸ ਦੇ ਹੱਥ ਸਲਵਾਰ ਦੇ ਨੇਫੇ ਦੀਆਂ ਤੈਹਾਂ ਤੱਕ ਵੀ ਚਲੇ ਜਾਂਦੇ ਹਨ "ਏਥੇ ਹੁੰਦੀਆਂ ਤਾਂ ਮਿਲ ਨਾ ਜਾਂਦੀਆਂ? ਕਿਹੋ ਜਿਹਾ ਢੀਠ ਘਰ ਐ, ਇਸ ਘਰ ਵਿਚ ਕੁਝ ਖੋ ਜਾਵੇ ਤਾਂ ਸਾਰੇ ਕਿਵੇਂ ਮਚਲ ਮਾਰ ਜਾਂਦੇ ਹਨ।"

ਅਸੀਂ ਚਾਰੇ ਭੈਣ ਭਰਾ ਚਾਬੀਆਂ ਲੱਭਣ ਲੱਗ ਪਏ ਹਾਂ। ਘਰ ਦਾ ਹਰ ਕੋਨਾ, ਰੰਗਸਾਜ਼ ਵਾਲੀ ਅਲਮਾਰੀ, ਰਸੋਈ ਦੀ ਅੰਗੀਠੀ, ਟਰੰਕਾਂ ਵਾਲੀ ਕੋਠੜੀ, ਘਿਓ ਵਾਲਾ ਆਲਾ, ਲੈਂਪ ਵਾਲਾ ਆਲਾ, ਚੁੱਲ੍ਹੇ ਦੇ ਮਗਰ, ਆਸਣਾਂ ਹੇਠ, ਗੱਲ ਕੀ ਸਾਰੀਆਂ ਥਾਵਾਂ ਨੂੰ ਛਾਣ ਮਾਰਦੇ ਹਾਂ, ਖਰ ਚਾਬੀਆਂ ਕਿਤੋਂ ਵੀ ਨਹੀਂ ਮਿਲ ਰਹੀਆਂ।

ਹੇਠਾਂ ਤੋਂ ਪਿਤਾ ਜੀ ਦੀ ਆਵਾਜ਼ ਆਉਂਦੀ ਹੈ।

ਚਾਬੀਆਂ ਲੱਭੀਆਂ?"

ਵਿਦਿਆ ਜੰਗਲੇ ਕੋਲ ਜਾ ਕੇ ਜਵਾਬ ਦਿੰਦੀ ਹੈ : "ਨਹੀਂ ਪਿਤਾ ਜੀ, ਅਜੇ ਤਾਂ ਮਿਲੀਆਂ ਨਹੀਂ।" ਇੰਨੇ ਨੂੰ ਪੌੜੀਆਂ ਉਤੇ ਪਿਤਾ ਜੀ ਦੇ ਭਾਰੀ ਭਾਰੀ ਪੈਰਾਂ ਦੇ ਖੜਾਕ ਸੁਣਾਈ ਦਿੰਦੇ ਹਨ।

"ਹੁਣੇ ਤਾਂ ਮੈਂ ਵਿਦਿਆ ਨੂੰ ਘਿਓ ਕੱਢ ਕੇ ਦਿੱਤਾ ਹੈ। ਵਿਦਿਆ ਮਚਲੀ ਹੋਈ ਕਿਉਂ ਬੈਠੀ ਐਂ, ਦਸਦੀ ਕਿਉਂ ਨਹੀਂ?"

ਤੇ ਫਿਰ ਮਾਂ ਰਸੋਈ ਦੀ ਕਾਨਸ ਉਤੇ ਆਪਣੀਆਂ ਅੱਡੀਆਂ ਚੁੱਕ ਕੇ ਚਾਬੀਆਂ ਨੂੰ ਵੇਖਦੀ ਹੈ।

"ਇੰਜ ਚਾਬੀਆਂ ਮਿਲਣ ਨਹੀਂ ਲੱਗੀਆਂ।" ਪਿਤਾ ਜੀ ਆਪਣਾ ਕੰਮ ਛੱਡ ਉਪਰ ਆ ਮਾਂ ਨੂੰ ਸਮਝਾ ਰਹੇ ਹਨ। ਮਾਂ ਅਜੇ ਵੀ ਘਬਰਾਈ ਹੋਈ ਇਧਰ-ਉਧਰ ਫਿਰ ਰਹੀ ਹੈ।

"ਤੂੰ ਇਕ ਥਾਵੇਂ ਬੈਠ ਜਾ, ਬੈਠ ਕੇ ਅੱਖਾਂ ਬੰਦ ਕਰ ਕੇ ਚੇਤੇ ਕਰ ਕਿ ਤੂੰ ਆਖਰੀ ਵਾਰ ਚਾਬੀਆਂ ਨੂੰ ਕਿੱਥੇ ਵੇਖਿਆ ਹੈ, ਇੰਜ ਚਾਬੀਆਂ ਦਾ ਗੁੱਛਾ ਆਪਣੇ ਆਪ ਤੇਰੀਆਂ ਅੱਖਾਂ ਸਾਹਮਣੇ ਆ ਜਾਵੇਗਾ।

"ਤੁਸੀਂ ਵੀ ਕਿਹੋ ਜਹੀਆਂ ਗੱਲਾਂ ਕਰਦੇ ਹੋ ਜੀ, ਹੁਣੇ ਤਾਂ ਮੈਂ ਵਿਦਿਆ ਨੂੰ ਘਿਓ ਕੱਢ ਕੇ ਦਿੱਤਾ ਹੈ।"

ਇਸ ਤਰ੍ਹਾਂ ਵੀ ਜਦੋਂ ਮਾਂ ਨੂੰ ਚਾਬੀਆਂ ਬਾਰੇ ਕੁਝ ਪਤਾ ਨਾ ਲੱਗਿਆ ਤਾਂ ਉਹ ਬੈਠ ਕੇ ਅੱਖਾਂ ਬੰਦ ਕਰ ਲੈਂਦੀ ਹੈ ਤੇ ਯਾਦ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਚਾਬੀਆਂ ਨੂੰ ਕਿੱਥੇ ਕਿੱਥੇ ਵਰਤਿਆ ਸੀ।

"ਸਬਜ਼ੀ ਵਾਲੇ ਨੂੰ ਪੈਸੇ ਕੱਢ ਕੇ ਦਿੱਤੇ ਸਨ।"

"ਉਹ ਤਾਂ ਮੈਂ ਦਿੱਤੇ ਸਨ।" ਪਿਤਾ ਜੀ ਵਿਚ ਦੀ ਬੋਲ ਪੈਂਦੇ ਹਨ, "ਤੂੰ ਕੱਲ ਦੀ ਸੋਚ ਰਹੀ ਹੈਂ। ਹੁਣ ਫਿਰ ਯਾਦ ਕਰ।"

ਪੌੜੀਆਂ ਉਤੋਂ ਕਿਸੇ ਦੇ ਹੌਲੀ ਹੌਲੀ ਕਦਮਾਂ ਦੀ ਆਵਾਜ਼ ਆਉਂਦੀ ਹੈ। ਅਜਿਹੀ ਆਹਟ ਤੋਂ ਪਤਾ ਲਗਦਾ ਹੈ ਜਿਵੇਂ ਇਹ ਸਾਡੀ ਛੋਟੀ ਮਾਸੀ ਹੈ। ਜਦੋਂ ਕਦੇ ਸਾਡੀ ਛੋਟੀ ਮਾਸੀ ਆਉਂਦੀ ਹੈ ਤਾਂ ਅਸੀਂ ਚਾਰੇ ਬੱਚੇ ਉਸ ਨੂੰ ਘੇਰਕੇ ਬੈਠ ਜਾਂਦੇ ਹਾਂ। ਮੇਰੀ ਮਾਸੀ ਦਾ ਕੱਦ ਛੋਟਾ ਹੈ। ਮਲੂਕ ਜਹੀ ਹੈ ਅਤੇ ਉਹ ਦਿਨ ਭਰ ਨਿੰਮਾ ਨਿੰਮਾ ਮੁਸਕਰਾਉਂਦੀ ਰਹਿੰਦੀ ਹੈ।

'ਮਾਸੀ ਆ ਗਈ, ਮਾਸੀ ਆ ਗਈ।" ਵਿਦਿਆ ਝੀਤਾਂ ਵਿਚੋਂ ਦੀ ਵੇਖ ਕੇ ਕਹਿੰਦੀ ਹੈ, "ਮਾਸੀ ਜੀ ਸਾਡੀਆਂ ਚਾਬੀਆਂ ਗੁੰਮ ਗਈਆਂ। ਸਵੇਰ ਤੋਂ ਲੱਭ ਰਹੇ ਹਾਂ, ਮਿਲਦੀਆਂ ਹੀ ਨਹੀਂ।"

ਉਹ ਝੀਤਾਂ ਵਿਚੋਂ ਵੇਖਦਿਆਂ ਹੀ ਕਹਿੰਦੀ ਹੈ। ਇੰਨੇ ਨੂੰ ਮਾਸੀ ਅੰਦਰ ਆ ਗਈ, ਵਿਹੜੇ 'ਚ ਪੈਰ ਰਖਦਿਆਂ ਹੀ ਉਹਨੇ ਆਪਣੀ ਜੁੱਤੀ ਉਤਾਰ ਦਿੱਤੀ।

"ਸਵੇਰੇ ਦੀ ਲੱਭਦੀ ਲੱਭਦੀ ਹਾਰ ਗਈ।" ਮਾਂ ਕਹਿੰਦੀ ਹੈ "ਨਜੂਮੀ ਤੋਂ ਪੁੱਛਿਆ ਲੈ ਲਵੋ, ਆਹ ਵੇਖੋ ਨਾ ਨਾਲੇ ਕੋਲ ਹੀ ਬੈਠਦਾ ਹੈ।"

ਮਾਸੀ ਨੇ ਆਖਿਆ, "ਮੈਂ ਪੁੱਛ ਆਵਾਂ? ਸਿਰਫ਼ ਇਕ ਪੈਸਾ ਲੈਂਦਾ ਹੈ। ਮੈਂ ਪੁੱਛ ਆਉਂਣੀ ਹਾਂ।"

ਮਾਸੀ ਉਸੇ ਵੇਲੇ ਜੁੱਤੀ ਪਾਉਣ ਲਗਦੀ ਹੈ। ਪਿਤਾ ਜੀ ਖਿੱਝ ਕੇ ਆਖਦੇ ਹਨ "ਨਜ਼ੂਮੀ ਕੀ ਕਰੇਗਾ?"

"ਭਾਈਆ ਜੀ, ਪੁੱਛਣ 'ਚ ਕੀ ਹਰਜ਼ ਹੈ, ਸਿਰਫ ਇਕ ਪੈਸਾ ਤਾਂ ਲੈਂਦਾ ਹੈ।" ਇਹ ਆਖਦੀ ਹੋਈ ਮਾਸੀ ਪੌੜੀਆਂ ਉਤਰਨ ਲੱਗਦੀ ਹੈ।

"ਜੋ ਜੀਅ ਆਵੇ ਕਰੋ।" ਪਿਤਾ ਜੀ ਹੋਰ ਵੀ ਖਿੱਝ ਗਏ। ਪਿਤਾ ਜੀ ਨੂੰ ਨਜੂਮੀਆ ਤੋਂ ਆਰੀਆ ਸਮਾਜੀ ਹੋਣ ਕਰਕੇ ਬੜੀ ਚਿੜ੍ਹ ਹੈ।

ਮਾਸੀ ਪੌੜੀਆਂ ਦੇ ਝਰੋਖਿਆਂ ਵਿਚ ਦੀ ਜਾਂਦੀ ਜਾਂਦੀ ਕਹਿੰਦੀ ਹੈ, "ਰਾਮਾਇਣ 'ਚੋਂ ਵੀ 'ਪ੍ਰਸ਼ਨ' ਲਾ ਕੇ ਵੇਖੋ। ਉਹ ਵੀ ਕਦੇ ਕਦੇ ਠੀਕ ਨਿੱਕਲ ਆਉਂਦਾ ਹੈ।" ਅਤੇ ਉਹ ਪੌੜੀਆਂ ਉੱਤਰ ਜਾਂਦੀ ਹੈ।

"ਰਹਿਣ ਦੇ ਭੈਣ, ਰਹਿਣ ਦੇ, ਉਹ ਕੰਮ ਕਰਨ 'ਚ ਕੀ ਲਾਭ ਜਿਸ ਨਾਲ ਮਰਦ ਨੂੰ ਚਿੜ੍ਹ ਹੋਵੇ।"

"ਜਦੋਂ ਤੱਕ ਚਾਬੀਆਂ ਰੱਖਣ ਦੀ ਇਕ ਥਾਂ ਨਹੀਂ ਬਣਾਵੇਂਗੀ, ਚਾਬੀਆਂ ਰੋਜ ਗੁੰਮਦੀਆਂ ਰਹਿਣਗੀਆਂ।"

ਪਿਤਾ ਜੀ ਨੇ ਆਖਿਆ, 'ਚੰਗਾ ਲੈ, ਮੈਂ ਅੱਗੇ ਨੂੰ ਤੇਰਾ ਇੰਤਜ਼ਾਮ ਕਰ ਦਿੰਦਾ ਹਾਂ।" ਮੇਰੇ ਪਿਤਾ ਜੀ ਰੰਗਸਾਜ਼ ਵਾਲੀ ਅਲਮਾਰੀ ਕੋਲ ਪਹੁੰਚ ਜਾਂਦੇ ਹਨ!

‘‘ਇੱਥੇ ਹਥੌੜੀ ਪਈ ਸੀ, ਕਿੱਥੇ ਹੈ?" ਪਿਤਾ ਜੀ ਰੰਗਸਾਜ਼ ਵਾਲੀ ਅਲਮਾਰੀ 'ਚ ਡੱਬਿਆਂ ਅਤੇ ਖਾਲੀ ਬੋਤਲਾਂ ਨੂੰ ਇਧਰ-ਉਧਰ ਕਰਕੇ ਵੇਖਦੇ ਹਨ। "ਇਸ ਘਰ ਵਿਚ ਕਦੇ ਵੀ ਕੋਈ ਚੀਜ਼ ਆਪਣੀ ਥਾਂ ਤੇ ਰੱਖੀ ਨਹੀਂ ਮਿਲਦੀ।"

‘ਹਥੌੜੀ ਹੇਠਾਂ ਕਿਤੇ ਹੋਵੇਗੀ ਜੀ, ਭਲਾ ਵੇਖੋ ਹਥੌੜੀ ਦਾ ਕੀ ਕੰਮ!" ਮਾਂ ਚਟੂਰੀ ਦੇ ਕੋਲ ਬੈਠੀ ਬੈਠੀ ਕਹਿੰਦੀ ਹੈ।

"ਕਿੱਥੇ ਮਰ ਗਿਆ ਤੁਲਸੀ? ਉਹ ਨੇ ਕਿਤੇ ਰੱਖੀ ਹੋਵੇਗੀ।" ਪਿਤਾ ਜੀ ਬੁੜ ਬੁੜਾਉਂਦੇ ਹੋਏ ਆਖਦੇ ਹਨ। ਆਖਿਰ ਉਹ ਰੰਗਸਾਜ਼ ਦੀ ਅਲਮਾਰੀ 'ਚੋਂ ਇਕ ਲੰਮੀ ਸਾਰੀ ਕਿੱਲ ਚੁੱਕ, ਪੌੜੀਆਂ ਕੋਲ ਪਈਆਂ ਇੱਟਾਂ 'ਚੋਂ ਇਕ ਇੱਟ ਚੁੱਕ, ਨਵੇਂ ਕਮਰੇ ਦੀ ਕੰਧ ‘ਚ ਕਿੱਲ ਠੋਕ ਕੇ ਆਖਦੇ ਹਨ, ‘ਹੁਣ ਸਾਰੇ ਕੰਨ ਖੋਲ੍ਹ ਕੇ ਸੁਣ ਲਵੋ, ਚਾਬੀਆਂ ਏਥੇ ਟੰਗ ਦਿਆ ਕਰੋ, ਜਦੋਂ ਲਵੋ, ਕੰਮ ਕਰਕੇ ਫਿਰ ਇੱਥੇ ਹੀ ਟੰਗ ਦਿੱਤੀਆਂ।"

ਪਿਤਾ ਜੀ ਸਿਰਫ਼ ਚਾਬੀਆਂ ਵਾਸਤੇ ਹੀ ਨਹੀਂ ਸਗੋਂ ਹੋਰ ਚੀਜ਼ਾਂ ਵਾਸਤੇ ਵੀ ਥਾਂ ਮੁਕਰਰ ਕਰਦੇ ਰਹਿੰਦੇ ਹਨ। ਇਸ ਆਲੇ ਵਿਚ ਹੀ ਲੈਂਪ ਪਿਆ ਰਹਿਣ ਦਿਆ ਕਰੋ। ਤੇਲ ਕੱਢਣ ਵਾਲੀ ਟੀਪ ਨੂੰ ਬੋਤਲ 'ਚ ਰਹਿਣ ਦਿਆ ਕਰੋ। ਪਹਿਲਾਂ ਵੀ ਇਕ ਵਾਰ ਜਦ ਚਾਬੀਆਂ ਖੋ ਗਈਆਂ ਤਾਂ ਚਾਬੀਆਂ ਨੂੰ ਲੱਭ ਪਿਤਾ ਜੀ ਨੇ ਹੀ ਉਨ੍ਹਾਂ ਨੂੰ ਮਾਂ ਦੀ ਚੁੰਨੀ ਦੇ ਲੜ ਬੰਨ ਦਿੱਤਾ ਸੀ। ਅਸੀਂ ਚਾਰੇ ਬੱਚੇ ਆਲੇ-ਦੁਆਲੇ ਖੜੇ ਹੱਸਦੇ ਰਹੇ ਸਾਂ। ਇਸ ਦਾ ਕਾਰਣ ਸੀ ਕਿਉਂਕਿ ਅਸੀਂ ਕਦੇ ਕਦਾਈਂ ਹੀ ਆਪਣੇ ਮਾਂ ਬਾਪ ਨੂੰ ਇਕ ਦੂਜੇ ਨਾਲ ਹੱਸਦਿਆਂ ਖੇਲਦਿਆਂ ਵੇਖਦੇ ਹਾਂ।

ਚਾਬੀਆਂ ਵਾਸਤੇ ਕਿੱਲ ਠੋਕ ਚੁੱਕਣ ਮਗਰੋਂ ਪਿਤਾ ਜੀ ਕਮਰੇ ਦੀ ਸਾਹਮਣੀ ਕੰਧ ਉਤੇ ਲੱਗੀ ਘੜੀ ਵੱਲ ਵੇਖ ਰਹੇ ਹਨ, ਜਿਹੜੀ ਬਹੁਤ ਸਾਰੇ ਦਿਨਾਂ ਤੋਂ ਬੰਦ ਹੈ।

"ਚਲੋ, ਇਸ ਨੂੰ ਵੀ ਚਲਾ ਦੇਵਾਂ!"

ਪਿਤਾ ਜੀ ਸਟੂਲ ਉਤੇ ਖੜੇ ਹੋ ਕੇ ਘੜੀ ਨੂੰ ਚਾਬੀ ਦਿੰਦੇ ਹਨ। ਫੇਰ ਉਸ ਦੀਆਂ ਸੂਈਆਂ ਹਿਲਾ ਕੇ ਘੰਟੇ ਵਜਾਉਂਦੇ ਹਨ, ਨੌਂ ਵਜਦੇ ਹਨ, ਇਕ ਹੋਰ ਚੱਕਰ ਮਗਰੋਂ ਦਸ ਵਜਦੇ ਹਨ ਤੇ ਫਿਰ ਗਿਆਰਾਂ ਤੇ ਆਖਿਰ ਪਿਤਾ ਜੀ ਸੂਈਆਂ ਨੂੰ ਸਵਾ ਗਿਆਰਾਂ ਤੇ ਲਿਆ ਕੇ, ਘੜੀ ਦਾ ਸ਼ੀਸ਼ਾ ਬੰਦ ਕਰ ਦਿੰਦੇ ਹਨ। ਇਸ ਮਗਰੋਂ ਆਪਣੇ ਕੁੜਤੇ ਦੀ ਜੇਬ 'ਚੋਂ ਪੈਨਸਲ ਕੱਢਕੇ ਘੜੀ ਦੇ ਚੌਖਟੇ ਦੇ ਨਾਲ ਨਾਲ ਲਾਈਨਾਂ ਖਿੱਚ ਦਿੰਦੇ ਹਨ।

'ਬਲਦੇਵ ਦੀ ਮਾਂ, ਹੁਣ ਸਮਝ ਲੈ, ਘੜੀ ਨੂੰ ਕੋਈ ਛੇੜੇ ਨਾ। ਘੜੀ ਇਨ੍ਹਾਂ ਲਾਈਨਾਂ ਦੇ ਅੰਦਰ ਹੀ ਅੰਦਰ ਰਹੇ।"

ਪਿਤਾ ਜੀ ਤੋਂ ਬਿਨਾਂ ਘੜੀ ਨੂੰ ਹੋਰ ਕੋਈ ਹੱਥ ਨਹੀਂ ਲਾਉਂਦਾ, ਉਸ ਤੱਕ ਪੁੱਜਣ ਲਈ ਪਿਤਾ ਜੀ ਨੂੰ ਆਪ ਵੀ ਸਟੂਲ ਉਤੇ ਖੜੇ ਹੋਣਾ ਪੈਂਦਾ ਹੈ। ਪਰ ਪਿਤਾ ਜੀ ਆਪਣੀ ਆਦਤ ਅਨੁਸਾਰ ਹਰ ਵਾਰ ਘੜੀ ਨੂੰ ਚਾਬੀ ਦੇਣ ਮਗਰੋਂ ਸਾਰਿਆਂ ਨੂੰ ਘੜੀ ਨੂੰ ਨਾ ਛੇੜਨ ਦੀ ਹਿਦਾਇਤ ਕਰਦੇ ਹਨ। ਆਪਣੀ ਪੈਨਸਿਲ ਨਾਲ ਘੜੀ ਦੇ ਇਕ ਪਾਸੇ ਉਰਦੂ ਭਾਸ਼ਾ 'ਚ ਲਿਖ ਦਿੰਦੇ ਹਨ, "ਚਾਬੀ ਮੰਗਲਵਾਰ"

ਅਤੇ ਉਸ ਉਤੇ ਲਿਖੀ ਲਾਈਨ ਨੂੰ ਕੱਟ ਦਿੰਦੇ ਹਨ, ਜਿਸ ਵਿਚ ਲਿਖਿਆ ਹੈ "ਚਾਬੀ ਸ਼ਨੀਚਰਵਾਰ" ਉਸ ਲਾਈਨ ਤੇ ਪਹਿਲਾਂ ਦੋ ਹੋਰ ਸਤਰਾਂ ਵੀ ਕੱਟੀਆਂ ਹੋਈਆਂ ਹਨ।

"ਗੱਲਾਂ ਤਾਂ ਛੋਟੀਆਂ ਹਨ, ਪਰ ਇਨ੍ਹਾਂ ਵੱਲ ਕੋਈ ਧਿਆਨ ਤਾਂ ਦੇਵੇ ਨਾ।"

ਪਿਤਾ ਜੀ ਸਟੂਲ ਤੋਂ ਹੇਠਾਂ ਉਤਰਦੇ ਹੋਏ ਆਖਦੇ ਹਨ। ਮਾਸੀ ਵਾਪਸ ਆ ਗਈ, ਮਾਂ ਕੋਲ ਜਾ ਕੇ ਉਸ ਨੂੰ ਹੌਲੀ ਹੌਲੀ ਦੱਸ ਰਹੀ ਹੈ, "ਨਜ਼ੂਮੀ ਨੇ ਦੱਸਿਆ ਹੈ ਕਿ ਹਨੇਰੀ ਕੋਠੜੀ ਦੇ ਸੱਜੇ-ਪਾਸੇ ਪੰਜਵੀਂ ਪੁਲਾਂਘ ਕੋਲ ਚਾਬੀਆਂ ਹਨ।"

"ਘਰ ਦੀ ਹਨੇਰੀ-ਕੋਠੜੀ ਤਾਂ ਉਹ ਹੀ ਹੈ ਜਿੱਥੇ ਤਾਲਾ ਲੱਗਿਆ ਹੋਇਆ ਹੈ।" ਮਾਂ ਨੇ ਨਿਰਾਸ਼ ਹੋ ਕੇ ਆਖਿਆ।

“ਤੂੜੀ ਵਾਲਾ ਕੋਠਾ ਵੀ ਤਾਂ ਹੋ ਸਕਦਾ ਹੈ।" ਵਿੱਦਿਆ ਨੇ ਖੁਸ਼ ਜਹੀ ਹੁੰਦਿਆਂ ਆਖਿਆ, “ਤੂੰ ਉਥੇ ਗਾਂ ਖੋਲ੍ਹਣ ਗਈ ਤਾਂ ਸੀ। ਗਈ ਸੀ ਕਿ ਨਹੀਂ?'”

"ਪਰ ਮੈਂ ਨਾ ਲੱਭਣ ਉਥੇ ਜਾਵਾਂ।" ਉਹਨੇ ਇਕ ਦਮ ਗੱਲ ਬਣਾ ਦਿੱਤੀ, ਜੇ ਕੋਈ ਕੀੜਾ ਪਤੰਗਾ ਲੜ ਜਾਏ।”

‘‘ਨਹੀਂ, ਤੈਨੂੰ ਨਹੀਂ ਤੁਲਸੀ ਨੂੰ ਭੇਜਾਂਗੇ।" ਇਸ ਪੁੱਛਿਆ ਉਤੇ ਮਾਂ ਨੂੰ ਵਿਸ਼ਵਾਸ ਨਹੀਂ ਸੀ, ‘‘ਮਰ ਜਾਣੀਏ, ਉਸ ਮਗਰੋਂ ਤਾਂ ਮੈਂ ਤੈਨੂੰ ਘਿਓ ਲਿਆ ਕੇ ਦਿੱਤੀ।"

"ਰਸੋਈ ਵਿਚ ਹੀ ਵੇਖੋ ਭੈਣ, ਉਥੇ ਵੀ ਤਾਂ ਹਨੇਰਾ ਹੀ ਰਹਿੰਦੈ, ਜ਼ਰੂਰ-ਬਰ-ਜ਼ਰੂਰ ਚਾਬੀਆਂ ਉਥੇ ਹੀ ਹੋਣਗੀਆਂ, ਨਹੀਂ ਤਾਂ ਰਾਮਾਇਣ 'ਚ ਪ੍ਰਸ਼ਨ ਪਾ ਕੇ ਵੇਖਾਂਗੇ।" ਮਾਸੀ ਨੇ ਇੰਜ ਆਖਿਆ।

ਬਿਮਲਾ ਦੇਹਲੀ ਉਤੇ ਆ ਕੇ ਚੁੱਪ-ਚਾਪ ਖੜੀ ਹੋ ਗਈ, ਉਸ ਨੇ ਆਪਣੇ ਦੋਵੇਂ ਹੱਥ ਪਿੱਛੇ ਕੀਤੇ ਹੋਏ ਹਨ। ਉਹ ਮੁਸਕਰਾ ਰਹੀ ਹੈ। ਸਭ ਤੋਂ ਪਹਿਲਾਂ ਵਿੱਦਿਆ ਉਸ ਨੂੰ ਵੇਖ ਪੁੱਛਦੀ ਹੈ, ਕੀ ਚਾਬੀਆਂ ਮਿਲ ਗਈਆਂ? ਵਿੱਦਿਆ ਉੱਚੀ ਉੱਚੀ ਬੋਲਦੀ ਝੱਟ ਬਿਮਲਾ ਕੋਲ ਪਹੁੰਚ ਜਾਂਦੀ ਹੈ। ਬਿਮਲਾ ਤਾਂ ਚੁੱਪ ਹੈ, ਪਰ ਕਿਤੇ ਚਾਬੀਆਂ ਵਿੱਦਿਆ ਨੂੰ ਮਿਲ ਜਾਂਦੀਆਂ ਤਾਂ ਉਹ ਸਾਰੇ ਘਰ ਨੂੰ ਸਿਰ ਉੱਤੇ ਚੁੱਕ ਲੈਂਦੀ "ਲਓ ਆਹ ਪਈਆਂ ਨੇ ਚਾਬੀਆਂ।" ਮੇਰੀ ਛੋਟੀ ਭੈਣ, ਸਿਰ ਇਕ ਪਾਸੇ ਕਰੀ, ਮਿਸਕਮੀਨੀ ਹਾਸੀ ਹੱਸੀ ਜਾਂਦੀ ਹੈ, ਇਹ ਹੱਸਦੀ-ਬੋਲਦੀ ਬਹੁਤ ਘੱਟ ਹੈ।

"ਹਾਏ ਨੀ, ਕਿੱਥੋਂ ਮਿਲੀਆਂ?" ਮਾਂ ਜੰਗਲੇ ਦੇ ਸਹਾਰੇ ਖੜੀ ਪੁੱਛਦੀ ਹੈ। ਘਬਰਾਹਟ ਅਤੇ ਪਰੇਸ਼ਾਨੀ ਕਾਰਣ ਉਹ ਆਪਣੀ ਚੁੰਨੀ ਨਾਲ ਮੁੜ ਮੁੜ ਮੂੰਹ ਪੂੰਝਦੀ ਹੈ।

"ਰਿੜਕਣੇ ਹੇਠ ਪਈਆਂ ਸਨ।"

ਮਾਂ ਤਾੜੀ ਜਹੀ ਮਾਰਕੇ ਆਖਦੀ ਹੈ, "ਮੈਂ ਵੀ ਕਹਾਂ ਹੋਣਗੀਆਂ ਤਾਂ ਚਾਟੀ ਕੋਲ ਹੀ, ਕਿਤੇ ਹੋਰ ਤਾਂ ਜਾ ਨਹੀਂ ਸਕਦੀਆਂ ਉਥੇ ਹੀ ਬੈਠੀ ਸੀ। ਮੈਂ ਵਿੱਦਿਆ ਨੂੰ ਘਿਓ ਦੇ ਕੇ ਉਥੇ ਹੀ ਰੱਖ ਬੈਠੀ ਹੋਵਾਂਗੀ ਮੈਂ ਤਾਂ ਚਾਬੀਆਂ ਨੂੰ ਅੱਖੋਂ ਓਹਲੇ ਨਹੀਂ ਹੋਣ ਦਿੰਦੀ।"

"ਪਿਤਾ ਜੀ! ਪਿਤਾ ਜੀ! ਮਿਲ ਗਈਆਂ ਚਾਬੀਆਂ।" ਦਫ਼ਤਰ 'ਚ ਕੁਰਸੀ ਦੇ ਘਿਸਰਨ ਦੀ ਆਵਾਜ਼ ਫਿਰ ਆਉਂਦੀ ਹੈ ਫੇਰ ਇਸ ਮਗਰੋਂ ਪਿਤਾ ਜੀ ਵਿਹੜੇ 'ਚ ਹੇਠਾਂ ਆ ਜਾਂਦੇ ਹਨ। “ਹੁਣ ਆਪਣੀ ਮਾਂ ਨੂੰ ਆਖੋ ਕਿੱਲ ਤੇ ਟੰਗ ਦੇਵੇ।” ਇਸ ਤੋਂ ਬਾਦ ਜਦੋਂ ਉਨ੍ਹਾਂ ਨੇ ਮਾਂ ਨੂੰ ਉਪਰ ਜੰਗਲੇ ਤੇ ਖੜਾ ਵੇਖਿਆ ਤਾਂ ਆਖਿਆ।

"ਬਲਦੇਵ ਦੀ ਮਾਂ, ਦਹੀਂ ਹੈ ਤਾਂ ਥੋੜ੍ਹਾ ਕੁ ਕੌਲੀ 'ਚ ਪਾ ਕੇ ਭੇਜ ਦੇ ਮੈਂ ਜ਼ਰਾ ਨਹਾ ਲਵਾਂ।"

ਮਾਂ ਨੇ ਇਕ ਦਮ ਮੁੜ ਕੇ ਹੇਠਾਂ ਵੱਲ ਵੇਖਦਿਆਂ ਆਖਿਆ, "ਹੁਣ ਨਹਾਉਣ ਲੱਗਗੇ ਤਾਂ ਦੁੱਧ ਕਦੋਂ ਪੀਵੋਗੇ। ਇਹ ਵੇਲਾ ਹੋ ਗਿਆ ਤੁਸੀਂ ਅਜੇ ਤੱਕ ਦੁੱਧ ਵੀ ਨਹੀਂ ਪੀਤਾ, ਫਿਰ ਆਖਣਗੇ ਇਸ ਘਰ ਦਾ ਕੋਈ ਨਿਯਮ ਹੀ ਨਹੀਂ?"

"ਭਲੀਏ ਲੋਕੇ, ਤੂੰ ਬਹਿਸ ਕਿਉਂ ਕਰਦੀ ਐਂ। ਨਹਾਉਣ 'ਚ ਕਿਹੜਾ ਵਰ੍ਹੇ ਲਗਦੇ ਨੇ, ਜਿੰਨੀ ਦੇਰ ਤੂੰ ਇਹ ਭਾਸ਼ਣ ਝਾੜਿਆ, ਉੱਨੀਂ ਦੇਰ ’ਚ ਤਾਂ ਮੈਂ ਨਹਾ ਵੀ ਲਿਆ ਹੁੰਦਾ।”`

ਇਹ ਸੁਣ ਕੇ ਮਾਂ ਸਿਰ ਹਿਲਾਉਂਦੀ ਹੋਈ, ਸੁਰੀਲੀ, ਗੀਤ ਭਰੀ ਆਵਾਜ਼ ਵਿਚ ਬੋਲਦੀ ਹੈ :

‘ਮੁੱਲਾ, ਮੀਆਂ, ਮਸ਼ਾਲਚੀ, ਤੀਨੋਂ ਏਕ ਸਮਾਨ।

ਲੋਕਾਂ ਨੂੰ ਦੱਸਣ ਚਾਨਣਾਂ, ਆਪ ਹਨੇਰੇ ਜਾਨ"

......ਤੇ ਫਿਰ ਜੰਗਲੇ ਤੋਂ ਦੂਰ ਚਲੀ ਜਾਂਦੀ ਹੈ।

0

ਦੁਪਹਿਰ ਨੂੰ ਗਲੀ ਵਿਚ ਫਿਰ ਰੌਲਾ ਪੈਣ ਲੱਗਿਆ, ਮਾਤਾ ਜੀ, ਦੋ ਭੈਣਾਂ ਦੇ ਨਾਲ ਮਸ਼ੀਨ ਅੱਗੇ ਬੈਠੀ ਕੱਪੜੇ ਸਿਉਂ ਰਹੀ ਹੈ। ਰੌਲਾ ਸੁਣਦਿਆਂ ਹੀ ਉਨ੍ਹਾਂ ਸਾਰਿਆਂ ਦੇ ਚਿਹਰੇ ਪੀਲੇ ਪੈ ਗਏ।

"ਅੱਜ ਫਿਰ ਇਹ ਨਾਮੁਰਾਦ ਕਿਸੇ ਖੌਂਚੇ ਵਾਲੇ ਨੂੰ ਲੁੱਟ ਰਹੇ ਹਨ।"

ਦੋਨੋਂ ਭੈਣਾਂ, ਛੜੱਪਾ ਮਾਰ ਕੇ ਖਿੜਕੀ ਕੋਲ ਆ ਪਹੁੰਚੀਆਂ ਤੇ ਚਿੱਕ ਚੁੱਕ ਹੇਠਾਂ ਵੱਲ ਵੇਖਣ ਲੱਗੀਆਂ।

"ਮੈਨੂੰ ਪਤਾ ਹੈ ਕਿ ਕੀ ਹੋਇਆ ਹੋਵੇਗਾ। ਪੂਰੇ ਚਾਰ ਵਜੇ ਜਦੋਂ ਸਾਡੇ ਪੰਡਤ ਜੀ ਪੜ੍ਹਾ ਕੇ ਜਾਂਦੇ ਹਨ ਅਤੇ ਪਰਛਾਵਾਂ ਸੜਕ ਉਤੇ ਆਉਣ ਵਾਲਾ ਹੀ ਹੁੰਦਾ ਹੈ, ਤਾਂ ਖੇਲ੍ਹ ਕੋਲੋਂ ਸਮੋਸੇ ਵੇਚਣ ਵਾਲਾ ਖੌਂਚੇ ਨੂੰ ਆਪਣੇ ਮੋਢੇ ਉੱਤੇ ਰੱਖੀ, ਮੋੜ ਮੁੜ ਮੁਹੱਲੇ 'ਚ ਆ ਜਾਂਦਾ ਹੈ। ਇਹ ਖਿੱਚੇ ਵਾਲਾ ਗੋਰੇ-ਰੰਗਾ ਅੱਧਖੜ ਉਮਰ ਦਾ ਆਦਮੀ ਹੈ, ਉਹ ਨੂੰ ਤਾਂ ਕੋਈ ਕੁਝ ਨਹੀਂ ਕਹਿੰਦਾ, ਪਰ ਕਦੇ ਕਦਾਈਂ ਜਦੋਂ ਉਸਦਾ ਪੁੱਤਰ ਜਾਂ ਹੋਰ ਕੋਈ ਖੌਂਚਾ ਲੈ ਕੇ ਆਉਂਦਾ ਹੈ ਤਾਂ ਗਲੀ ਵਿਚ ਸ਼ੇਖ ਦਾ ਪੁੱਤਰ, ਮੌਲਵੀ ਇਸਹਾਕ ਦਾ ਪੁੱਤਰ ਅਤੇ ਲੰਬੂ, ਤਿੰਨੇ ਉਸ ਨੂੰ ਆਪਣੇ ਅੱਗੇ ਬਿਠਾ ਲੈਂਦੇ ਹਨ, ਖੂਬ ਰੱਜ ਕੇ, ਸਮੋਸੇ ਅਤੇ ਕਚੌਰੀਆਂ ਖਾਂਦੇ ਹਨ ਪਰ ਜਦੋਂ ਉਹ ਆਪਣੇ ਪੈਸੇ ਮੰਗਦਾ ਹੈ ਤਾਂ ਉਹਨੂੰ ਕੁੱਟਣ ਲੱਗ ਪੈਂਦੇ ਨੇ। ਅਜਿਹੇ ਵੇਲੇ ਪਿਤਾ ਜੀ ਬਾਹਰ ਜਾ ਕੇ ਖੌਂਚੇ ਵਾਲੇ ਨੂੰ ਕੁੱਟ ਤੋਂ ਬਚਾਉਂਦੇ ਹਨ, ਉੱਚੀ ਉੱਚੀ ਬੋਲਦੇ ਝਿੜਕਾਂ ਦਿੰਦੇ ਹਨ, ਮੌਲਵੀ ਇਸਹਾਕ ਦੇ ਪੁੱਤ ਨੂੰ ਧਮਕਾਉਂਦੇ ਹਨ ਤਾਂ ਮਾਂ ਦਾ ਦਿਲ ਧਕ-ਧਕ ਕਰਨ ਲਗ ਪੈਂਦਾ ਹੈ। ਉਹ ਕਦੇ ਜੰਗਲੇ ਵੱਲ ਤੇ ਕਦੇ ਖਿੜਕੀ ਵੱਲ ਭੱਜ ਕੇ ਜਾਂਦੀ ਹੈ।

ਅੱਜ ਵੀ ਹੇਠਾਂ ਤੋਂ ਰੌਲਾ ਸੁਣ ਰਿਹਾ ਹੈ। ਸ਼ੇਖ ਦੇ ਪੁੱਤਰ ਤੇ ਉਸਦੇ ਸਾਥੀਆਂ ਨੇ ਜ਼ਰੂਰ ਕਿਸੇ ਖੌਂਚੇ ਵਾਲੇ ਨੂੰ ਲੁੱਟਿਆ ਹੋਵੇਗਾ।

“ਹੇਠਾਂ ਗਲੀ 'ਚ ਤਾਂ ਕੋਈ ਨਹੀਂ, ਮਾਤਾ ਜੀ!" ਵਿਦਿਆ ਮੁੜ ਕੇ ਆਖਦੀ ਹੈ।

"ਤਾਂ ਸੜਕ ਉਤੇ ਹੋਵੇਗਾ।" ਕਹਿੰਦੀ ਹੋਈ ਮਾਂ ਇਕ ਦਮ ਛੱਜੇ ਵੱਲ ਤੁਰ ਜਾਂਦੀ ਹੈ। ਅਸੀਂ ਵੀ ਸਾਰੇ ਉਨ੍ਹਾਂ ਮਗਰ ਛੱਜੇ ਉਤੇ ਜਾ ਪਹੁੰਚਦੇ ਹਾਂ।

ਘਰ ਦੇ ਸਾਹਮਣੇ ਖੰਭੇ ਨਾਲ ਇਕ ਆਦਮੀ ਬੰਨ੍ਹਿਆ ਹੋਇਆ ਹੈ। ਫੈਜ਼ ਅਲੀ ਨੇ ਆਪਣੀ ਪੱਗ ਉਤਾਰ ਰੱਖੀ ਹੈ, ਅਤੇ ਉਸ ਨਾਲ ਆਦਮੀ ਨੂੰ ਖੰਭੇ ਨਾਲ ਜ਼ੋਰ ਜ਼ੋਰ ਦੀ ਬੰਨ ਰਿਹਾ ਹੈ ਅਤ ਪੱਗ ਦੇ ਲੜਾਂ ਨੂੰ ਕਸਣ ਲਈ ਖਿੱਚ ਰਿਹਾ ਹੈ। ਖੰਭੇ ਨਾਲ ਬੰਨਿਆ ਹੋਇਆ ਆਦਮੀ ਦੂਹਰਾ ਹੋ ਅੱਗੇ ਨੂੰ ਝੁਕਿਆ ਹੋਇਆ ਹੈ। ਝੁਕੇ ਹੋਏ ਆਦਮੀ ਦਾ ਚਿਹਰਾ ਲਾਲ ਹੋਇਆ ਹੋਇਆ ਹੈ। ਅੱਖਾਂ ਬਾਹਰ ਨੂੰ ਆਈਆਂ ਹੋਈਆਂ ਹਨ। ਉਹ ਆਪਣੇ ਆਪ ਨੂੰ ਛੁਡਾਉਣ ਲਈ ਕੁਝ ਵੀ ਨਹੀਂ ਕਰ ਸਕਦਾ, ਕਿਉਂਕਿ ਉਸਦੇ ਹੱਥ, ਪਿੱਠ ਪਿੱਛੇ ਕਰਕੇ ਬੰਨ੍ਹੇ ਹੋਏ ਹਨ। ਜਦੋਂ ਕਦੇ ਉਹ ਅੱਗੇ ਨੂੰ ਬਹੁਤ ਜ਼ਿਆਦਾ ਝੁਕ ਜਾਂਦਾ ਹੈ ਅਤੇ ਫ਼ੈਜ਼ ਅਲੀ ਨੂੰ, ਉਸਨੂੰ ਬੰਨਣ 'ਚ ਰੁਕਾਵਟ ਆਉਂਦੀ ਹੈ, ਤਾਂ ਫ਼ੈਜ਼ ਅਲੀ ਉਸਦੇ ਮੂੰਹ ਉੱਤੇ ਜੋਰ ਦੀ ਮੁੱਕਾ ਮਾਰਦਾ ਹੈ, ਜਿਸ ਨਾਲ ਉਸ ਆਦਮੀ ਦਾ ਸਿਰ ਆਪਣੇ ਆਪ ਪਿੱਛੇ ਨੂੰ ਲੁੜਕ ਜਾਂਦਾ ਹੈ ਅਤੇ ਮੋਢਿਆਂ ਉਤੇ ਡਿੱਗ ਪੈਂਦਾ ਹੈ। ਉਸ ਆਦਮੀ ਦੇ ਬੁੱਲ੍ਹਾਂ 'ਚੋਂ ਲਹੂ ਵੀ ਵਗ ਰਿਹਾ ਹੈ, ਮੇਰੀਆਂ ਟੰਗਾਂ 'ਚੋਂ ਜਿਵੇਂ ਸਾਹ-ਸਤ ਖਿੱਚਿਆ ਗਿਆ ਅਤੇ ਕੰਬਣੀ ਛਿੜ ਗਈ।

ਬਾਬਾ ਗੁਰੂ ਲੰਗੜਾਉਂਦਾ ਹੋਇਆ ਆਪਣੀ ਕੋਠੜੀ 'ਚੋਂ ਬਾਹਰ ਨਿਕਲਿਆ ਅਤੇ ਸਿੱਧਾ ਖੰਭੇ ਨਾਲ ਬੰਨ੍ਹੇ ਆਦਮੀ ਕੋਲ ਜਾ ਕੇ ਆਪਣੀ ਛੜੀ ਨਾਲ ਉਸਨੂੰ ਕੁੱਟਣ ਲੱਗ ਪਿਆ। ਲੋਕੀਂ ਇਕੱਠੇ ਹੋ ਗਏ।

"ਹਾਏ ਇਹ ਕਸਾਈ ਇਹਨੂੰ ਮਾਰ ਦੇਣਗੇ, ਇਸ ਦੀਆਂ ਆਂਦਰਾਂ, ਕੱਢ ਦੇਣਗੇ।" ਮਾਂ, ਘਬਰਾਈ ਹੋਈ ਆਖਦੀ ਹੈ।

ਮਾਂ ਇਕ-ਦਮ ਛੱਜੇ ਤੋਂ ਹਟਕੇ ਭੱਜਦੀ ਹੋਈ ਹੇਠਾਂ ਪਿਤਾ ਜੀ ਦੇ ਦਫ਼ਤਰ 'ਚ ਜਾ ਪਹੁੰਚਦੀ ਹੈ। ਅਸੀਂ ਭੈਣ ਭਰਾ ਅਜੇ ਵੀ ਜੰਗਲੇ ਉਤੇ ਖੜ੍ਹੇ ਹਾਂ। ਪਿਤਾ ਜੀ ਦਫਤਰ 'ਚੋਂ ਨਿਕਲ ਕੇ ਡਿਉਢੀ ਵੱਲ ਜਾ ਰਹੇ ਸਨ, ਜਦ ਮਾਂ ਨੇ ਉਨ੍ਹਾਂ ਨੂੰ ਰੋਕ ਲਿਆ।

"ਮੇਰੀ ਲਾਸ਼ ਵੇਖੋ, ਜੇ ਬਾਹਰ ਗਏ। ਇਹ ਚੰਗੀ ਗੱਲ ਨਹੀਂ ਕਿ ਤੁਸੀਂ ਮੁਹੱਲੇ 'ਚ ਹਰ ਇਕ ਨਾਲ ਦੁਸ਼ਮਣੀ ਮੁੱਲ ਲੈਂਦੇ ਫਿਰੋ।"

"ਮੁਹੱਲੇ 'ਚ ਰਹਿਣਾ ਹੈ ਤਾਂ ਚੂਹਿਆਂ ਵਾਂਗ ਡਰ ਕੇ ਰਹਾਂ।"

"ਮੇਰੀ ਲਾਸ਼ ਵੇਖੋ, ਘਰੋਂ ਬਾਹਰ ਜਾਓ। ਛੋਟੇ ਛੋਟੇ ਮੇਰੇ ਬੱਚਿਆਂ ਦੀ ਸਹੁੰ ਜੇ ਘਰੋਂ ਬਾਹਰ ਪੈਰ ਰੱਖਿਆ। ਮੈਂ ਤੁਹਾਡੇ ਪੈਰੀਂ ਪੈਂਦੀ ਹਾਂ।"

"ਕੀ ਬਕਵਾਸ ਸ਼ੁਰੂ ਕੀਤਾ ਹੈ।" ਪਿਤਾ ਜੀ ਮਾਂ ਤੋਂ ਪੈਰ ਛੁਡਾ ਬਾਹਰ ਜਾ ਰਹੇ ਹਨ। ਅਸੀਂ ਦੋਵੇਂ ਭਰਾ ਪੌੜੀਆਂ ਉੱਤਰ ਕੇ ਹੇਠਾਂ ਆ ਗਏ ਹਾਂ।

"ਤੁਲਸੀ ਕਿੱਥੇ ਹੈ? ਵਿਦਿਆ ਬਿਮਲਾ, ਵੇਖੋ ਤੁਲਸੀ ਕਿੱਥੇ ਹੈ। ਉਸਨੂੰ ਹੇਠਾਂ ਨਾ ਆਉਣ ਦੇਣਾ।" ਉਪਰ ਨੂੰ ਮੂੰਹ ਕਰ ਕੇ ਮੇਰੀ ਮਾਂ ਨੇ ਮੇਰੀਆਂ ਭੈਣਾਂ ਨੂੰ ਆਖਿਆ।

"ਤੁਲਸੀ ਛੱਜੇ ਉੱਤੇ ਸੁਤਾ ਪਿਆ ਹੈ।"

"ਉਸਨੂੰ ਹੇਠਾਂ ਨਾ ਆਉਣ ਦੇਣਾ।"

ਪਿਤਾ ਜੀ ਘਰੋਂ ਬਾਹਰ ਚਲੇ ਗਏ।

"ਹੇ ਮਹਾਰਾਜ, ਇਨ੍ਹਾਂ ਨੂੰ ਸੁਮੱਤ ਬਖਸ਼, ਇਹ ਹਰ ਇਕ ਨਾਲ ਉਲਝਦੇ ਰਹਿੰਦੇ ਹਨ।"

ਪਿਤਾ ਜੀ ਦੇ ਜਾਣ ਸਮੇਂ, ਉਨ੍ਹਾਂ ਦੇ ਸਿਰ ਉੱਤੇ ਪੱਗ ਵੀ ਨਹੀਂ ਸੀ ਰੱਖੀ ਹੋਈ, ਤੇ ਹੁਣ ਉਹ ਖੰਭੇ ਕੋਲ ਪੁੱਜਣਗੇ। ਜਦੋਂ ਪਿਤਾ ਜੀ ਦੇ ਸਿਰ ਉੱਤੇ ਪੱਗ ਨਹੀਂ ਹੁੰਦੀ ਤਾਂ ਉਹ ਬੜੇ ਕਮਜੋਰ ਲਗਦੇ ਹਨ। ਅਸੀਂ ਦੋਵੇਂ ਭਰਾ ਵੀ ਘਰੋਂ ਬਾਹਰ ਆ ਕੇ ਚੌਂਤਰੇ ਉਤੇ ਆ ਖੜੇ ਹਾਂ। ਮੈਂ ਖੰਭੇ ਨਾਲ ਨੂੜੇ ਆਦਮੀ ਨੂੰ ਬੜੀ ਗਹੁ ਨਾਲ ਵੇਖ ਰਿਹਾ ਹਾਂ। ਉਸਦੀ ਦਾੜ੍ਹੀ ਦਾ ਰੰਗ ਭੂਰਾ ਅਤੇ ਉਸਦਾ ਆਪਣਾ ਰੰਗ ਗੋਰਾ ਹੈ, ਭੂਰੀ ਦਾੜੀ ਉਤੇ ਇਕ ਪਾਸਿਓਂ ਲਹੂ ਡਿਗਦਾ ਹੈ।

ਪਿਤਾ ਜੀ ਬਾਬਾ ਗੁਰੂ ਨੂੰ ਹੌਲੀ ਹੌਲੀ ਕੁਝ ਕਹਿਣ ਲੱਗੇ ਹਨ। ਫੈਜ਼ ਅਲੀ ਅਜੇ ਵੀ ਉਸ ਆਦਮੀ ਨੂੰ ਹੋਰ ਕਸਕੇ ਬੰਨ੍ਹੀ ਜਾ ਰਿਹਾ ਹੈ, ਪਰ ਬਾਬਾ ਨੂਰੂ ਨੇ ਛੜੀ ਚਲਾਉਣੀ ਬੰਦ ਕਰ ਦਿੱਤੀ ਹੈ।

"ਓ ਬਾਬੂ, ਤੁਹਾਨੂੰ ਕੁਝ ਨਹੀਂ ਪਤਾ, ਇਹ ਬੇਈਮਾਨ ਦਾ ਬੀਅ ਕਿਸੇ ਦੂਜੇ ਮੁਹੱਲੇ ਤੋਂ ਆਇਐ।" ਇਹ ਆਖ, ਬਾਬਾ ਗੁਰੂ ਛੜੀ ਚੁੱਕ ਕੇ ਫਿਰ ਉਸ ਆਦਮੀ ਦੇ ਮੋਢਿਆਂ ਨੂੰ ਕੁੱਟਣ ਲੱਗ ਪਿਆ। ਬਾਬਾ ਗੁਰੂ ਉਸ ਨੂੰ ਕੁਟਦਿਆਂ ਕੁਟਦਿਆਂ ਉੱਚੀ ਉੱਚੀ ਕੁਝ ਬੋਲੀ ਵੀ ਜਾ ਰਿਹਾ ਹੈ, ਜਿਸਦੀ ਮੈਨੂੰ ਸਮਝ ਨਹੀਂ ਪੈਂਦੀ।

ਫੈਜ਼-ਅਲੀ ਨੇ ਉਸ ਆਦਮੀ ਦੇ ਲਟਕਦੇ ਹੋਏ ਕੋਟ ਦੀ ਜੇਬ 'ਚ ਹੱਥ ਪਾ ਕੇ ਬੋਤਲ ਕੱਢ ਲਿਆਂਦੀ ਤੇ ਉਹ ਇਸ ਬੋਤਲ ਨੂੰ ਪਿਤਾ ਜੀ ਨੂੰ ਵਿਖਾ ਰਿਹਾ ਹੈ। ਉਸ ਵਿਚ ਪੀਲੇ ਰੰਗ ਦਾ ਥੋੜ੍ਹਾ ਕੁ ਪਾਣੀ ਹੈ। ਗੁਰੂ ਨੇ ਉਸ ਉਤੇ ਆਪਣੀ ਛੜੀ ਵਰਸਾਉਣੀ ਫਿਰ ਸ਼ੁਰੂ ਕਰ ਦਿੱਤੀ।

ਪਿਤਾ ਜੀ ਬੜੇ ਹੀ ਧੀਰਜ ਨਾਲ ਗੱਲਾਂ ਕਰ ਰਹੇ ਹਨ। ਜਦੋਂ ਕਦੇ ਖੌਂਚਾ ਲੁੱਟਿਆ ਜਾਂਦਾ ਹੈ ਤਾਂ ਉਹ ਬਹੁਤ ਉੱਚਾ ਬੋਲਦੇ ਹਨ। ਅੱਜ ਤਾਂ ਉਹ ਉਥੇ ਖੜੇ ਬਾਬਾ ਗੁਰੂ ਤੇ ਫੈਜ਼ ਅਲੀ ਨੂੰ ਸਮਝਾ ਰਹੇ ਹਨ। ਫ਼ੈਜ਼ ਅਲੀ ਦੇ ਹੱਥ ਹੁਣ ਕੁਝ ਕੁ ਢਿੱਲੇ ਪੈ ਗਏ ਹਨ। ਭਾਵੇਂ ਅਜੇ ਵੀ ਉਹ ਕਦੇ ਕਦੇ ਗੁੱਸੇ 'ਚ ਆ ਕੇ ਉਸ ਆਦਮੀ ਨੂੰ ਜ਼ੋਰ ਜ਼ੋਰ ਦੀ ਮੁੱਕੇ ਮਾਰਨ ਲੱਗ ਪੈਂਦਾ ਹੈ। ਜਿਸ ਨਾਲ ਉਸ ਆਦਮੀ ਦਾ ਸਿਰ ਖੱਬੇ-ਸੱਜੇ ਝੂਲਣ ਲਗਦਾ ਹੈ।

ਪਿਤਾ ਜੀ ਮੁੜ ਆਏ। ਡਿਉੜੀ ਲੰਘ ਸਿੱਧਾ ਉਹ ਆਪਣੇ ਦਫ਼ਤਰ ਵੱਲ ਮੁੜ ਪਏ। ਅਜੇ ਉਹ ਦਫ਼ਤਰ ਦੇ ਦਰਵਾਜੇ ਦਾ ਕੁੰਡਾ ਖੋਲ੍ਹ ਹੀ ਰਹੇ ਹਨ। ਜਦੋਂ ਕਿ ਮਾਂ ਉਪਰ ਜੰਗਲੇ ਕੋਲ ਪੁੱਜ ਜਾਂਦੀ ਹੈ। ਇਸ ਵਿਚਕਾਰ ਮਾਂ ਪੌੜੀਆਂ ਚੜ੍ਹ ਕੇ ਉਪਰ ਚਲੀ ਗਈ, ਸ਼ਾਇਦ ਛੱਜੇ ਤੋਂ ਸਾਰਾ ਕੁਝ ਵੇਖਣਾ ਚਾਹੁੰਦੀ ਹੈ ਜਾਂ ਤੁਲਸੀ ਨੂੰ ਰੋਕੀ ਰੱਖਣ ਲਈ ਜਾਂਦੀ ਹੈ।

"ਦੱਸੋ ਤਾਂ ਸਹੀ, ਕੀ ਗੱਲ ਹੋਈ ਐ?"

"ਕੁਝ ਨਹੀਂ, ਕੁਝ ਨਹੀਂ।"

"ਫੇਰ ਵੀ ਕੁਝ ਤਾਂ ਹੈ! ਆਖ਼ਿਰ ਆਦਮੀ ਨੂੰ ਖੰਭੇ ਨਾਲ ਬੰਨ੍ਹ ਕੇ ਮਾਰ ਜੋ ਰਹੇ ਹਨ।"

"ਉਹ ਇਨ੍ਹਾਂ ਦਾ ਹੀ ਆਦਮੀ ਹੈ। ਇਥੇ ਕਿਸੇ ਕੋਠੜੀ ਵਿਚ ਬੈਠਾ ਸ਼ਰਾਬ ਪੀ ਰਿਹਾ ਸੀ" ਅਤੇ...... ਫਿਰ ਸਾਨੂੰ ਉਥੇ ਖੜਾ ਵੇਖ ਚੁੱਪ ਹੋ ਜਾਂਦੇ ਹਨ।

ਪਿਤਾ ਜੀ ਫੇਰ ਅੰਦਰ ਚਲੇ ਗਏ। ਅਸੀਂ ਫੇਰ ਭੱਜਦੇ ਹੋਏ ਛੱਜੇ ਉਤੇ ਚਲੇ ਗਏ, ਕਿਉਂਕਿ ਉਧਰੋਂ ਫੇਰ ਰੌਲਾ ਸੁਣਾਈ ਦੇਣ ਲੱਗ ਪਿਆ। ਖੇਲ੍ਹ ਵੱਲੋਂ ਕੁਝ ਲੋਕ ਸੋਟੀਆਂ ਚੁੱਕੀ ਉੱਚੀ ਉੱਚੀ ਗਾਲਾਂ ਕੱਢਦੇ ਭੱਜੇ ਆ ਰਹੇ ਹਨ। ਇਧਰੋਂ ਫੈਜ਼ ਅਲੀ ਭੱਜ ਕੇ ਆਪਣੀ ਕੋਠੜੀ 'ਚੋਂ ਬੇਲਚਾ ਚੁੱਕ ਲਿਆਇਆ। ਦੂਜੀਆਂ ਕੋਠੜੀਆਂ ਵਿਚੋਂ, ਕਰਮ ਖ਼ਾਨ ਦਾ ਮੁੰਡਾ ਅਤੇ ਫ਼ਤਹਿ ਦੀਨ ਸੋਟੀਆਂ ਲੈ ਕੇ ਖੰਭੇ ਕੋਲ ਪੁੱਜ ਗਏ। ਖੇਲ੍ਹ (ਚਬੱਚਾ, ਲੰਮੀ ਜਹੀ ਸ਼ਕਲ ਦਾ, ਪਸ਼ੂ ਅਤੇ ਜਾਨਵਰਾਂ ਦੇ ਪਾਣੀ ਪੀਣ ਲਈ) ਵਲੋਂ ਆਉਣ ਵਾਲੇ ਤਿੰਨੋਂ ਆਦਮੀ ਆਉਣ ਸਾਰ ਫ਼ੈਜ਼ ਅਲੀ ਅਤੇ ਬਾਬਾ ਗੁਰੂ ਤੇ ਟੁੱਟ ਪਏ। ਫੈਜ਼ ਅਲੀ ਨੇ ਅੱਗੇ ਵੱਧਕੇ ਇਕ ਆਦਮੀ ਦੇ ਮੂੰਹ ਉੱਤੇ ਬੇਲਚਾ ਮਾਰਿਆ ਜਿਸ ਨਾਲ ਜਬਾੜਾ ਕੁੱਟਿਆ ਗਿਆ ਅਤੇ ਖ਼ੂਨ ਦੀ ਤਤੀਰੀ ਵਹਿ ਤੁਰੀ। ਬਾਬੇ ਗੁਰੂ ਦੇ ਸਿਰ 'ਚੋਂ ਵੀ ਖ਼ੂਨ ਵਗ ਰਿਹਾ ਸੀ। ਇਕ ਆਦਮੀ ਨੂੜੇ ਹੋਏ ਬੰਦੇ ਨੂੰ ਖੋਲ੍ਹ ਰਿਹਾ ਹੈ। ਨੇੜੇ ਦੀ ਗਲੀ 'ਚੋਂ ਸੂਬੇਦਾਰ ਦਾ ਭਤੀਜਾ ਹਾਕੀ ਚੁੱਕੀ ਉਥੇ ਆ ਪੁਜਿਆ ਤੇ ਆਉਂਦਿਆਂ ਹੀ ਉਸਨੇ ਇਕ ਆਦਮੀ ਦੀ ਪਿੱਠ ਸੇਕ ਦਿੱਤੀ। ਹੁਣ ਤੱਕ ਮੁਹੱਲੇ ਦੇ ਬਹੁਤ ਸਾਰੇ ਲੋਕ ਘਰਾਂ 'ਚੋਂ ਬਾਹਰ ਆ ਕੇ, ਉੱਚੀ ਉੱਚੀ ਬੋਲਦੇ ਹੋਏ ਲੜਾਈ ਬੰਦ ਕਰਵਾਉਣ ਲੱਗੇ। ਲੜਾਈ ਬੰਦ ਕਰਵਾਉਣ ਵਾਲਿਆਂ ਵਿਚ ਅਤਰ ਸਿੰਘ ਹਲਵਾਈ ਵੀ ਹੈ, ਜਿਸ ਤੋਂ ਆਪਣੀ ਪੱਗੜੀ ਸੰਭਾਲੀ ਨਹੀਂ ਜਾ ਰਹੀ। ਖੇਲ੍ਹ ਵਲੋਂ ਦੋ ਹੋਰ ਆਦਮੀ ਸੋਟੀਆਂ ਚੁੱਕੀ ਭੱਜੇ ਆਉਂਦੇ ਹਨ, ਉਨ੍ਹਾਂ ਦੇ ਪਿੱਛੇ ਦੋ ਔਰਤਾਂ ਵੀ ਭੱਜੀਆਂ ਆਉਂਦੀਆਂ ਹਨ। ਇੱਕ ਨੇ ਆਪਣੀਆਂ ਜੁੱਤੀਆਂ ਹੱਥ 'ਚ ਫੜੀਆਂ ਹੋਈਆਂ ਹਨ।

ਭੀੜ 'ਚੋਂ ਹੁਣ ਖੰਭੇ ਨਾਲ ਨੂੜਿਆ ਹੋਇਆ ਆਦਮੀ ਦਿਸਦਾ ਨਹੀਂ। ਸੋਟੀਆਂ ਵੀ ਹੁਣ ਚੁੱਕੀਆਂ ਹੋਈਆਂ ਘੱਟ ਹੀ ਹਨ ਇਹ ਧਰਤੀ ਤੇ ਟਿਕੀਆਂ ਹੋਈਆਂ ਹਨ। ਸਾਡੀ ਮਾਂ ਨੇ ਸਾਨੂੰ ਦੋਵਾਂ ਨੂੰ ਛੱਜੇ ਤੋਂ ਖਿੱਚ ਕੇ ਪਰੇ ਹਟਾ ਲਿਆ।......

ਪਿਤਾ ਜੀ ਦਫਤਰ 'ਚ ਜਾ ਕੇ ਫਿਰ ਕੰਮ ਕਰਨ ਲੱਗ ਗਏ ਹਨ। ਉਹ ਕੀ ਕੰਮ ਕਰਦੇ ਹਨ, ਇਸ ਦਾ ਮੈਨੂੰ ਪਤਾ ਨਹੀਂ। ਉਹ ਦਫ਼ਤਰ 'ਚ ਬੈਠਦੇ ਹਨ ਅਤੇ ਉਂਗਲੀ ਨਾਲ ਚਿੱਠੀਆਂ ਟਾਈਪ ਕਰਦੇ ਹਨ। ਵੀਰਵਾਰ ਵਾਲੇ ਦਿਨ ਉਨ੍ਹਾਂ ਦਾ ਵਿਦੇਸ਼ੀ ਡਾਕ ਦਾ ਦਿਨ ਹੁੰਦਾ ਹੈ, ਉਸ ਦਿਨ ਉਹ ਸਾਰਾ ਦਿਨ ਦਫ਼ਤਰ 'ਚ ਬੈਠੇ ਰਹਿੰਦੇ ਹਨ। ਉਸ ਦਿਨ ਉਨ੍ਹਾਂ ਨੂੰ ਕੋਈ ਬੁਲਾ ਨਹੀਂ ਸਕਦਾ, ਇਥੋਂ ਤੱਕ ਕਿ ਮਾਂ ਵੀ ਬੁਲਾ ਨਹੀਂ ਸਕਦੀ।

ਮੇਰੇ ਪਿਤਾ ਜੀ ਮੇਰੀ ਮਾਂ ਨੂੰ ਕੱਪੜਿਆ ਦੇ ਨਮੂਨੇ ਦਿੰਦੇ ਹਨ, ਜਿਨ੍ਹਾਂ ਉਤੋਂ ਮੇਰੀਆਂ ਭੈਣਾਂ ਕਾਗਜ਼ ਦੀਆਂ ਤਸਵੀਰਾਂ ਉਤਾਰ ਲੈਂਦੀਆਂ ਹਨ ਅਤੇ ਮਾਂ ਉਨ੍ਹਾਂ ਤਸਵੀਰਾਂ ਉਤਾਰੇ ਕੱਪੜਿਆਂ ਦੇ ਨਮੂਨਿਆਂ ਨਾਲ ਸਾਡੇ ਕੁੜਤੇ ਪਾਜਾਮੇ ਸਿਉਂ ਦਿੰਦੀ ਹੈ। ਪਿਤਾ ਜੀ ਕੋਲ ਇਕ ਵੱਡਾ ਸਾਰਾ ਬਕਸਾ ਹੈ, ਜਿਸ ਵਿਚ ਪੈਨਸਲਾਂ ਹੀ ਪੈਨਸਲਾਂ ਅਤੇ ਰੰਗ-ਬਿਰੰਗੇ ਪਿਆਲੇ ਵੀ ਹਨ, ਇਨ੍ਹਾਂ ਪਿਆਲਿਆਂ 'ਚੋਂ ਕੁਝ ਕੁ ਉਤੇ ਅੰਗਰੇਜ਼ੀ 'ਚ ਕੁਝ ਲਿਖਿਆ ਹੋਇਆ ਹੈ। ਜਦੋਂ ਕਦੇ ਘਰ ਵਿਚ ਵਿਉਪਾਰੀ ਆਉਂਦੇ ਹਨ ਤਾਂ ਪਿਤਾ ਜੀ ਉਨ੍ਹਾਂ ਨਾਲ ਦਫਤਰ 'ਚ ਬੈਠੇ ਬੈਠੇ ਗੱਲਾਂ ਕਰਦੇ ਰਹਿੰਦੇ ਹਨ।

'ਤੁਲਸੀ!" ਹੇਠੋਂ ਵਿਹੜੇ 'ਚੋਂ ਪਿਤਾ ਜੀ ਦੀ ਆਵਾਜ਼ ਆਉਂਦੀ ਹੈ। ਮੈਂ ਭੱਜਿਆ ਭੱਜਿਆ ਜੰਗਲੇ ਤੇ ਜਾਂਦਾ ਹਾਂ।

ਵਿਹੜੇ ਵਿਚ ਪਿਤਾ ਜੀ ਖੜੇ ਹਨ, ਐਨ ਉਨ੍ਹਾਂ ਦੇ ਪਿੱਛੇ ਦੋ ਆਦਮੀ ਖੜੇ ਹਨ, ਜਿਨ੍ਹਾਂ 'ਚੋਂ ਇਕ ਦੇ ਸਿਰ ਉਤੇ ਰੂਸੀ ਟੋਪੀ ਹੈ। ਦੂਜੇ ਨੇ ਆਪਣੇ ਸਿਰ ਉਤੇ ਮੁਸ਼ੱਦੀ ਲੂੰਗੀ ਬੰਨ੍ਹੀ ਹੋਈ ਹੈ ਅਤੇ ਤੋੜ ਲੱਠੇ ਦੀ ਚੌੜੀ ਖੁੱਲ੍ਹੀ ਸਲਵਾਰ ਪਹਿਨੀ ਹੋਈ ਹੈ। ਇਹ ਦੋਨੋਂ ਮੁਸਲਮਾਨ ਹਨ। ਮੈਂ ਭੱਜ ਕੇ ਮਾਂ ਕੋਲ ਕਮਰੇ 'ਚ ਜਾਂਦਾ ਹਾਂ, ਜਿੱਥੇ ਉਹ ਸਿਲਾਈ ਮਸ਼ੀਨ ਦੇ ਪਿੱਛੇ ਬੈਠੀ ਹੋਈ ਕੱਪੜੇ ਸਿਉਂ ਰਹੀ ਹੈ।

"ਮਾਤਾ ਜੀ ਹੇਠਾਂ ਦੋ ਮੁਸਲਮਾਨ ਆਏ ਹਨ।" ਮਾਤਾ ਜੀ ਪਹਿਲਾਂ ਤਾਂ ਹੱਕੀ ਬੱਕੀ ਜਹੀ ਮੇਰੇ ਵਲ ਵੇਖਦੀ ਹੈ। ਫਿਰ ਹੌਲੀ ਹੌਲੀ ਉਠ ਕੇ ਬਾਹਰ ਜੰਗਲੇ ਵੱਲ ਜਾਣ ਲਗਦੀ ਹੈ। ਤੁਲਸੀ ਛੱਜੇ ਵੱਲੋਂ ਅੱਖਾਂ ਮਲਦਾ ਹੋਇਆ ਆਉਂਦਾ ਹੈ ਤੇ ਫੇਰ ਭੱਜ ਕੇ ਸਿੱਧਾ ਪੌੜੀਆਂ

ਵਲ ਚਲਿਆ ਜਾਂਦਾ ਹੈ। ਇਸ ਸਮੇਂ ਦੌਰਾਨ ਪਿਤਾ ਜੀ ਦਫ਼ਤਰ ਅੰਦਰ ਚਲੇ ਗਏ ਅਤੇ ਉਨ੍ਹਾਂ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ।

ਮਾਂ ਜੰਗਲੇ ਕੋਲ ਖੜੀ ਥੋੜਾ ਕੁ ਝੁਕ ਕੇ ਅੰਦਰ ਹੋ ਰਹੀਆਂ ਗੱਲਾਂ ਬਾਰੇ ਜਾਣਨਾ ਚਾਹੁੰਦੀ ਹੈ। ਪਰ ਉਸ ਦੇ ਕੁਝ ਵੀ ਪੱਲੇ ਨਹੀਂ ਪੈਂਦਾ। ਮੇਰੀ ਮਾਂ ਨਿਰਾਸ਼ ਜਹੀ ਹੋ ਕੇ ਜੰਗਲੇ ਕੋਲੋਂ ਹਟ ਕੇ ਆਪਣੇ ਕਮਰੇ ਵੱਲ ਜਾਣ ਲਗਦੀ ਹੈ ਉਦੋਂ ਤੁਲਸੀ ਛੇਤੀ ਛੇਤੀ ਪੌੜੀਆਂ ਚੜ ਕੇ ਉਪਰ ਆ ਜਾਂਦਾ ਹੈ।

"ਮਾਤਾ ਜੀ ਦੋ 'ਵਪਾਰੀ' ਆਏ ਨੇ, ਪਿਤਾ ਜੀ ਨੇ ਆਖਿਆ ਉਨ੍ਹਾਂ ਦੇ ਖਾਣ ਲਈ ਕੁਝ ਭੇਜੋ।"

'ਜਾ ਜਾ ਕੇ, ਚੁਲ੍ਹੇ 'ਚ ਅੱਗ ਸੁਲਗਾ, ਚਾਹ ਦਾ ਪਾਣੀ ਰੱਖ" ਇਹ ਆਖ ਮਾਂ ਆਪ ਵੀ ਰਸੋਈ ਵੱਲ ਜਾਣ ਲਗਦੀ ਹੈ।

ਰਸੋਈ ਦੇ ਬਾਹਰਲੇ ਪਾਸੇ ਇਕ ਆਲੇ ਵਿਚ ਦੋ ਚੀਨੀ ਦੀਆਂ ਪਲੇਟਾਂ, ਦੋ-ਫੁੱਲਦਾਰ ਪਿਆਲੇ, ਇਕ ਵਧੀਆ ਨਮੂਨੇ ਵਾਲੀ ਚਾਹ ਦਾਨੀ ਰੱਖੀ ਹੋਈ ਹੈ। ਇਨ੍ਹਾਂ ਨੂੰ ਅਸੀਂ ਤਾਂ ਆਪਣੇ ਲਈ ਨਹੀਂ ਵਰਤਦੇ। ਇਹ ਤਾਂ ਹਮੇਸ਼ਾ ਉੱਥੇ ਹੀ ਪਏ ਰਹਿੰਦੇ ਹਨ। ਇਹ ਮੁਸਲਮਾਨ ਵਪਾਰੀਆਂ ਲਈ ਹਨ। ਇਨ੍ਹਾਂ ਭਾਂਡਿਆਂ ਵਿਚ ਮੁਸਲਮਾਨ ਵਪਾਰੀਆਂ ਨੂੰ ਭੋਜਨ ਪਾਣੀ ਦਿੱਤਾ ਜਾਂਦਾ ਹੈ ਅਤੇ ਜਦੋਂ ਉਹ ਵਾਪਸ ਚਲੇ ਜਾਂਦੇ ਹਨ ਤਾਂ ਮਾਂ ਇਨ੍ਹਾਂ ਨੂੰ ਭੱਖਦੇ ਅੰਗਿਆਰ ਅਤੇ ਤੱਤੀ ਸੁਆਹ ਨਾਲ ਸਾਫ ਕਰਕੇ ਫਿਰ ਇਨ੍ਹਾਂ ਨੂੰ ਆਲੇ 'ਚ ਰੱਖ ਦਿੰਦੀ ਹੈ।

ਜਦੋਂ ਮੈਨੂੰ ਇਹ ਪਤਾ ਲਗਦਾ ਹੈ ਕਿ ਉਹ ਕੇਵਲ 'ਵਪਾਰੀ' ਹਨ ਅਤੇ ਮੇਰੇ ਪਿਤਾ ਨਾਲ ਝਗੜਾ ਕਰਨ ਨਹੀਂ ਆਏ ਤਾਂ ਮੈਂ ਨਿੱਝਕ ਹੋ ਕੇ ਹੇਠਾਂ ਆਉਂਦਾ ਹਾਂ ਅਤੇ ਹੌਲੀ ਹੌਲੀ ਦਰਵਾਜ਼ਾ ਖੋਲ੍ਹਕੇ ਦਫ਼ਤਰ ਅੰਦਰ ਪਹੁੰਚ ਜਾਂਦਾ ਹਾਂ।

ਪਿਤਾ ਜੀ ਚਮੜੇ ਦੇ ਲੰਮੇ ਬੈਂਚ ਉਤੇ ਬੈਠੇ ਹਨ ਅਤੇ ਉਨ੍ਹਾਂ ਦੇ ਹੱਥ ਵਿਚ ਚਮਕਦਾ ਹੋਇਆ ਚਿੱਟੀ ਡੋਰੀ ਦਾ ਟੁਕੜਾ ਹੈ "ਸਵਾ ਛੀ ਪਿੰਨੀ, ਖਾਨ ਸਾਹਿਬ, ਇਸ ਤੋਂ ਘੱਟ ਵਾਰਾ ਨੀ ਖਾਂਦਾ। ਕਿੰਨੀਆਂ ਪੇਟੀਆਂ ਲਿਖਾਂ?"

“ਭਾਅ ਮਹਿੰਗੈ।” ਮੁਸ਼ੱਦੀ ਲੂੰਗੀ ਵਾਲਾ ਮੁਸਲਮਾਨ ਕਹਿੰਦਾ ਹੈ।

“ਤੁਹਾਡੇ ਲਈ ਕੀ ਜ਼ਿਆਦਾ ਹੈ ਇਹ ਖ਼ਾਨ ਸਾਹਿਬ," ਤੇ ਫਿਰ ਮੇਰੇ ਪਿਤਾ ਜੀ ਹੱਥ ਅੱਗ ਕਰਦੇ ਹੋਏ ਖ਼ਾਨ ਦੀ ਠੋਡੀ ਨੂੰ ਹੱਥ ਲਾਉਂਦੇ ਹਨ।

"ਅਜਿਹੀ ਡੋਰੀ ਤਾਂ ਹੁਣ ਬਣਦੀ ਹੀ ਨਹੀਂ। ਇਕ ਫਰਾਂਸ ਵਾਲਾ ਹੀ ਹੈ ਜਿਹੜਾ ਬਣਾਉਂਦਾ ਹੈ। ਬਾਕੀ ਬਣਾਉਣ ਵਾਲੇ ਤਾਂ ਸਾਰੇ ਦੇ ਸਾਰੇ ਯੁੱਧ ਵਿਚ ਮਰ ਮਿਟ ਗਏ।”

"ਭਾਅ ਕੁਝ ਜਿਆਦਾ ਹੈ," ਮੁਸ਼ੱਦੀ ਲੂੰਗੀ ਵਾਲਾ ਇਕ ਵਾਰ ਫਿਰ ਆਖਦਾ ਹੈ।

"ਕਿੰਨੀਆਂ ਪੇਟੀਆਂ ਲਿਖਾਂ? ਬਹੁਤਾ ਨਾ ਸੋਚੋ ਖ਼ਾਨ ਸਾਹਿਬ, ਸਾਰੇ ਪਸ਼ਾਵਰ 'ਚੋਂ ਕੇਵਲ ਤੁਹਾਨੂੰ ਹੀ ਮੈਂ ਇਹ ਡੋਰੀ ਦਿੰਦਾ ਹਾਂ। ਚਲੋ ਚੰਗਾ ਫਿਰ ਛੀ ਪਿੰਨੀ ਸਹੀ ਨਾ ਤੁਹਾਡੀ, ਨਾ ਮੇਰੀ। ਇਸ ਤੋਂ ਘੱਟ ਵਾਰਾ ਨਹੀਂ ਖਾਂਦਾ, ਇਸ ਤੋਂ ਘੱਟ ਨਹੀਂ ਹੋ ਸਕਦਾ। ਈਮਾਨ ਨਾਲ ਆਖਦਾ ਹਾਂ ਖ਼ਾਨ ਸਾਹਿਬ।"

'ਵਪਾਰੀ` ਮੁਸਲਮਾਨ ਵਿਚ ਅਤੇ ਮੁਹੱਲੇ ਦੇ ਮੁਸਲਮਾਨ ਵਿਚ ਬੜਾ ਫ਼ਰਕ ਹੈ। ‘ਵਪਾਰੀ' ਮੁਸਲਮਾਨਾਂ ਨਾਲ ਪਿਤਾ ਜੀ ਹੱਸ ਹੱਸ ਗੱਲਾਂ ਕਰਦੇ ਹਨ, ਉਨ੍ਹਾਂ ਦੀ ਠੋਡੀ ਨੂੰ ਹੱਥ ਲਾਉਣਗੇ, ਬੜੇ ਪ੍ਰੇਮ ਪਿਆਰ ਨਾਲ ਉਨ੍ਹਾਂ ਨੂੰ ਚਾਹ ਪਿਆਉਣਗੇ, ਰੋਟੀ ਖੁਆਉਣਗੇ। ਪਰ ਉਹ ਮੁਹੱਲੇ ਦੇ ਮੁਸਲਮਾਨਾਂ ਪ੍ਰਤੀ ਆਖਦੇ ਹਨ, ਇਹ ਮਲੇਛ ਹਨ, ਬੱਕਰੇ ਭੁੰਨਦੇ ਹਨ, ਹਿੰਦੂਆਂ ਦੇ ਖੋਂਚੇ ਲੁੱਟ ਲੈਂਦੇ ਹਨ ਅਤੇ ਇਨ੍ਹਾਂ ਦੇ ਬੱਚੇ ਇਸ਼ਕੀਆ ਗੀਤ ਗਾਉਂਦੇ ਹਨ। ਮੁਹੱਲੇ ਦੇ ਮੁਸਲਮਾਨਾਂ ਦੇ ਬੱਚੇ ਗੰਦੀਆਂ ਗਾਲ੍ਹਾਂ ਦਿੰਦੇ ਹਨ ਇਸੇ ਲਈ ਪਿਤਾ ਜੀ ਸਾਨੂੰ ਇਨ੍ਹਾਂ ਬੱਚਿਆਂ ਨਾਲ ਖੇਡਣ ਨਹੀ ਦਿੰਦੇ।

ਤੁਲਸੀ ਖਾਣ-ਪੀਣ ਦਾ ਸਾਮਾਨ ਲਿਆ ਰਿਹਾ ਹੈ। ਪਿਤਾ ਜੀ ਨੇ ਮੈਨੂੰ ਉਪਰ ਜਾਣ ਲਈ ਆਖਿਆ ਹੈ। ਮੈਂ ਪੌੜੀਆਂ ਚੜ੍ਹਦਾ ਹੋਇਆ ਛੱਜੇ ਉਤੇ ਪਹੁੰਚ ਜਾਂਦਾ ਹਾਂ। ਸੜਕ ਉਤੋਂ ਭੀੜ ਹਟ ਗਈ, ਹੁਣ ਤਾਂ ਐਵੇਂ ਟਾਵਾਂ-ਟਾਵਾਂ ਆਦਮੀ ਹੀ ਦਿਸਦਾ ਹੈ। ਦੋ ਮੰਜੀਆਂ ਉਤੇ ਦੋ ਆਦਮੀ ਪਏ ਹਨ, ਉਨ੍ਹਾਂ ਨੂੰ ਚਿੱਟੀਆਂ ਚਾਦਰਾਂ ਨਾਲ ਢੱਕ ਦਿੱਤਾ ਗਿਆ ਹੈ। ਪੁਲਿਸ ਦੇ ਸਿਪਾਹੀ ਇਧਰ-ਉਧਰ ਘੁੰਮ ਰਹੇ ਹਨ। ਜਿਸ ਤੀਵੀਂ ਨੇ ਜੁੱਤੀਆਂ ਹੱਥਾਂ 'ਚ ਚੁੱਕੀਆਂ

ਹੋਈਆਂ ਸਨ, ਇਕ ਮੰਜੇ ਕੋਲ ਬੈਠੀ, ਉਸ ਦੀ ਬਾਹੀ ਨਾਲ ਹੱਥ ਮਾਰ ਮਾਰ ਰੋ ਰਹੀ ਹੈ। ਮੈਂ ਦੇਰ ਤਕ ਛੱਜੇ ਉਤੇ ਖੜਾ ਰਹਿੰਦਾ ਹਾਂ। ਕਾਫੀ ਸਮੇਂ ਮਗਰੋਂ ਮੰਜੀਆਂ ਨੂੰ ਚੁੱਕ ਲਿਆ ਜਾਂਦਾ ਹੈ ਅਤੇ ਮੁਹੱਲੇ ਦੇ ਕੁਝ ਲੋਕ ਇਨ੍ਹਾਂ ਮੰਜਿਆਂ ਦੇ ਪਿੱਛੇ ਪਿੱਛੇ ਮੁਹੱਲੇ 'ਚੋਂ ਬਾਹਰ ਜਾਣ ਲਗਦੇ ਹਨ।

0

ਅਸੀਂ ਦੋਵੇਂ ਭਰਾ ਪੌੜੀਆਂ ਉਤਰਕੇ ਹੇਠਾਂ ਆ ਗਏ। ਜੰਗਲੇ ਉਤੇ ਖੜੀਆਂ ਦੋਵੇਂ ਭੈਣਾਂ ਹੇਠਾ ਵਿਹੜੇ ਵੱਲ ਵੇਖੀ ਜਾ ਰਹੀਆਂ ਹਨ। ਵਿਹੜੇ ਵਿਚ ਤੁਲਸੀ ਪਿਤਾ ਜੀ ਸਾਹਮਣੇ ਖੜਾ ਹੈ। ਤੁਲਸੀ ਨੇ ਆਪਣੇ ਸਿਰ ਉੱਤੇ ਪੱਗ ਬੰਨ੍ਹੀ ਹੋਈ ਹੈ ਅਤੇ ਪਿਤਾ ਜੀ ਵਾਲਾ ਲੰਮਾ ਸਾਰਾ ਪੁਰਾਣਾ ਕੋਟ ਪਾਇਆ ਹੋਇਆ ਹੈ। ਜਦੋਂ ਦਾ ਤੁਲਸੀ ਸਾਡੇ ਨਾਲ ਬੈਠਕੇ ਪੜਨ ਲੱਗਿਆ ਹੈ, ਉਦੋਂ ਤੋਂ ਉਹ ਹਮੇਸ਼ਾਂ ਬਾਹਰ ਜਾਣ ਸਮੇਂ ਪਗੜੀ ਬੰਨ੍ਹ ਕੇ ਜਾਂਦਾ ਹੈ। ਨੰਗੇ ਸਿਰ ਕਦੇ ਨਹੀਂ ਜਾਂਦਾ।

"ਗਿਆ ਗੁਜ਼ਰਿਆ, ਮੋੜ ਲੈ ਆਇਆ। ਬਾਬੂ ਕੋਲ ਮੇਰਾ ਨਾਂ ਲੈ ਦਿੰਦਾ ਤਾਂ ਉਹ ਫੜ ਲੈਂਦਾ।" “ਹਮੇਸ਼ਾ ਤੁਹਾਡਾ ਨਾਂ ਹੀ ਤਾਂ ਲੈਂਦਾ ਹਾਂ, ਪਰ ਹੁਣ ਉਹ ਨਹੀਂ ਲੈਂਦਾ। ਡਾਕ ਥੈਲੇ ਵਿਚ ਬੰਦ ਹੋ ਚੁਕੀ ਸੀ।”

ਮੇਰੀ ਸਮਝ ਵਿਚ ਸਾਰੀ ਕਹਾਣੀ ਆ ਗਈ ਕਿ ਕੀ ਗੱਲ ਹੈ। ਆਥਣ ਵੇਲੇ ਹਮੇਸ਼ਾ ਹੀ ਮੇਰੇ ਪਿਤਾ ਚਿੱਠੀਆਂ ਕਰਕੇ ਹੀ ਤੁਲਸੀ ਨੂੰ ਝਾੜਾਂ ਪਾਉਂਦੇ ਹਨ। ਚਿੱਠੀਆਂ ਪਾਉਣ ਵਾਲਾ 'ਲੈਟਰ-ਬਾਕਸ' ਜਿਹੜਾ ਸਾਡੇ ਘਰ ਦੇ ਸਭ ਤੋਂ ਨੇੜੇ ਹੈ, ਉਹ ਅਤਰ ਸਿੰਘ ਹਲਵਾਈ ਦੀ ਦੁਕਾਨ ਦੇ ਨਾਲ ਹੀ ਹੈ। ਉਥੋਂ, ਡਾਕ ਦਿਨ ਖੜੇ ਹੀ ਨਿੱਕਲ ਜਾਂਦੀ ਹੈ। ਇਸ ਤੋਂ ਅਗਾਂਹ ਚੌਂਕ ਘਰ ਡਾਕਖਾਨਾ ਹੈ, ਜਿੱਥੋਂ ਡਾਕ ਪੰਜ ਵਜੇ ਜਦੋਂ ਦਿਨ ਢੱਲ ਰਿਹਾ ਹੁੰਦਾ ਹੈ ਪਰ ਅਜੇ ਹਨੇਰਾ ਨਹੀਂ ਹੋਇਆ ਹੁੰਦਾ, ਉਦੋਂ ਨਿੱਕਲਦੀ ਹੈ। ਇਸ ਮਗਰੋਂ ਸ਼ਹਿਰ ਦੇ ਵੱਡੇ ਡਾਕਖਾਨੇ ਦਾ ਨੰਬਰ ਆਉਂਦਾ ਹੈ, ਇਹ ਡਾਕਖਾਨਾ ਸਾਡੇ ਘਰ ਤੋਂ ਬਹੁਤ ਦੂਰ

ਤਲਵਾੜਾਂ ਵਾਲਾ ਬਾਜ਼ਾਰ ਵਿਚ ਹੈ, ਇਥੋਂ ਡਾਕ ਰਾਤ ਦੇ ਹਨੇਰੇ 'ਚ ਸੱਤ ਵਜੇ ਨਿਕਲਦੀ ਹੈ। ਸਟੇਸ਼ਨ ਤੋਂ ਡਾਕ ਨੌਂ ਵਜੇ ਨਿੱਕਲਦੀ ਹੈ। ਜੇਕਰ ਨੌਂ ਵਜੇ ਤੋਂ ਵੀ ਵੱਧ ਸਮਾਂ ਹੋ ਜਾਵੇ ਤਾਂ ਚਿੱਠੀਆਂ ਰੇਲਵੇ ਸਟੇਸ਼ਨ ਉਤੇ ਦਸ ਵਾਲੀ ਗੱਡੀ 'ਚ ਪਾਈਆਂ ਜਾ ਸਕਦੀਆਂ ਹਨ। ਤੁਲਸੀ ਆਮ ਤੌਰ ਤੇ ਸ਼ਹਿਰ ਦੇ ਵੱਡੇ ਡਾਕਖਾਨੇ 'ਚ ਚਿੱਠੀਆਂ ਪਾਉਣ ਜਾਂਦਾ ਹੈ, ਜਿੱਥੋਂ ਕਿ ਚਿੱਠੀਆਂ ਸੱਤ ਵਜੇ ਨਿਕਲਦੀਆਂ ਹਨ। ਅੱਜ ਉਹ ਚਿੱਠੀਆਂ ਮੋੜ ਲਿਆਇਆ ਹੈ।

“ਤੈਥੋਂ ਕੋਈ ਕੰਮ ਹੋ ਹੀ ਨਹੀਂ ਸਕਦਾ। ਤੈਨੂੰ ਤਾਂ ਸਿਰਫ ਰੋਟੀਆਂ ਪਾੜਣੀਆਂ ਆਉਂਦੀਆਂ ਹਨ। ਹੁਣ ਮੇਰੇ ਵੱਲ ਬਿਟਰ ਬਿਟਰ ਕਿਵੇਂ ਵੇਖਦੈਂ, ਜਾ ਜਾ ਕੇ ਨਾਲਾ ਪਾਰ ਕਰਕੇ ਸਟੇਸ਼ਨ ਉਤੇ ਚਿੱਠੀਆਂ ਪਾ ਕੇ ਆ।"

"ਇਸ ਘਰ ਦੀ ਹਰ ਗੱਲ ਨਿਰਾਲੀ ਐ।" ਮਾਂ ਰਸੋਈ ਘਰ 'ਚੋਂ ਬਾਹਰ ਆ ਕੇ ਜੰਗਲੇ ਕੋਲ ਖਲੋ ਕੇ ਆਖਦੀ ਹੈ ' ਘਰ ਤੋਂ ਦੋ ਪੁਲਾਂਘਾਂ ਉੱਤੇ ਲੈਟਰ-ਬਾਕਸ ਹੈ, ਥੋੜ੍ਹਾ ਕੁ ਪਹਿਲਾਂ ਚਿੱਠੀਆਂ ਲਿਖ ਦਿਆ ਕਰੋ, ਪੈਰ ਉਤੇ ਹੀ ਕੰਮ ਹੋ ਜਾਵੇ। ਹੁਣ ਤੁਲਸੀ ਕਦ ਮੁੜਿਆ? ਘਰ ਦਾ ਸਾਰਾ ਕੰਮ ਸਿਰ ਉਤੇ ਪਿਐ।"

"ਤੂੰ ਆਪਣੇ ਕੰਮ ਨੂੰ ਵੇਖ ਭਲੀਏ ਲੋਕੇ, ਤੂੰ ਕਿਉਂ ਵਿਚ ਬੋਲਦੀ ਐਂ?"

"ਘਰ ਵਾਲਿਆਂ ਨੂੰ ਤਾਂ ਨਿਯਮ-ਪਾਲਨ ਦਾ ਉਪਦੇਸ਼ ਦਿੰਦੇ ਰਹਿੰਦੇ ਹੋ" ਮਾਂ ਜੰਗਲੇ ਕੋਲੋਂ ਬੋਲੀ। ਮਾਂ ਦੀਆਂ ਇਨ੍ਹਾਂ ਗੱਲਾਂ ਨੂੰ ਸੁਣ ਕੇ ਪਿਤਾ ਜੀ ਸਿੱਧੇ ਘੜੀ ਵਾਲੇ ਕਮਰੇ ਵੱਲ ਬੁੜ ਬੁੜਾਉਂਦੇ ਤੁਰ ਗਏ।

ਪਿਤਾ ਜੀ ਦਾ ਬੁੜਬੁੜਾਉਣਾ ਸੁਣਕੇ ਸਾਡੇ ਸਾਰਿਆਂ ਦੇ ਦਿਲ ਦਹਿਲ ਜਾਂਦੇ ਹਨ। ਹੁਣ ਝਗੜਾ ਵਧਿਆ ਕਿ ਵਧਿਆ। ਮੇਰੀ ਛੋਟੀ ਭੈਣ ਚੁਪ-ਚੁਪਾਤੇ ਮਾਂ ਕੋਲ ਆ ਖੜੀ ਹੁੰਦੀ ਹੈ ਅਤੇ ਮਾਂ ਦਾ ਪੱਲੂ ਖਿੱਚਦੀ ਹੋਈ ਆਖਦੀ ਹੈ, ‘ਤੂੰ ਕੁਝ ਨਾ ਆਖ ਮਾਂ, ਉਨ੍ਹਾਂ ਨੂੰ ਬੋਲੀ ਜਾਣ ਦੇ।”

‘ਮੈਂ ਕੋਈ ਮਾੜੀ ਗੱਲ ਆਖੀ ਹੈ, ਜੇ ਇਸ ਨੂੰ ਭੇਜਣਾ ਹੋਵੇ ਤਾਂ ਵੇਲੇ ਸਿਰ ਭੇਜਿਆ ਕਰਨ? ਤੁਲਸੀ ਹਰ ਰੋਜ਼ ਸਟੇਸ਼ਨ ਉਤੇ ਚਿੱਠੀਆਂ ਪਾਉਣ ਜਾਂਦਾ ਹੈ।”

"ਬੱਸ ਕਰ ਮਾਂ, ਤੂੰ ਕੁਝ ਨਾ ਕਹਿ," ਬਿਮਲਾ ਨੇ ਫਿਰ ਮਾਂ ਦਾ ਪੱਲਾ ਖਿੱਚਦਿਆਂ ਹੌਲੀ-ਹੌਲੀ ਕਿਹਾ।

ਪਿਤਾ ਜੀ ਪੁਰਾਣਾ ਕਮਰਾ ਪਾਰ ਕਰਕੇ, ਪਿਛਲੀ ਕੋਠੜੀ 'ਚ ਜਾ ਪੁੱਜੇ ਹਨ।

"ਤੁਸੀਂ ਕਰਦੇ ਕੀ ਹੋ? ਅਜੇ ਤੱਕ ਦੀਵਾ ਬੱਤੀ ਨਹੀਂ ਕੀਤੀ?”

"ਜਾ ਵਿੱਦਿਆ ਲੈਂਪ ਬਾਲ।” ਮਾਂ ਨੇ ਆਖਿਆ।

"ਘਰ ਵਿਚ ਜਦੋਂ ਕੰਮ ਦਾ ਵੇਲਾ ਹੁੰਦਾ ਹੈ ਤਾਂ ਤੁਸੀਂ ਤੁਲਸੀ ਨੂੰ ਚਿੱਠੀਆਂ ਪਾਉਣ ਭੇਜ ਦਿੰਦੇ ਹੋ।”

ਇਸ ਗੱਲ ਨਾਲ ਪਿਤਾ ਜੀ ਨੂੰ ਹੁਣ ਗੁੱਸਾ ਆ ਗਿਆ, "ਦਫਤਰ ਦਾ ਕੰਮ ਵੀ ਮੈਂ ਤੈਥੋਂ ਹੁਣ ਪੁੱਛ ਕੇ ਕਰਿਆ ਕਰਾਂ?" ਥੱਕੀ-ਹਾਰੀ, ਦੁਖੀ ਜਹੀ ਮਾਂ ਜੰਗਲੇ ਕੋਲੋਂ ਹਟ ਜਾਂਦੀ ਹੈ, "ਜੋ ਜੀ ਆਵੇ ਕਰੋ, ਜਿੰਦਗੀ 'ਚ ਪਹਿਲਾਂ ਕਿਹੜਾ ਸੁਖ ਮਿਲਿਆ ਸੀ ਜਿਹੜਾ ਹੁਣ ਮਿਲੇਗਾ।"

"ਜਾਂਦਾ ਹਾਂ, ਹੁਣੇ ਜਾਂਦਾ ਹਾਂ, ਜੋ ਮੈਥੋਂ ਸੁਖ ਨਹੀਂ ਮਿਲਿਆ ਤਾਂ ਮੇਰਾ ਮੂੰਹ ਨਾ ਵੇਖੀਂ।"

ਪਿਤਾ ਜੀ ਪੌੜੀਆਂ ਉਤਰਨ ਲੱਗੇ। ਪੌੜੀਆਂ ਉਤਰਦੇ ਵੀ ਬੁੜਬੁੜਾਉਂਦੇ ਹਨ, "ਏਹਨੂੰ ਮੈਥੋਂ ਸੁਖ ਨਹੀਂ ਮਿਲਿਆ।”

ਮਾਂ ਚੌਂਕੇ ਵਿਚ ਜਾ ਕੇ ਬੈਠ ਗਈ, ਗੁੱਸੇ ਨਾਲ ਉਸ ਦਾ ਚਿਹਰਾ ਲਾਲ ਹੈ। ਅਸੀਂ ਚਾਰੇ ਭੈਣ ਭਰਾ ਆਪਣੀ ਮਾਂ ਕੋਲ ਦੁਬਕੇ ਜਿਹੇ ਬੈਠ ਗਏ। ਘਰ ਵਿਚ ਡੂੰਘੀ ਚੁੱਪ ਅਤੇ

ਨਿਰਾਸ਼ਾ ਪਸਰ ਗਈ। ਬਲਦੇਵ ਮਾਂ ਦੀ ਚੁੰਨੀ ਫੜ, ਰੋਂਦੂ ਆਵਾਜ਼ ਵਿਚ ਪੁੱਛਦਾ ਹੈ : ''ਹੁਣ ਕਦੇ ਵੀ ਪਿਤਾ ਜੀ ਨਹੀਂ ਆਉਣਗੇ?"

"ਮੈਨੂੰ ਨਹੀਂ ਪਤਾ।" ਬਲਦੇਵ ਰੋਣ ਲੱਗ ਪਿਆ, ਮਾਂ ਗੁੱਸੇ ਜਿਹੇ 'ਚ ਆਖ ਦੂਜੇ ਪਾਸੇ ਵੇਖਣ ਲੱਗ ਪਈ। "ਪਿਤਾ ਜੀ ਚਲੇ ਗਏ, ਹੁਣ ਪਿਤਾ ਜੀ ਨਹੀਂ ਆਉਣਗੇ।"

ਬਲਦੇਵ ਹੋਰ ਉੱਚੀ ਉੱਚੀ ਰੋਣ ਲੱਗ ਪਿਆ। ਉਹ ਰੋਈ ਜਾ ਰਿਹਾ ਹੈ, ਮਾਂ ਰੋਂਦੇ ਬਲਦੇਵ ਵੱਲ ਵੇਖੀ ਜਾ ਰਹੀ ਹੈ, ਪਰ ਮੂੰਹੋਂ ਕੁਝ ਵੀ ਨਹੀਂ ਬੋਲਦੀ। ਮੇਰੀ ਛੋਟੀ ਭੈਣ ਬਿਮਲਾ ਉਠ ਕੇ ਬਲਦੇਵ ਕੋਲ ਆਉਂਦੀ ਹੈ, "ਨਾ ਰੋ, ਨਾ ਰੋ, ਮੇਰੇ ਵੀਰ ਰੋ ਨਾ।" ਇਹ ਆਖਦੀ ਆਖਦੀ ਉਹ ਆਪ ਵੀ ਰੋਣ ਲੱਗ ਜਾਂਦੀ ਹੈ। ਅਸੀਂ ਚਾਰੇ ਭੈਣ ਭਰਾ ਸਿਸਕਣ ਲੱਗ ਪੈਂਦੇ ਹਾਂ।

ਮਾਂ ਆਪਣੇ ਮੱਥੇ ਉਤੇ ਹੱਥ ਮਾਰ ਕੇ ਕਹਿੰਦੀ ਹੈ, "ਮੈਂ ਪਾਪਣ, ਮੇਰੀ ਜ਼ਬਾਨ ਮੇਰੇ ਵੱਸ 'ਚ ਨਹੀ ਹੈ, ਮੈਂ ਸਾਰਾ ਦਿਨ ਬਕਵਾਸ ਮਾਰਦੀ ਰਹਿੰਦੀ ਹਾਂ" ਫਿਰ ਉਹ ਆਪਣੇ ਦੋਵੇਂ ਹੱਥ ਜੋੜ ਕੇ ਆਖਦੀ ਹੈ, ਹੇ ਰੱਬਾ ਮੈਨੂੰ ਮੱਤ ਦੇ, ਮੈਥੋਂ ਕੀ ਦਾ ਕੀ ਬੋਲਿਆ ਜਾਂਦਾ ਹੈ।" ਇਸ ਮਗਰੋਂ ਆਪਣੀ ਬੈਠਣ ਵਾਲੀ ਬੇਰੀ ਨੂੰ ਖਿਸਕਾ ਕੇ ਕੰਧ ਨਾਲ ਲਾਉਂਦੀ ਹੋਈ, ਕੰਧ ਨਾਲ ਪਿੱਠ ਲਾ ਕੇ ਆਖਦੀ ਹੈ, "ਅੱਜ ਤੋਂ ਮੈਂ ਮੌਨ ਰਖਾਂਗੀ, ਬਸ ਹੁਣ ਮੈਂ ਕੁਝ ਨਹੀਂ ਬੋਲਾਂਗੀ।"

ਕਰੋਧ ਸਦਕਾ ਅਜੇ ਵੀ ਮਾਂ ਦਾ ਚਿਹਰਾ ਭਖ ਰਿਹਾ ਹੈ। ਸਾਨੂੰ ਸਾਰਿਆਂ ਨੂੰ ਆਪਣੀ ਮਾਂ ਦੇ ਚੁੱਪ ਰਹਿਣ ਦੀ ਸਹੁੰ ਦਾ ਪਤਾ ਹੈ। ਹਰ ਚੌਥੇ ਪੰਜਵੇ ਦਿਨ ਮਾਂ ਚੁੱਪ ਧਾਰਨ ਕਰਦੀ ਹੈ ਅਤੇ ਚੁੱਪ-ਚਾਪ ਕੰਮ-ਕਾਰ ਕਰਨ 'ਚ ਰੁੱਝੀ ਰਹਿੰਦੀ ਹੈ। ਛੋਟੇ-ਮੋਟੇ ਕੰਮਾਂ ਨੂੰ ਇਸ਼ਾਰੇ ਨਾਲ ਵਿੱਦਿਆ ਅਤੇ ਬਿਮਲਾ ਤੋਂ ਕਰਵਾ ਲੈਂਦੀ ਹੈ। ਬਿਮਲਾ ਹਮੇਸ਼ਾ ਵਾਂਗ ਅੱਜ ਵੀ ਸਲੇਟ ਅਤੇ ਸਲੇਟੀ ਚੁੱਕ ਲਿਆਈ, ਮੌਨ ਧਾਰਨ ਸਮੇਂ ਉਹ ਮਾਂ ਨੂੰ ਲਿਖ ਕੇ ਸਮਝਾਉਂਦੀ ਹੈ।

ਘਰ ਦਾ ਵਾਤਾਵਰਣ ਪਹਿਲਾਂ ਨਾਲੋਂ ਵੀ ਵੱਧ ਭਾਰੂ ਹੋ ਚੱਲਿਆ। ਤੁਲਸੀ ਅਜੇ ਤੱਕ ਮੁੜ ਕੇ ਨਹੀਂ ਸੀ ਆਇਆ। ਚੁੱਲ੍ਹੇ 'ਚ ਮਚਦੀ ਹੋਈ ਅੱਗ ਹੌਲੀ ਹੌਲੀ ਬੁਝ ਰਹੀ ਸੀ। ਵਿੱਦਿਆ ਨੇ ਕੇਵਲ ਇਕ ਲੈਂਪ ਹੀ ਜਗਾਇਆ, ਜਿਸ ਨੂੰ ਪੌੜੀਆਂ ਦੇ ਕੋਲ ਆਲੇ 'ਚ ਰੱਖ ਦਿੱਤਾ।

"ਮਾਤਾ ਜੀ, ਤੰਦੂਰ ਬਾਲਾਂ?" ਵਿੱਦਿਆ ਪੁੱਛਦੀ ਹੈ। ਪਹਿਲਾਂ ਤਾਂ ਮਾਂ ਚੁੱਪ ਰਹੀ ਤੇ ਫਿਰ ਉਹ ਸਿਰ ਹਿਲਾ ਦਿੰਦੀ ਹੈ, ਇਸ ਦਾ ਮਤਲਬ, ਵਿੱਦਿਆ ਨੂੰ ਸਮਝ ਨਹੀਂ ਪੈਂਦਾ।

"ਭਖਾਵਾਂ ਜਾਂ ਨਾ? ਜਾਂ ਫਿਰ ਤੁਲਸੀ ਆ ਕੇ ਭਖਾਵੇਗਾ?" ਮਾਂ ਨੇ ਫਿਰ ਸਿਰ ਹਿਲਾ ਦਿੱਤਾ। ਮੇਰੀਆਂ ਦੋਵੇਂ ਭੈਣਾਂ ਇਕ ਦੂਜੇ ਵੱਲ ਵੇਖਦੀਆਂ ਹਨ ਤੇ ਫਿਰ ਉਹ ਆਪਣੇ ਗੋਡਿਆਂ ਉਤੇ ਠੋਡੀਆਂ ਰੱਖ ਫਰਸ਼ ਵੱਲ ਵੇਖਦੀਆਂ ਚੁੱਪ-ਚਾਪ ਬੈਠ ਗਈਆਂ।

"ਸੁਣਦੀ ਐਂ?" ਇੱਨ੍ਹੇ ਨੂੰ ਹੇਠੋਂ ਆਵਾਜ਼ ਆਉਂਦੀ ਹੈ, 'ਸੁਣਦੀ ਐਂ ਬਲਦੇਵ ਦੀ ਮਾਂ, ਵੱਛਾ ਦੁੱਧ ਚੁੰਘ ਗਿਆ। ਇਹ ਤੁਲਸੀ ਇਕ ਵਾਰ ਬਾਹਰ ਚਲਾ ਜਾਏ ਤਾਂ ਫੇਰ ਮੁੜਨ ਦਾ ਨਾਂ ਨਹੀਂ ਲੈਂਦਾ।"

ਬਲਦੇਵ ਭੱਜ ਕੇ ਚਾਅ-ਮੱਤਾ ਜੰਗਲੇ ਕੋਲ ਜਾ ਪੁੱਜਾ।

'"ਤੁਸੀਂ ਆ ਗਏ ਪਿਤਾ ਜੀ?"

"ਮੈਂ ਅਜੇ ਗਿਆ ਹੀ ਕਿੱਥੇ ਹਾਂ। ਤੂੰ ਆਪਣੀ ਮਾਂ ਨੂੰ ਦੱਸਦੇ, ਮੈਂ ਵੱਛੇ ਨੂੰ ਬੰਨ੍ਹ ਦਿੱਤੈ, ਉਹਨੇ ਬਹੁਤਾ ਨਹੀਂ ਚੁੰਘਿਆ। ਮੈਂ ਹੁਣੇ ਆ ਰਿਹਾ ਹਾਂ।"

ਇਸ ਮਗਰੋਂ ਦਰਵਾਜ਼ਾ ਬੰਦ ਹੋਣ ਦੀ ਆਵਾਜ਼ ਆਉਂਦੀ ਹੈ। ਅਸੀਂ ਸਾਰੇ ਮੁੜ ਮਸਤੀ 'ਚ ਆ ਕੇ ਟਹਿਕ ਪੈਂਦੇ ਹਾਂ। ਬਲਦੇਵ ਮਾਂ ਦੇ ਮੋਢੇ ਫੜੀ, ਉਹਨੂੰ ਵਾਰ ਵਾਰ ਕਹਿੰਦਾ ਹੈ, "ਹੁਣ ਤਾਂ ਮਾਂ ਮੌਨ ਤੋੜਦੇ, ਹੁਣ ਪਿਤਾ ਜੀ ਕਿਤੇ ਨਹੀਂ ਜਾਣਗੇ।"

ਅਸੀਂ ਸਾਰੇ ਮਾਂ ਨੂੰ ਮੌਨ ਤੋੜਨ ਲਈ ਤਰਲਾ ਕਰਦੇ ਹਾਂ। ਮਾਂ ਬਹੁਤੀ ਸਿਰੜੀ ਨਹੀਂ ਹੈ।

ਉਹ ਥੋੜ੍ਹੀ ਕੁ ਦੇਰ ਮਗਰੋਂ ਹਉਕਾ ਜਿਹਾ ਲੈਂਦੀ ਹੋਈ ਚੁੱਪ ਤੋੜਦੀ ਹੋਈ ਬੋਲਦੀ ਹੈ, 'ਚੱਲ ਵੇ ਮੇਰਿਆ ਮਨਾਂ, ਮੇਰੀ ਕਿਸਮਤ ਮੇਰੇ ਨਾਲ, ਉਨ੍ਹਾਂ ਦੇ ਕਰਮ ਉਨ੍ਹਾਂ ਨਾਲ।" ਅਤੇ ਮਾਂ ਉੱਠੀ, ਫਿਰ ਤੋਂ ਅੱਗ ਭਕਾਉਣ ਲੱਗ ਪਈ। ਘਰ ਦਾ ਵਾਤਾਵਰਣ ਮੁੜ ਹੌਲਾ ਹੋ ਗਿਆ।

ਰਾਤ ਵਾਹਵਾ ਬੀਤ ਗਈ। ਅੱਜ ਮਾਂ, ਭੋਜਨ-ਪਾਣੀ ਮਗਰੋਂ, ਗੱਲਾਂ ਬਾਤਾਂ ਕਰਨ ਲਈ ਪਿਤਾ ਜੀ ਦੇ ਕਮਰੇ ਵਿਚ ਨਹੀਂ ਗਈ। ਪਿਤਾ ਜੀ ਤਾਂ ਆਮ ਦਿਨਾਂ ਵਾਂਗ ਕਮਰੇ ਵਿਚ ਇਧਰ-ਉਧਰ ਟਹਿਲਦੇ ਰਹੇ। ਦੂਜੇ ਪਾਸੇ ਮੇਰੀ ਮਾਂ ਆਪਣੀ ਮੰਜੀ ਉਤੇ ਹਨੇਰੇ 'ਚ ਬੈਠੀ, ਅਚਾਨਕ ਗਾਉਣ ਲੱਗ ਪਈ। ਜਦੋਂ ਕਦੇ ਮਾਂ ਬਹੁਤ ਦੁਖੀ ਅਤੇ ਪਰੇਸ਼ਾਨ ਹੋਵੇ ਤਦ ਹੀ ਇਕੱਲ 'ਚ ਗਾਉਂਦੀ ਹੈ।

ਉਸ ਕਰਤਾ ਤੋਂ ਡਰਦੇ ਰਹੀਏ
ਕਰਤਾ ਜੋ ਚਾਹੇ ਕਰਦੇ।

ਇਸ ਵਿਚਕਾਰ ਪਿਤਾ ਜੀ ਦੇ ਪੈਰਾਂ ਦੀ ਆਵਾਜ਼ ਵੀ ਕਦੇ ਕਦੇ ਸੁਣਾਈ ਦਿੰਦੀ ਹੈ।

ਪਲ ਵਿਚ ਰਾਜਾ ਰਾਜ-ਗੱਦੀ ਤੇ
ਪਲ ਵਿਚ ਹੋ ਗਈ, ਚੱਲ ਬਈ ਚੱਲ।

ਕੋਈ ਹੋਰ ਦਿਨ ਹੁੰਦਾ ਤਾ ਪਿਤਾ ਜੀ ਮਾਂ ਨੂੰ ਝਿੜਕ ਦਿੰਦੇ, ਕਿਉਂਕਿ ਉਨ੍ਹਾ ਨੂੰ ਅਜਿਹੇ ਗੀਤ ਪਸੰਦ ਨਹੀਂ। ਪਿਤਾ ਜੀ ਇਨ੍ਹਾਂ ਨੂੰ 'ਵਿਰਾਗ ਦੇ ਗੀਤ' ਆਖਦੇ ਹਨ। ਪਰ ਅੱਜ ਉਹ ਚੁੱਪ ਹਨ ਅਤੇ ਚੁੱਪ-ਚਾਪ ਟਹਿਲ ਰਹੇ ਨੇ। ਤੁਲਸੀ ਚੌਂਕਾ-ਚੁੱਲਾ ਸਾਂਭ ਕੇ ਸੌਣ ਲਈ ਛੱਜੇ ਤੇ ਚਲਾ ਗਿਆ। ਘਰ ਦੇ ਸਾਰੇ ਦੀਵੇ ਬੁਝਾ ਦਿੱਤੇ ਗਏ। ਘਰ ਵਿਚ ਘੁੱਪ ਹਨੇਰਾ ਹੋ ਗਿਆ। ਮਾਂ ਦੇ ਗਾਉਣ ਦੀ ਆਵਾਜ਼ ਆ ਰਹੀ ਹੈ :

ਇਸ ਕਰਤਾ ਤੋਂ ਡਰਦੇ ਰਹੀਓ, ਕਰਤਾ ਜੋ ਚਾਹੇ ਕਰਦੇ.....

0

"ਤੂੰ ਚੇਤਕ ਹੈਂ, ਤੂੰ ਘੋੜੇ ਵਾਂਗ ਆਪਣੀ ਗਰਦਨ ਇਉਂ ਹਿਲਾਵੀ। ਮੈਂ ਕੁੱਦਦਾ ਹੋਇਆ ਤੇਰੀ ਪਿੱਠ ਉਤੇ ਚੜ੍ਹ ਜਾਵਾਂਗਾ।" ਸੀਧੇ-ਪੱਤੋ ਵਾਲੀ ਕੋਠੜੀ 'ਚ ਬੈਠਾ ਮੇਰਾ ਭਰਾ ਮੈਨੂੰ ਸਮਝਾ ਰਿਹਾ ਹੈ, "ਤੂੰ ਭੱਜ ਕੇ ਕੋਠੜੀ ਦੇ ਉਸ ਕੋਨੇ ਵਿਚ ਚਲਿਆ ਜਾਈਂ।"

ਰਸਦ ਵਾਲੀ ਕੋਠੜੀ ਦਾ ਦਰਵਾਜ਼ਾ ਪੁਰਾਣੇ ਕਮਰੇ 'ਚ ਖੁਲ੍ਹਦਾ ਹੈ। ਪਰ ਉਸ ਨੂੰ ਇਸ ਵੇਲੇ ਬੰਦ ਕਰ ਦਿੱਤਾ ਗਿਆ।

"ਪਿਛਲੇ ਪਾਸਿਓਂ ਜਾ ਅਤੇ ਜਾ ਕੇ ਵੱਡੀ ਭੈਣ ਦੀ ਚੁੰਨੀ ਚੁੱਕ ਲੈ ਆ।"

"ਉਹ ਕਿਸ ਲਈ?"

"'ਰਾਣਾ ਪ੍ਰਤਾਪ ਪੱਗੜੀ ਬੰਨਦੇ ਸਨ, ਤੂੰ ਕਦੀ ਉਨ੍ਹਾਂ ਦੀ ਤਸਵੀਰ ਨਹੀਂ ਵੇਖੀ? ਜਾ ਛੇਤੀ ਲੈ ਆ।'"

ਮੈਂ ਛੱਜੇ ਵੱਲੋਂ ਕੁੱਦ ਕੇ ਕਮਰੇ 'ਚ ਪੁੱਜ ਜਾਂਦਾ ਹਾਂ, ਇਥੇ ਰਸਦ ਵਾਲੀ ਕੋਠੜੀ ਦੇ ਬੰਦ ਦਰਵਾਜ਼ੇ ਦੇ ਸਾਹਮਣੇ, ਨਾਟਕ ਦੇ ਦਰਸ਼ਕ, ਮੇਰੀ ਛੋਟੀ ਭੈਣ, ਵੱਡੀ ਭੈਣ ਅਤੇ ਉਨ੍ਹਾਂ ਦੀ ਸਹੇਲੀ ਮਨੋਰਮਾ ਬੈਠੀ ਹੈ। ਪਹਿਲਾ ਨਗਾਰਾ ਵੱਜ ਚੁੱਕਿਆ ਹੈ, ਇਸ ਲਈ ਮੈਂ ਇਕਦਮ ਆਪਣੀ ਵੱਡੀ ਭੈਣ ਦੇ ਸਿਰ ਤੋਂ ਚੁੰਨੀ ਲਾਹ ਉਨ੍ਹੀਂ ਪੈਰੀਂ ਪਰਤ ਆਉਂਦਾ ਹਾਂ। ਪਹਿਲਾਂ ਤਾਂ ਭੈਣ ਚੀਕਦੀ ਹੈ, ਪਰ ਫਿਰ ਹੱਸਣ ਲੱਗ ਪੈਂਦੀ।

ਮੈਂ ਚੁੱਪ-ਚਾਪ ਬੜੀ ਗਹੁ ਨਾਲ ਭਰਾ ਦੇ ਮੂੰਹ ਵੱਲ ਵੇਖੀ ਜਾ ਰਿਹਾ ਹਾਂ। ਕੋਲੇ ਨੂੰ ਪੀਹ ਕੇ ਬਣਾਈ ਕਾਲਖ ਨਾਲ ਭਰਾ ਨੇ ਮੁੱਛਾਂ ਲਾ ਲਈਆਂ, ਕਾਲੀ ਸਿਹਾਈ ਦਾ ਇਕ ਕਾਲਾ ਕਤਰਾ, ਉਸ ਦੀ ਠੋਡੀ ਵੱਲ ਜਾਣ ਲੱਗਾ ਹੈ, ਮੈਨੂੰ ਪਤਾ ਹੈ, ਮੇਰਾ ਭਰਾ ਇਸ ਨੂੰ ਬਿਲਕੁਲ ਠੀਕ ਕਰ ਲਵੇਗਾ ਅਜਿਹਾ ਕੋਈ ਵੀ ਕੰਮ ਨਹੀਂ ਜਿਸ ਨੂੰ ਉਹ ਕਰ ਨਹੀਂ ਸਕਦਾ।

'ਤੁਲਸੀ! ਤੂੰ ਹੁਣ ਦੂਜਾ ਨਗਾਰਾ ਵਜਾ।" ਛੱਜੇ ਉੱਤੇ ਬੈਠਾ ਤੁਲਸੀ ਖਾਲੀ ਪੀਪੇ ਉਤੇ ਦੂਜੀ ਵਾਰ ਡੰਡਾ ਮਾਰਦਾ ਹੈ। ਨਗਾਰਾ ਛੱਜੇ ਉੱਤੇ ਰੱਖਿਆ ਗਿਆ ਹੈ, ਤਾਂਕਿ ਨਾਟਕ ਦੇ ਖੇਲੇ ਜਾਣ ਬਾਰੇ ਸਾਰੇ ਮਹੱਲੇ ਨੂੰ ਪਤਾ ਲੱਗ ਜਾਵੇ।

ਭਰਾ ਪੱਗ ਬੰਨ ਰਿਹਾ ਹੈ। ਉਸ ਨੇ ਕਿਤੋਂ ਤੋਤੇ ਦਾ ਡਿੱਗਿਆ ਹੋਇਆ ਖੰਭ ਚੁੱਕ ਲਿਆ, ਉਸ ਦੀ ਉਹ ਕਲਗੀ ਲਾਵੇਗਾ। ਮੈਂ ਗੱਤੇ ਦੀ ਬਣੀ ਹੋਈ ਤਲਵਾਰ ਉਸ ਦੇ ਕਮਰ-ਬੰਦ ਵਿਚ ਫਸਾ ਰਿਹਾ ਹਾਂ।

"ਸਿਰ ਨੂੰ ਹਿਲਾਉਣਾ ਨਾ ਭੁੱਲੀ— ਇਉਂ-ਇਉਂ ਜਿਵੇਂ ਘੋੜੇ ਸਿਰ ਹਿਲਾਉਂਦੇ ਹਨ।" ਉਹ ਕਹਿ ਰਿਹਾ ਹੈ।

ਅਚਨਚੇਤ ਹੇਠੋਂ ਆਵਾਜ਼ ਆਉਂਦੀ ਹੈ, "ਤੁਲਸੀ!" ਇਹ ਪਿਤਾ ਜੀ ਦੀ ਆਵਾਜ਼ ਹੈ।

"ਤੁਲਸੀ ਹੇਠਾਂ ਆ ਸਾਮਾਨ ਉਤਾਰ।"

ਤੁਲਸੀ ਨਗਾਰਾ ਛੱਡ, ਗੁਸਲਖਾਨੇ ਵੱਲ ਦੀ ਜੰਗਲੇ ਵਾਲੇ ਪਾਸਿਓਂ ਹੇਠਾਂ ਉਤਰ ਗਿਆ। ਬੰਦ ਦਰਵਾਜ਼ੇ ਪਿਛਿਓਂ ਪੁਰਾਣੇ ਕਮਰੇ ਵਿਚ ਦੀ ਦੋਵੇਂ ਭੈਣਾਂ ਭੱਜ ਕੇ ਛੱਜੇ ਉਤੇ ਜਾ ਪਹੁੰਚੀਆਂ। ਰਾਣਾ ਪ੍ਰਤਾਪ ਅਤੇ ਚੇਤਕ ਇਕ ਦੂਜੇ ਵੱਲ ਵੇਖਦੇ ਹੋਏ ਆਖਦੇ ਹਨ "ਘਰ ਵਿਚ ਕੋਈ ਆਇਆ ਹੈ।"

ਅਸੀਂ ਦੋਵੇਂ ਭੱਜ ਕੇ ਛੱਜੇ ਉੱਤੇ ਜਾਂਦੇ ਹਾਂ। ਘਰ ਦੇ ਸਾਹਮਣੇ ਇਕ ਬਸ ਖੜੀ ਹੈ। ਇਕ ਆਦਮੀ ਜਿਸ ਦੇ ਮੂੰਹ ਸਿਰ ਉੱਤੇ ਕਾਫ਼ੀ ਮਿੱਟੀ ਘੱਟਾ ਚੜ੍ਹ ਗਿਆ ਹੈ, ਇਕ ਟਰੰਕ ਹੇਠਾਂ ਖੜੇ ਤੁਲਸੀ ਰਾਮ ਨੂੰ ਫੜਾ ਰਿਹਾ ਹੈ। ਬਸ ਕੋਲ ਪੰਜ-ਛੇ ਬੰਦੇ ਹੋਰ ਖੜੇ ਹਨ।

"ਕਸ਼ਮੀਰ ਤੋਂ ਸਾਡੀਆਂ ਭੈਣਾਂ ਆਈਆਂ ਹਨ।" ਚਾਅ-ਮੱਤੀ ਵਿੱਦਿਆ ਨੇ ਆਖਿਆ ਤੇ ਆਖ ਕੇ ਦੋਵੇਂ ਭੈਣਾਂ ਖੁਸ਼ੀ ਖੁਸ਼ੀ ਪੌੜੀਆਂ ਉਤਰਨ ਲੱਗੀਆਂ। ਅਸੀਂ ਦੋਨੋਂ ਭਾਈ ਵੀ ਸ਼ੂਟ ਲਾਉਂਦੇ ਹੇਠਾਂ ਪੁੱਜ ਜਾਂਦੇ ਹਾਂ।

ਇਕ ਸੁਆਣੀ ਨੇ ਝੁਕ ਕੇ ਮੈਨੂੰ ਛਾਤੀ ਨਾਲ ਲਾ ਲਿਆ, "ਹਾਏ ਇਸ ਨੂੰ ਖਾਣ ਲਈ ਕੁਝ ਨਹੀਂ ਦਿੰਦੇ, ਭੈਣ ਜੀ, ਵੇਖੋ ਤਾਂ ਸਹੀ, ਕਿੰਨਾ ਮਾੜਚੂ ਜਿਹਾ ਹੈ!" ਉਹ ਸੁਆਣੀ ਇੰਜ ਆਖਦੀ ਹੋਈ ਮੇਰਾ ਵਾਰ ਵਾਰ ਮੂੰਹ ਚੁੰਮਦੀ ਹੈ।

ਪਹਿਲੀ ਵਾਰ ਮੈਨੂੰ ਕਿਸੇ ਨਵੀਂ ਗੰਧ ਦਾ ਪਤਾ ਲਗਦਾ ਹੈ। ਜਿਹੜੀ ਸ਼ਾਇਦ ਉਸ ਸੁਆਣੀ ਦੇ ਗਰਮ ਕੱਪੜਿਆਂ 'ਚੋਂ ਆ ਰਹੀ ਹੈ। ਕਸ਼ਮੀਰ ਤੋਂ ਆਉਣ ਵਾਲੇ ਮਹਿਮਾਨਾਂ ਦੇ ਕੱਪੜਿਆਂ ਦੀ ਮਹਿਕ। ਇਕ ਉੱਚੇ ਸਾਰੇ ਕੱਦ ਵਾਲਾ ਆਦਮੀ ਪਿਤਾ ਜੀ ਨੂੰ ਗਲੇ ਲੱਗ ਕੇ ਮਿਲ ਰਿਹਾ ਹੈ। ਦੋਵਾਂ ਨੇ ਵੱਡੀਆਂ ਵੱਡੀਆਂ ਪੱਗਾਂ ਬੰਨ੍ਹੀਆਂ ਹੋਈਆਂ ਹਨ। ਕੀ ਐਡੀ ਵੱਡੀ ਉਮਰ ਦੇ ਆਦਮੀ ਵੀ ਗਲ ਲੱਗ ਕੇ ਮਿਲਦੇ ਹੁੰਦੇ ਹਨ?

ਸੁਆਣੀ ਦੇ ਮਗਰ ਲੰਮੇ ਲੰਮੇ ਗਰਮ ਕੋਟ ਪਾਈ ਤਿੰਨ ਕੁੜੀਆਂ ਖੜੀਆਂ ਹਨ। ਉਨ੍ਹਾਂ 'ਚੋਂ ਇਕ ਕੁੜੀ ਨੇ ਸੁਨਹਿਰੀ ਫਰੇਮ ਵਾਲੀਆਂ ਐਨਕਾਂ ਲਾਈਆਂ ਹੋਈਆਂ ਹਨ। ਤਿੰਨੇ ਕੁੜੀਆਂ ਭਾਈ ਵੱਲ ਵੇਖ ਕੇ ਹੱਸ ਰਹੀਆਂ ਹਨ। ਭਰਾ ਦੇ ਸਿਰ ਉੱਤੇ ਭੈਣ ਦੀ ਚੁੰਨੀ ਬੰਨ੍ਹੀ ਹੋਈ ਹੈ ਅਤੇ ਕਾਲੀ ਸਿਹਾਈ ਨਾਲ ਬਣਾਈਆਂ ਮੁੱਛਾਂ ਦਾ ਕਾਲਾ ਰੰਗ ਹੁਣ ਤੱਕ ਸਾਰੀ ਠੋਡੀ ਉਤੇ ਫੈਲ ਗਿਆ ਹੈ। ਮੇਰੇ ਭਾਈ ਨਾਲੋਂ ਕਾਫੀ ਵੱਡਾ, ਗੋਰੇ ਰੰਗਾ ਇਕ ਨੌਜਵਾਨ, ਬਸ ਤੋਂ ਸਾਮਾਨ ਉਤਾਰ-ਉਤਾਰ ਕੇ ਤੁਲਸੀ ਨੂੰ ਫੜਾ ਰਿਹਾ ਹੈ।

ਕੀ ਇਹ ਸਾਰੇ ਉਸ ਪਹਾੜ ਦੇ ਪਿੱਛਿਓਂ ਆਏ ਹਨ, ਜਿਹੜੇ ਸਾਡੇ ਘਰ ਦੀ ਛੱਤ ਤੋਂ ਨਜ਼ਰ ਆਉਂਦਾ ਹੈ?

ਅਸੀਂ ਸਾਰੇ ਪੁਰਾਣੇ ਕਮਰੇ 'ਚ ਪੁੱਜ ਗਏ। ਨਵਾਂ ਆਇਆ ਹੋਇਆ ਗੱਭਰੂ ਮੰਜੇ ਦੀ ਦੌਣ ਕਸ ਰਿਹਾ ਹੈ। ਇਹ ਤਿੰਨ ਭੈਣਾਂ ਦਾ ਭਰਾ ਹੈ। ਉਹ ਇਕ ਪੈਰ ਮੰਜੇ ਦੇ ਸੇਰਵੇ ਉਤੇ ਰਖਦਾ ਹੈ, ਫਿਰ ਜੀਭ ਨੂੰ ਬੁਲ੍ਹਾਂ 'ਚ ਦਬਾਉਂਦਾ ਹੋਇਆ, ਦੌਣ ਨੂੰ ਦੋਹਾਂ ਹੱਥਾਂ ਨਾਲ ਖਿੱਚਦਾ ਹੈ! ਦੌਣ ਦੀ ਰੱਸੀ ਨੂੰ ਖਿੱਚਣ ਵੇਲੇ ਉਸ ਦਾ ਮੂੰਹ ਲਾਲ ਹੋ ਜਾਂਦਾ ਹੈ, ਸੱਚੇ ਬ੍ਰਹਮਤਾਰੀਆਂ ਦੀ ਤਰ੍ਹਾਂ। ਅਸੀਂ ਦੋਵੇਂ ਭਰਾ ਉਸ ਨੂੰ ਬੜੇ ਧਿਆਨ ਨਾਲ ਵੇਖਦੇ ਹਾਂ। ਕੋਲ ਪਈ ਦੂਜੀ ਮੰਜੀ ਉਤੇ ਕਸ਼ਮੀਰ ਤੋਂ ਆਉਣ ਵਾਲੀਆਂ ਸਾਡੀਆਂ ਤਿੰਨੇ ਭੈਣਾਂ ਬੈਠੀਆਂ ਹਨ। ਉਸੇ ਮੰਜੀ ਉਤੇ ਮੇਰੀਆਂ ਦੋਵੇਂ ਭੈਣਾਂ ਵੀ ਬੈਠ ਗਈਆਂ।

ਥਾਲੀ ਵਿਚ ਗਰਮ ਗਰਮ ਚਾਹ ਦੇ ਗਿਲਾਸ ਰੱਖ ਤੁਲਸੀ ਲੈ ਆਇਆ।

"ਕਸ਼ਮੀਰ ਵਿਚ ਤਾਂ ਅਸੀਂ ਲੂਣ ਵਾਲੀ ਚਾਹ ਪੀਂਦੇ ਹਾਂ।" ਐਨਕ ਵਾਲੀ ਕੁੜੀ ਨੇ ਆਖਿਆ। ਮੇਰਾ ਭਰਾ ਕਾਨਸ ਕੋਲ ਖੜਾ ਦੌਣ ਕਸਣ ਵਾਲੇ ਗੱਭਰੂ ਨੂੰ ਬੜੀ ਗਹੁ ਨਾਲ ਵੇਖ ਰਿਹਾ ਹੈ। ਮੈਂ ਇਕ ਮੰਜੇ ਦੀ ਬਾਹੀ ਤੇ ਝਿਜਕਦਾ ਜਿਹਾ ਬੈਠ ਜਾਂਦਾ ਹਾਂ।

"ਨਾ ਬਈ, ਲੂਣ ਵਾਲੀ ਚਾਹ ਤਾਂ ਹੁੰਦੀ ਹੀ ਨਹੀਂ।" ਝੱਟ ਮੈਂ ਆਖਦਾ ਹਾਂ।

"ਵਾਹ ਬਈ ਵਾਹ, ਹੁੰਦੀ ਕਿਉਂ ਨਹੀਂ, ਮੂਰਖ ਕਿਤੋਂ ਦਾ, ਕਸ਼ਮੀਰੀ ਤਾਂ ਲੂਣ ਵਾਲੀ ਹੀ ਚਾਹ ਪੀਂਦੇ ਹਨ।" ਮੈਨੂੰ ਹੁਣ ਪਹਿਲਾਂ ਨਾਲੋਂ ਵੀ ਵੱਧ ਹੈਰਾਨੀ ਹੁੰਦੀ ਹੈ।

ਸਭ ਤੋਂ ਛੋਟੀ ਕੁੜੀ ਆਖਦੀ ਹੈ : “ਉਥੇ ਤਾਂ ਅਸੀਂ ਬਾਕਰਖਾਨੀਆਂ[8] ਵੀ ਖਾਂਦੇ ਹਾਂ।" ਬਸ ਤੋਂ ਉਤਰਨ ਸਮੇਂ ਉਸ ਦਾ ਚਿਹਰਾ ਲਾਲ ਸੀ ਪਰ ਹੁਣ ਉਹ ਪੀਲਾ ਪੈ ਗਿਆ ਹੈ। ਉਸ ਦੇ ਦੰਦ ਬਹੁਤ ਚਮਕਦੇ ਹਨ।

ਕਦੇ ਤੂੰ ਬਾਕਰਖਾਨੀਆਂ ਖਾਧੀਆਂ ਹਨ?" ਉਹ ਮੈਨੂੰ ਪੁੱਛਦੀ ਹੈ। ਮੈਂ ਆਪਣਾ ਸਿਰ ਹਿਲਾ ਕੇ ਨਾ ਕਰ ਦਿੰਦਾ ਹਾਂ।

ਇਹ ਕਿਸ ਨਵੀਂ ਦੁਨੀਆਂ ਦੇ ਲੋਕ ਹਨ? ਮੈਂ ਕਦੇ ਵੀ ਨਾ ਅਜਿਹੀਆਂ ਗੱਲਾਂ ਸੁਣੀਆਂ ਅਤੇ ਨਾ ਹੀ ਅਜਿਹੇ ਕਪੜੇ ਵੇਖੇ ਹਨ। ਕਪੜਿਆਂ 'ਚੋਂ ਉਠਣ ਵਾਲੀ ਖੁਸ਼ਬੋ ਵੀ ਮੇਰੇ ਲਈ ਨਵੀਂ ਸੀ। ਕੀ ਇਹ ਪਰੀਆਂ ਹਨ?

ਮੈਂ ਉਨ੍ਹਾਂ ਦੇ ਵਡੱਪਣ ਨੂੰ ਉੱਚਾ ਮੰਨਣ ਤੋਂ ਮੁਕਰਦਾ ਹੋਇਆ ਝੱਟ ਆਖਦਾ ਹਾਂ, “ਮੈਨੂੰ ਸਾਰੀ ਸੰਧਿਆ ਯਾਦ ਹੈ।”

ਉਹ ਹੱਸ ਕੇ ਉੱਤਰ ਦਿੰਦੀ ਹੈ “ਮੈਨੂੰ ਵੀ ਚੇਤੇ ਹੈ, ਕੀ ਤੈਨੂੰ ਸ਼ਲੋਕ ਆਉਂਦੇ ਹਨ?” "ਸ਼ਲੋਕ ਕੀ ਹੁੰਦੇ ਹਨ? "ਮੈਂ ਝਿਜਕਦੇ ਹੋਏ ਪੁੱਛਦਾ ਹਾਂ। "ਇਸ ਨੂੰ ਤਾਂ ਇਹ ਵੀ ਨਹੀਂ ਪਤਾ

---

[8] ਬਿਸਕੁਟਾਂ ਵਾਂਗ, ਬੇਕਰੀ ਵਾਲੇ ਰੋਟੀ ਵਰਗੀ ਵਸਤੂ ਤਿਆਰ ਕਰਕੇ ਘਿਓ ਨਾਲ ਚੋਪੜਦੇ ਹਨ। ਇਹ ਕਸ਼ਮੀਰੀ ਪਕਵਾਨ ਹੈ।

ਕਿ ਸ਼ਲੋਕ ਕੀ ਹੁੰਦੇ ਹਨ, ਮੂਰਖ ਕਿਤੋਂ ਦਾ" ਹੱਸ ਕੇ ਉਹ ਆਪਣੀਆਂ ਭੈਣਾਂ ਨੂੰ ਇਹ ਕੁਝ ਆਖਦੀ ਹੈ ਅਤੇ ਸਾਰੀਆਂ ਭੈਣਾਂ ਮੁੜ ਕੇ ਮੇਰੇ ਵੱਲ ਵੇਖਦੀਆਂ ਹਨ।

“ਆਓ ਸਾਰੇ ਸ਼ਲੋਕ ਬੋਲੀਏ," ਐਨਕ ਵਾਲੀ ਭੈਣ ਨੇ ਆਖਿਆ, ਅਤੇ ਫਿਰ ਤਿੰਨੋ ਭੈਣਾਂ ਮੰਜੇ ਉਤੇ ਚੌਕੜੀ ਮਾਰ ਕੇ ਬੈਠ ਗਈਆਂ।

"ਹਾਏ, ਇਥੇ ਕਿੰਨੀ ਗਰਮੀ ਹੈ," ਚੌੜੇ ਮੂੰਹ ਅਤੇ ਘੁੰਗਰਾਲੇ ਵਾਲਾਂ ਵਾਲੀ ਉਨ੍ਹਾਂ ਦੀ ਵੱਡੀ ਭੈਣ ਆਪਣੀ ਸ਼ਾਲ ਉਤਾਰਦੀ ਹੋਈ ਆਖਦੀ ਹੈ, “ਉਥੇ ਤਾਂ ਅਸੀਂ ਸਾਰਾ ਦਿਨ ਬੁਖਾਰੀ ਕੋਲ ਬੈਠੇ ਰਹਿੰਦੇ ਸਾਂ।"

ਮੈਂ ਸੋਚਦਾ ਹਾਂ, ਇਹ ਬੁਖਾਰੀ ਕੀ ਹੁੰਦੀ ਹੈ, ਮੈਨੂੰ ਸੰਕੋਚ ਹੁੰਦਾ ਹੈ। ਮੈਂ ਆਪਣੇ ਆਪ ਨੂੰ ਨੀਵਾਂ ਸਮਝਦਾ ਹਾਂ। ਬਾਕਰਖਾਨੀਆਂ ਕੀ ਹੁੰਦੀਆਂ ਹਨ, ਮੱਤੂ ਕੀ ਹੁੰਦਾ ਹੈ? ਮੈਂ ਅੱਖਾਂ ਫਾੜ ਫਾੜ ਉਨ੍ਹਾਂ ਵੱਲ ਵੇਖੀ ਜਾ ਰਿਹਾ ਹਾਂ।

ਤਿੰਨੋ ਭੈਣਾਂ ਚੌਕੜੀ ਮਾਰ ਸ਼ਲੋਕ ਬੋਲਣ ਲੱਗ ਪਈਆਂ ਹਨ।

ਤ੍ਵਮੇਵ ਮਾਤਾ ਚ ਪਿਤਾ ਤ੍ਵਮੇਵ,

ਤ੍ਵਮੇਵ ਬੰਧੁਸ਼ਚ ਸਖਾ ਤ੍ਵਮੇਵ।

ਉਨ੍ਹਾਂ ਦਾ ਭਰਾ ਵੀ ਉਨ੍ਹਾਂ ਕੋਲ ਪਈ ਮੰਜੀ ਉੱਤੇ ਆ ਕੇ ਬੈਠ ਗਿਆ ਅਤੇ ਉਨ੍ਹਾਂ ਨਾਲ ਮਿਲਕੇ ਸ਼ਲੋਕ ਬੋਲ ਰਿਹਾ ਹੈ।

ਇਹ ਕਸ਼ਮੀਰ ਦੇ ਸਲੋਕ ਹਨ, ਮੈਂ ਸੋਚਦਾ ਹਾਂ, ਕਸ਼ਮੀਰ ਦੀਆਂ ਬਾਕਰਖਾਨੀਆਂ ਵਾਂਗ, ਉਥੋਂ ਦੀ ਲੂਣ ਵਾਲੀ ਚਾਹ ਵਾਂਗ, ਇਹ ਇਨ੍ਹਾਂ ਸ਼ਲੋਕਾਂ ਨੂੰ ਵੀ ਕਸ਼ਮੀਰ ਤੋਂ ਹੀ ਲੈ ਕੇ ਆਈਆ ਹਨ!

"ਤੁਲਸੀ ਅਜੇ ਵੀ ਦੇਹਲੀਆਂ ਉਤੇ ਖੜਾ ਹੈ ਅਤੇ ਕਸ਼ਮੀਰੀ ਸ਼ਲੋਕ ਸੁਣਦਾ ਹੈ। ਕਸ਼ਮੀਰੀ ਸ਼ਲੋਕ ਬੋਲਦਿਆਂ ਸਮੇਂ ਅੱਖਾਂ ਬੰਦ ਨਹੀਂ ਕੀਤੀਆਂ ਜਾਂਦੀਆਂ ਅਤੇ ਇਕ ਦੂਜੇ ਨਾਲ ਗੱਲਾਂ ਵੀ ਹੋ ਸਕਦੀਆਂ ਹਨ, ਟੰਗਾਂ ਲਟਕਾ ਕੇ ਬੈਠਣ ਵਿਚ ਵੀ ਕੋਈ ਹਰਜ਼ ਨਹੀਂ।

ਤੁਲਸੀ ਵੱਲ ਇਸ਼ਾਰਾ ਕਰਕੇ ਮੇਰੀ ਵੱਡੀ ਭੈਣ ਆਖਦੀ ਹੈ, ਏਸ ਨੂੰ ਵੀ ਮੰਤਰ ਆਉਂਦੇ ਹਨ।"

"ਇਹ ਪੜ੍ਹਾਈ ਵੀ ਕਰਦੈ, ਇਸ ਨੇ ਸਾਰੀ ਪਹਿਲੀ ਪੋਥੀ ਪੜ੍ਹ ਲਈ ਹੈ।" ਮੇਰੀ ਨਿੱਕੀ ਭੈਣ ਬੜੇ ਮਾਣ ਨਾਲ ਇਹ ਸਾਰਾ ਕੁਝ ਇਸ ਲਈ ਆਖਦੀ ਹੈ, ਜਿਵੇਂ ਉਹ ਵੀ ਆਪਣੀ ਟੰਗ ਉੱਤੇ ਰੱਖਣਾ ਚਾਹੁੰਦੀ ਹੋਵੇ, ਇਹ ਦੱਸਕੇ ਬਈ ਜਿਵੇਂ ਤੁਹਾਡੇ ਕੋਲ ਬਾਕਰਖ਼ਾਨੀਆਂ ਅਤੇ ਸਲੋਕ ਹਨ ਉਵੇਂ ਸਾਡੇ ਕੋਲ ਤੁਲਸੀ ਵਰਗਾ ਹੋਣਹਾਰ ਨੌਕਰ ਵੀ ਹੈ।

"ਇਸ ਨੂੰ ਭਜਨ ਵੀ ਆਉਂਦੇ ਹਨ," ਮੇਰੀ ਭੈਣ ਗੱਲ ਨੂੰ ਅਜੇ ਵੀ ਤੋਰੀ ਜਾ ਰਹੀ ਹੈ। "ਮੈਂ ਵੀ ਇਸ ਨੂੰ ਇਕ ਭਜਨ ਸਿਖਾਇਆ ਹੈ।"

"ਸੁਣਾਓ, ਫੇਰ? ਤੁਹਾਨੂੰ ਕਿਹੜਾ ਭਜਨ ਆਉਂਦਾ ਹੈ।"

"ਅਸੀਂ ਤਾਂ ਸਿਰਫ਼ ਰੱਬ ਦੇ ਗੁਣ ਗਾਣ ਵਾਲੇ ਭਜਨ ਹੀ ਗਾਉਂਦੇ ਹਾਂ, ਹੋਰ ਕੋਈ ਭਜਨ ਨਹੀਂ ਗਾਉਂਦੇ।"

"ਤੂੰ ਇਥੇ ਬੈਠਾ ਗੱਪਾਂ ਮਾਰੀ ਜਾ ਕੰਮ-ਕਾਰ ਦਾ ਤੈਨੂੰ ਕੋਈ ਫਿਕਰ ਨਹੀਂ?" ਮਾਂ ਨੇ ਗੁੱਸੇ ਭਰੀ ਆਵਾਜ਼ ਵਿੱਚ ਆਖਿਆ। ਹੁਣ ਉਹ ਦਰਵਾਜ਼ੇ ਕੋਲ ਆਪਣੇ ਦੋਵੇਂ ਹੱਥ ਕਮਰ ਉੱਤੇ ਰੱਖੀ ਤੁਲਸੀ ਨੂੰ ਝਿੜਕ ਰਹੀ ਹੈ, "ਏਸ ਘਰ ਦਾ ਕੋਈ ਚਾਲਾ ਹੋਵੇ ਤਾਂ ਕੋਈ ਕੁਝ ਆਖੇ। ਮੈਂ ਇਕੱਲੀ ਰਸੋਈ 'ਚ ਖਪਣ ਜੋਗੀ ਰਹਿ ਗਈ ਹਾਂ। ਕਿਸੇ ਨੂੰ ਮੇਰੀ ਕੀ ਪਰਵਾਹ! ਚੱਲ ਮਰ ਹੁਣ, ਖੜਾ, ਮੂੰਹ ਵਲ ਕੀ ਵੇਖ ਰਿਹਾ ਹੈ।"

ਤੁਲਸੀ ਚੁੱਪ-ਚਾਪ ਮਸੋਸਿਆ ਜਿਹਾ ਸਿਰ-ਸੁੱਟੀ ਕਮਰੇ 'ਚੋਂ ਬਾਹਰ ਨਿਕਲ ਗਿਆ।

ਮਾਂ ਬੁੜਬੁੜਾਉਂਦੀ ਰਸੋਈ ਵੱਲ ਹੋ ਗਈ।

"ਤੁਸੀਂ ਵੀ ਜਾਵੋ ਅਤੇ ਮਾਮੀ ਜੀ ਨਾਲ ਕੰਮ ਕਰਾਓ। ਘੁੰਗਰਾਲੇ ਵਾਲਾਂ ਵਾਲੀ ਵੱਡੀ ਭੈਣ ਨੇ ਆਪਣੀਆਂ ਛੋਟੀਆਂ ਭੈਣਾਂ ਨੂੰ ਆਖਿਆ। ਚੁਪ ਛਾ ਗਈ ਅਤੇ ਇਕ ਇਕ ਕਰਕੇ ਸਾਰੇ ਕਮਰੇ ਚੋਂ ਉਠ ਜਾਂਦੇ ਹਨ।

ਦੂਜੇ ਦਿਨ ਸਾਰਿਆਂ ਨੇ ਆਪਣੀ ਆਪਣੀ ਉਮਰ ਅਨੁਸਾਰ ਆਪਣੇ ਆਪਣੇ ਸਾਥੀ ਚੁਣ ਲਏ। ਮੇਰੀ ਵੱਡੀ ਭੈਣ ਵੱਡੀ ਕੁੜੀ ਨੂੰ ਆਪਣੀ ਅਲਮਾਰੀ ਵਿਖਾ ਰਹੀ ਹੈ। ਇਹ ਉਹ ਅਲਮਾਰੀ ਹੈ ਜਿਸ ਵਿੱਚ ਉਸ ਦੀਆਂ ਕਿਤਾਬਾਂ ਰੱਖੀਆਂ ਹੋਈਆਂ ਹਨ। ਐਨਕ ਵਾਲੀ ਕੁੜੀ ਨੂੰ ਬਲਦੇਵ ਤੀਰ-ਕਮਾਨ ਦੇ ਖੇਲ ਦੀਆਂ ਗੱਲਾ ਦਸ ਰਿਹਾ ਹੈ।

"ਮੈਂ ਪਿਆ ਪਿਆ ਪੈਰ ਦੇ ਅੰਗੂਠੇ ਨਾਲ ਤੀਰ ਚਲਾ ਸਕਦਾ ਹਾਂ। ਸ਼ੀਸ਼ੇ ਵਿਚੋਂ ਵੇਖਕੇ ਨਿਸ਼ਾਨਾ ਬਿੰਨ੍ਹ ਸਕਦਾ ਹਾਂ, ਜਿਵੇਂ ਅਰਜਨ ਨਿਸ਼ਾਨਾ ਬੰਨ੍ਹਦਾ ਹੁੰਦਾ ਸੀ।"

ਬਾਹਰੋਂ ਆਈ ਕੁੜੀ ਪੁੱਛਦੀ ਹੈ "ਨਾਟਕ ਵੀ ਖੇਡਦੇ ਹੋ?''

"ਹਾਂ ਕਿਉਂ ਨਹੀਂ। ਪ੍ਰਿਥਵੀ ਰਾਜ ਚੌਹਾਨ ਦਾ, ਸਰਵਣ ਕੁਮਾਰ ਦਾ ਅਤੇ ਮਹਾਰਾਣਾ ਪ੍ਰਤਾਪ ਦਾ ਨਾਟਕ ਖੇਡਦੇ ਹਾਂ। ਕੱਲ ਵੀ ਜਦੋਂ ਤੁਸੀਂ ਆਏ ਸੀ ਅਸੀਂ ਨਾਟਕ ਹੀ ਖੇਡ ਰਹੇ ਸੀ। ਮੇਰਾ ਭਾਈ ਚੇਤਕ ਬਣਦਾ ਹੈ ਅਤੇ ਮੈਂ ਰਾਣਾ ਪ੍ਰਤਾਪ।"

"ਕੀ ਤੇਰੇ ਕੋਲ ਮੁਕਟ ਹਨ?"

ਦੁਖੀ ਜਿਹਾ ਹੋ ਕੇ, ਨਿਰਾਸ਼ਾ ਦੇ ਭਾਵ ਨਾਲ ਮੇਰਾ ਭਰਾ ਜਵਾਬ ਦਿੰਦਾ ਹੈ, 'ਪੱਗ ਬੰਨ੍ਹ ਲੈਂਦੇ ਹਾਂ।"

'ਚੰਗਾ, ਕੱਲ੍ਹ ਨੂੰ ਤੈਨੂੰ ਮੁਕਟ ਬਣਾ ਕੇ ਦੇਵਾਂਗੀ।"

ਸਾਰਿਆਂ ਤੋਂ ਛੋਟੀ ਕੁੜੀ ਕੰਧ ਨਾਲ ਪਿੱਠ ਲਾਈ ਮੰਜੇ ਉਤੇ ਬੈਠੀ ਇੱਕ ਮੋਟੀ ਸਾਰੀ ਕਿਤਾਬ ਪੜ੍ਹ ਰਹੀ ਹੈ। ਮੈਂ ਸਰਕਦਾ ਸਰਕਦਾ ਉਸ ਕੋਲ ਪੁੱਜ ਜਾਂਦਾ ਹਾਂ। ਮੰਜੇ ਕੋਲ ਖੜ੍ਹ ਕੇ ਟਿਕਟਿਕੀ ਲਾ ਉਸ ਨੂੰ ਵੇਖਣ ਲੱਗ ਜਾਂਦਾ ਹਾਂ। ਉਸਦਾ ਚਿਹਰਾ ਜਿਹੜਾ ਪਹਿਲਾਂ ਪੀਲਾ ਸੀ, ਮੈਨੂੰ ਵੇਖਣ ਸਾਰ ਲਾਲ ਹੋ ਜਾਂਦਾ ਹੈ। ਉਹ ਕਿਤਾਬ ਤੋਂ ਅੱਖਾਂ ਚੱਕ ਮੇਰੇ ਵੱਲ ਵੇਖਦੀ ਹੈ ਤੇ ਫਿਰ ਕਿਤਾਬ ਬੰਦ ਕਰਕੇ ਮੈਨੂੰ ਗੱਲਾਂ ਦੱਸਣ ਲੱਗ ਜਾਂਦੀ ਹੈ "ਤੈਨੂੰ ਦੱਸਾਂ ਸਾਡੀ ਪੰਡਤਾਣੀ ਨੂੰ ਚਾਰੇ ਵੇਦ ਯਾਦ ਹਨ।" ਇਸ ਮਗਰੋਂ ਬੁੱਲਾਂ ਨੂੰ ਭੀਚ ਕੇ ਸਿਰ ਹਿਲਾਉਂਦੀ ਹੋਈ ਥੋੜੇ ਕੁ ਭਾਰੀ ਮਨ ਨਾਲ ਹੌਲੀ ਜਿਹੇ ਕਹਿੰਦੀ ਹੈ, "ਤੇ ਦੱਸਾਂ ਉਸਦਾ ਘਰ ਵਾਲਾ ਪੰਡਤ ਇਕ ਅੱਖ ਤੋਂ ਕਾਣਾ ਹੈ' ਉਹ ਕੁੜੀ ਇੱਕ ਵਾਰ ਫਿਰ ਅੱਖਾਂ ਬੰਦ ਕਰਕੇ ਸਿਰ ਹਿਲਾ

ਕੇ ਆਖਦੀ ਹੈ, 'ਉਹ ਇਸ ਲਈ ਕਾਣੇ ਹੋ ਗਏ ਕਿ ਉਹ ਚੋਰੀ ਚੋਰੀ ਮੂਰਤੀ ਪੂਜਾ ਕਰਦੇ ਸਨ।

ਮੈਂ ਦੇਰ ਤਕ ਉਸ ਦੇ ਚਮਕਦੇ ਦੰਦਾਂ ਨੂੰ ਦੇਖਦਾ ਰਹਿੰਦਾ ਹਾਂ ਤੇ ਫਿਰ ਪੁੱਛਦਾ ਹਾਂ, "ਤੇਰੇ ਦੰਦ ਮੋਤੀਆਂ ਦੇ ਬਣੇ ਹੋਏ ਹਨ! "

ਉਹ ਪਲ ਭਰ ਚੁੱਪ ਚਾਪ ਮੇਰੇ ਵਲ ਵੇਖਦੀ ਰਹਿੰਦੀ ਹੈ ਅਤੇ ਫਿਰ ਹੱਸ ਪੈਂਦੀ ਹੈ, "ਮੂਰਖ, ਮੋਤੀਆਂ ਦੇ ਤਾਂ ਹਾਰ ਬਣਦੇ ਹਨ, ਕਦੇ ਮੋਤੀਆਂ ਦੇ ਦੰਦ ਵੀ ਬਣਦੇ ਹਨ! ਆ, ਤੈਨੂੰ ਮੈਂ, ਆਪਣੇ ਦੰਦ ਵਿਖਾਵਾ।" ਅਤੇ ਫਿਰ ਉਹ ਮੇਰੇ ਹੱਥ ਦੀਆਂ ਉਂਗਲਾਂ ਫੜਕੇ ਆਪਣੇ ਦੰਦਾਂ ਉਤੇ ਫੇਰਦੀ ਹੈ।

'ਸਾਡੇ ਪੰਡਤ ਜੀ ਆਖਦੇ ਹਨ, ਤੀਵੀਆਂ ਵਲ ਵੇਖਣਾ ਪਾਪ ਹੁੰਦਾ ਹੈ। ਮੈਂ ਡਰਿਆ-ਡਰਿਆ ਹੌਲੀ ਹੌਲੀ ਆਖ ਰਿਹਾ ਹਾਂ। "ਤੂੰ ਤਾਂ ਤੀਵੀਂ ਨਹੀਂ ਇਕ ਕੁੜੀ ਐਂ।"

ਉਹ ਸਿਰ ਹਿਲਾਉਂਦੀ ਹੈ।

"ਸਾਡੇ ਪੰਡਤ ਜੀ ਵੀ ਮਹਾ-ਪਾਪੀ ਹਨ। ਉਨ੍ਹਾਂ ਨੇ ਵੀ ਕੋਈ ਬਹੁਤ ਵੱਡਾ ਪਾਪ ਕੀਤਾ ਸੀ ਜਿਸ ਕਾਰਣ ਉਨ੍ਹਾਂ ਦੀ ਨੱਕ ਚਪਟੀ ਹੋ ਗਈ।"

ਇਹ ਸਾਰਾ ਕੁਝ ਆਖਦਾ ਹੋਇਆ ਮੈਂ ਉਸ ਕੁੜੀ ਵਾਂਗ ਹੀ ਬੁੱਲ ਭੀਚ ਕੇ ਸਿਰ ਹਿਲਾਉਣ ਦੀ ਕੋਸ਼ਿਸ਼ ਕਰਦਾ ਹਾਂ।

ਬਾਹਰੋਂ ਵਿਹੜੇ 'ਚੋਂ ਆਵਾਜ਼ਾਂ ਆਉਣ ਲਗਦੀਆਂ ਹਨ। ਮੇਰੀਆਂ ਦੋਵਾਂ ਭੈਣਾਂ ਅਲਮਾਰੀ ਕੋਲੋਂ ਉਠਕੇ ਦਰਵਾਜ਼ੇ 'ਚ ਆ ਖੜੀਆਂ ਹੋਈਆ ਅਤੇ ਵਿਹੜੇ ਵੱਲ ਵੇਖੀ ਜਾ ਰਹੀਆਂ ਹਨ।

ਵਿਹੜੇ ਵਿਚ ਕਸ਼ਮੀਰ ਵਾਲਾ ਮੇਰਾ ਵੱਡਾ ਭਰਾ ਕੁੱਦਣ ਵਾਲੀ ਰੱਸੀ ਨੂੰ ਦੋਵਾਂ ਹੱਥਾਂ 'ਚ ਫੜੀ ਅੱਡੀ ਛੜੱਪੇ ਮਾਰਦਾ ਭੱਜ ਕੇ ਸਾਰਾ ਵਿਹੜਾ ਪਾਰ ਕਰ ਗਿਆ। ਅਤੇ ਉਨੀਂ ਪੈਰੀਂ ਹੀ ਕੁੱਦਦਾ ਹੋਇਆ ਵਾਪਸ ਆ ਰਿਹਾ ਹੈ। ਉਹ ਸੱਚਾ ਆਰਿਆ ਵੀਰ ਹੈ। ਉਹ ਵੱਡੇ ਤੋਂ

ਵੱਡਾ ਕੰਮ ਕਰ ਸਕਦਾ ਹੈ। ਉਸਦੇ ਸਿਰ ਦਾ ਬੋਦਾ ਸਾਡੇ ਬੋਦਿਆਂ ਨਾਲੋਂ ਵੱਡਾ ਹੈ, ਉਸਨੇ ਆਪਣੇ ਬੋਦੇ ਨੂੰ ਅਸਲੀ ਬ੍ਰਹਮਚਾਰੀਆਂ ਵਾਲੀ ਗੱਠ ਦਿਤੀ ਹੈ। ਉਸ ਦੀ ਬੋਦੀ ਮੇਰੇ ਲਈ ਈਰਖਾ ਬਣੀ ਹੋਈ ਹੈ, ਕਿਉਂਕਿ ਜਦੋਂ ਉਹ ਭੱਜਦਾ ਹੈ ਤਾਂ ਉਸ ਦੀ ਬੋਦੀ ਉਸ ਦੇ ਸਿਰ ਉਤੇ ਉਛਲਦੀ ਹੈ ਜਦੋਂ ਕਿ ਸਾਡੀ ਦੋਵਾਂ ਭਰਾਵਾਂ ਦੀ ਬੋਦੀ ਕੰਨ ਉੱਤੇ ਅੱਧਮੋਈ ਜਹੀ ਡਿੱਗੀ ਰਹਿੰਦੀ ਹੈ। ਉਸਦੀ ਬੋਦੀ ਨੂੰ ਵੇਖਕੇ ਕੱਲ ਰਾਤੀਂ ਹੀ ਮੈਂ ਆਪਣੀ ਬੋਦੀ ਨੂੰ ਗੱਠ ਦਿੱਤੀ ਜਿਸ ਨਾਲ ਮੇਰੀ ਪਤਲੀ ਜਹੀ ਬੋਦੀ ਹੋਰ ਵੀ ਛੋਟੀ ਹੋ ਗਈ।

ਹੁਣ ਉਸਨੇ ਰੱਸੀ ਉੱਤੇ ਕੁੱਦਣਾ ਛੱਡ ਦਿੱਤਾ। ਉਸ ਦੀਆਂ ਦੋਵੇਂ ਭੈਣਾਂ ਵਿਹੜੇ ਵਿਚ ਇਕ ਦੂਜੇ ਦੇ ਸਾਹਮਣੇ ਫਰਸ਼ ਉਤੇ ਆ ਕੇ ਬੈਠ ਗਈਆਂ ਹਨ। ਉਨ੍ਹਾਂ ਨੇ ਪੈਰਾਂ ਨੂੰ ਪੈਰਾਂ ਨਾਲ ਜੋੜਕੇ ਆਪਣੀਆਂ ਦੋਵੇਂ ਟੰਗਾਂ ਨੂੰ ਫੈਲਾ ਲਿਆ ਹੈ। ਆਰੀਆ ਵੀਰ ਭੱਜਦਾ ਹੋਇਆ ਆਉਂਦਾ ਹੈ ਅਤੇ ਇਕ ਛੜੱਪੇ ਵਿਚ ਉਨ੍ਹਾਂ ਦੀਆਂ ਟੰਗਾਂ ਨੂੰ ਟਪ ਜਾਂਦਾ ਹੈ। ਕਾਫੀ ਦੇਰ ਤੱਕ ਇਹ ਕਰਤਬ ਚਲਦਾ ਰਹਿੰਦਾ ਹੈ। ਇਸ ਵਿਚਕਾਰ ਉਹ ਮੇਰੇ ਭਰਾ ਬਲਦੇਵ ਦਾ ਗੁੱਟ ਵੀ ਫੜਦਾ ਹੈ। ਬਲਦੇਵ ਆਪਣੇ ਗੁੱਟ ਨੂੰ ਛਡਾਉਣ ਲਈ ਸੱਜੇ ਖੱਬੇ ਝਲਦਾ ਹੈ ਪਰ ਉਸ ਤੋਂ ਓਹ ਆਪਣਾ ਗੁੱਟ ਛੱਡਾ ਨਹੀਂ ਸਕਦਾ। ਪਰ ਜਦੋਂ ਬਲਦੇਵ ਉਸਦਾ ਗੁੱਟ ਫੜ੍ਹਦਾ ਹੈ ਤਾਂ ਉਹ ਇਕ ਝਟਕੇ ਨਾਲ ਹੀ ਛੱਡਾ ਲੈਂਦਾ ਹੈ।

ਖੇਡਾਂ ਮਗਰੋਂ ਮੈਂ ਸਰਕਦਾ ਹੋਇਆ ਉਸ ਕੋਲ ਜਾ ਪਹੁੰਚਦਾ ਹਾਂ, “ਤੁਸੀਂ ਰੱਬ ਨੂੰ ਵੇਖਿਆ ਹੈ?" ਮੈਂ ਹੌਲੀ ਜਿਹੇ ਪੁੱਛਦਾ ਹਾਂ। ਮੇਰਾ ਖਿਆਲ ਹੈ ਜੇਕਰ ਕਿਸੇ ਨੇ ਰੱਬ ਨੂੰ ਵੇਖਿਐ ਤਾਂ ਇਹਨੇ ਜ਼ਰੂਰ ਵੇਖਿਆ ਹੋਵੇਗਾ।

ਉਹ ਮੇਰੇ ਵਲ ਹੈਰਾਨ ਹੋ ਕੇ ਵੇਖਦਾ ਹੈ, ਤੇ ਫਿਰ ਹੌਲੀ ਜਿਹੇ ਬੜੇ ਹੀ ਆਤਮ-ਵਿਸ਼ਵਾਸ ਨਾਲ ਆਖਦਾ ਹੈ, "ਇਕ ਵਾਰ ਵੇਖਿਆ ਸੀ।"

ਮੈਂ ਸੁੰਨ ਜਿਹਾ ਉਸਦੇ ਮੂੰਹ ਵਲ ਵੇਖ ਰਿਹਾ ਹਾਂ।

"ਇਕ ਦਿਨ ਮੈਂ ਪ੍ਰਾਰਥਨਾ ਕਰ ਰਿਹਾ ਸੀ ਤੇ ਮੇਰੀਆਂ ਅੱਖਾਂ ਅੱਗੇ ਰੋਸ਼ਨੀ ਹੀ ਰੋਸ਼ਨੀ ਫੈਲ ਗਈ।"

ਮੈਂ ਸੁਣਦਿਆਂ ਹੀ ਮਨ-ਮਸੋਸ ਕੇ ਰਹਿ ਜਾਂਦਾ ਹਾਂ।

"ਤੈਨੂੰ ਕੋਈ ਰੌਸ਼ਨੀ ਨਜ਼ਰ ਆਈ ਹੈ?"

ਟੁੱਟੇ ਦਿਲ ਨਾਲ ਮੈਂ ਸਿਰ ਹਿਲਾ ਦਿੰਦਾ ਹਾਂ।

"ਪਾਪੀਆਂ ਨੂੰ ਇਹ ਰੋਸ਼ਨੀ ਦਿਸਦੀ ਨਹੀਂ।" ਉਹ ਬੜੇ ਹੀ ਪੱਕੇ ਇਰਾਦੇ ਨਾਲ ਆਖਦਾ ਹੈ।

ਮੈਂ ਹਾਰਿਆ ਜਿਹਾ ਫਰਸ਼ ਵੱਲ ਵੇਖਣ ਲਗਦਾ ਹਾਂ। ਮੈਂ ਸੱਚੀ-ਮੁੱਚੀ ਪਾਪੀ ਹਾਂ। ਮੇਰਾ ਭਾਈ ਵੀ ਮੈਨੂੰ ਕਈ ਵਾਰ ਪਾਪੀ ਕਹਿ ਚੁਕਿਆ ਹੈ। ਮੈਨੂੰ ਪਤਾ ਹੈ ਕਿ ਮੈਂ ਦੋ ਵਾਰ ਦੁਪਹਿਰ ਵੇਲੇ ਰਸੋਈ-ਘਰ ਵਿਚ ਲੁਕ ਕੇ ਸ਼ੱਕਰ ਖਾਧੀ ਹੈ ਅਤੇ ਕਿਸੇ ਨੂੰ ਦਸਿਆ ਨਹੀਂ। ਮੇਰੇ ਮੂਹੋਂ ਗੰਦੀਆਂ ਗਾਲ੍ਹਾਂ ਵੀ ਨਿਕਲ ਜਾਂਦੀਆਂ ਹਨ, ਜਿਸ ਕਰਕੇ ਮੇਰੀ ਮਾਂ ਕਿੰਨੀ ਵਾਰ ਮੇਰੇ ਮੂੰਹ ਵਿਚ ਲਾਲ ਮਿਰਚਾਂ ਪਾ ਚੁੱਕੀ ਹੈ। ਮੇਰਾ ਚਿਹਰਾ ਵੀ ਪਾਪੀਆਂ ਵਾਂਗ ਪੀਲਾ ਰਹਿੰਦਾ ਹੈ, ਜਦ ਕਿ ਇਸ ਦਾ ਚਿਹਰਾ ਅਤੇ ਮੇਰੇ ਭਾਈ ਦਾ ਚਿਹਰਾ-ਬਰਹਮਚਾਰੀਆਂ ਦੇ ਲਾਲ ਚਿਹਰੇ ਵਾਂਗ ਚਮਕਦਾ ਰਹਿੰਦਾ ਹੈ।

“ਏਥੇ ਲੁਕਿਆ ਖੜਾ ਹੈਂ? ਮੈ ਕਿੰਨੀ ਦੇਰ ਤੋਂ ਤੈਨੂੰ ਲੱਭ ਰਹੀ ਹਾਂ!” ਮਾਂ ਦੀ ਕੜਕਵੀ ਆਵਾਜ਼ ਪੌੜੀਆਂ ਵਲੋਂ ਆਈ ਅਤੇ ਸਾਰੇ ਘਰ ਵਿਚ ਗੂੰਜ ਉੱਠੀ।

ਅਸੀਂ ਸਾਰੇ ਮੁੰਡੇ ਕੁੜੀਆਂ ਭੱਜ ਕੇ ਪੌੜੀਆਂ ਕੋਲ ਜਾ ਪੁੱਜੇ ਹਾਂ।

ਉੱਪਰ ਜਾਣ ਵਾਲੀਆਂ ਪੌੜੀਆਂ ਦੇ ਵਿਚਕਾਰ ਕੰਧ ਨਾਲ ਪਿੱਠ ਲਾਈ ਤੁਲਸੀ ਖੜ੍ਹਾ ਹੈ ਅਤੇ ਮਾਂ ਵਲ ਵੇਖੀ ਜਾ ਰਿਹਾ ਹੈ।

"ਦੱਸ ਇਥੇ ਖੜ੍ਹਾ ਕੀ ਕਰ ਰਿਹੈਂ? ਮੇਰੀ ਗੱਲ ਦਾ ਜਵਾਬ ਕਿਉਂ ਨਹੀਂ ਦਿੰਦਾ? ਬੋਲਦਾ ਕਿਉਂ ਨਹੀਂ? ਦੱਸ, ਏਥੇ ਖੜ੍ਹਾ ਕੀ ਕਰ ਰਿਹਾ ਸੀ?"

ਪੌੜੀਆਂ ਦੇ ਹੇਠਾਂ ਘਰ ਦੇ ਸਾਰੇ ਮੁੰਡੇ ਕੁੜੀਆਂ ਪੱਥਰ ਦੇ ਬੁੱਤ ਬਣੇ ਖੜੇ ਹਨ ਅਤੇ ਉੱਪਰ ਵੱਲ ਵੇਖੀ ਜਾ ਰਹੇ ਹਨ। ਮਾਂ ਨੇ ਆਪਣੇ ਦੋਵੇਂ ਹੱਥ ਕਮਰ ਉਤੇ ਰੱਖੇ ਹੋਏ ਹਨ।

“ਬੋਲਦਾ ਕਿਉਂ ਨਹੀਂ? ਇਹ ਤੂੰ ਕੀ ਨਵੇਂ ਚਾਲੇ ਫੜ੍ਹ ਲਏ? ਪਹਿਲਾਂ ਤਾਂ ਚੰਗਾ ਭਲਾ ਕੰਮ ਕਰਦਾ ਹੁੰਦਾ ਸੀ ਹੁਣ ਤੈਨੂੰ ਕੀ ਹੋ ਗਿਆ?" ਤੁਲਸੀ ਅਜੇ ਵੀ ਬਿਟਰ ਬਿਟਰ ਮਾਂ ਵਲ ਵੇਖੀ ਜਾਂਦਾ ਸੀ। ਇਹ ਸਾਰਾ ਕੁਝ ਵੇਖ ਮੈਂ ਡਰ ਰਿਹਾ ਹਾਂ। ਅਚਾਨਕ ਮੇਰੀ ਮਾਂ ਦੀ ਨਿਗਾਹ, ਤੁਲਸੀ ਦੇ ਕੁੜਤੇ ਹੇਠੋਂ ਉੱਚੀ ਹੋਈ ਕਿਸੇ ਚੀਜ਼ ਉਤੇ ਪੈਂਦੀ ਹੈ।

"ਇਥੇ ਕੀ ਲੁਕੋ ਰੱਖਿਆ ਹੋ? ਦੱਸ ਕੀ ਹੈ? ਹੁਣ ਚੋਰੀ ਵੀ ਕਰਨ ਲੱਗ ਪਿਐਂ?"

ਮਾਂ ਅੱਗੇ ਵੱਧ ਕੇ ਉਸ ਦੇ ਕੁੜਤੇ ਨੂੰ ਫੜ ਲੈਂਦੀ ਹੈ, ਫਿਰ ਕੁੜਤੇ ਨੂੰ ਚੁੱਕ ਕੇ ਪਜਾਮੇ ਦੇ ਨੇਫੇ 'ਚੋਂ ਕੋਈ ਚੀਜ ਖਿੱਚ ਕੇ ਕੱਢ ਲੈਂਦੀ ਹੈ। ਇਹ ਕਿਤਾਬ ਸੀ।

"ਮੈਂ ਦਿੱਤੀ ਹੈ, ਮਾਮੀ ਜੀ, ਮੈਥੋਂ ਕਿਤਾਬ ਮੰਗਦਾ ਸੀ, ਮੈਂ ਦੇ ਦਿੱਤੀ।" ਮੇਰੇ ਨੇੜੇ ਖੜੀ ਐਨਕਵਾਲੀ ਕੁੜੀ ਨੇ ਆਖਿਆ।

ਮਾਂ ਫਿਰ ਕਮਰ ਉਤੇ ਹੱਥ ਰੱਖੀ ਕੁਲਸੀ ਵਲ ਵੇਖੀ ਜਾ ਰਹੀ ਹੈ।

"ਘੰਟਾ ਹੋ ਗਿਆ ਹੋਣੇ ਇਥੇ ਬੈਠਾ ਕਿਤਾਬ ਪੜ੍ਹ ਰਿਹਾ ਹੈ ਅਤੇ ਇਹ ਨੂੰ ਲੱਭ ਲੱਭ ਕੇ ਮੇਰੀਆਂ ਟੰਗਾਂ ਰਹਿ ਗਈਆਂ।..... ਨੌਕਰਾਂ ਨੂੰ ਪੜ੍ਹਾਈ ਨਾਲ ਕੀ ਮਤਲਬ। ਜੇ ਪੜ੍ਹਨਾ ਮਰਨਾ ਸੀ ਤਾਂ ਇਥੇ ਕਿਉਂ ਆਇਆ?"

ਫਿਰ ਮਾਂ ਸਿਰ ਹਿਲਾ ਗੁੱਸੇ ਨਾਲ ਆਖਦੀ ਹੈ, "ਜੇ ਆਪਣਾ ਘਰ ਹੀ ਊਤ ਹੋਵੇ ਤਾਂ ਕੋਈ ਕੀ ਕਰੇ! ਹੁਣ ਹੇਠਾਂ ਮਰ। ਮੈਂ ਕਦੋਂ ਕੰਮ ਮੁਕਾਵਾਂਗੀ। ਉਤੋਂ ਵੇਖ ਕਿਹੜਾ ਵੇਲਾ ਆ ਗਿਆ ਹੈ।'"

ਤੁਲਸੀ ਅਜੇ ਵੀ ਬੁੱਤ ਬਣਿਆ ਹੀ ਖੜ੍ਹਾ ਹੈ। ਮਾਂ ਨੇ ਇਸ ਤੋਂ ਪਹਿਲਾਂ ਕਦੇ ਵੀ ਬਾਹਰ ਦੇ ਲੋਕਾਂ ਦੇ ਸਾਹਮਣੇ ਤੁਲਸੀ ਨੂੰ ਇੰਨੀ ਉੱਚੀ ਬੋਲ ਬੋਲ ਨਹੀਂ ਸੀ ਝਿੜਕਿਆ।

"ਹਨੇਰ ਸਾਈਂ ਦਾ। ਏਥੇ ਕੋਈ ਕੰਮ ਠੀਕ ਤਰ੍ਹਾਂ ਨਹੀਂ ਹੁੰਦਾ। ਇਸ ਨੂੰ ਪੜ੍ਹਨ ਤੋਂ ਵਿਹਲ ਮਿਲੇ ਤਾਂ ਘਰ ਦਾ ਕੰਮ ਕਰੇ।"

ਅਚਾਨਕ ਹੀ ਤੁਲਸੀ ਪੈਰਾਂ-ਭਾਰ ਹੋ ਕੇ ਬੈਠ ਗਿਆ ਅਤੇ ਉਸ ਨੇ ਆਪਣਾ ਸੱਜਾ ਹੱਥ ਗੋਡੇ ਉਤੇ ਰੱਖ ਕੇ ਜਿਵੇਂ ਉਸ ਵਿਚ ਆਪਣਾ ਮੂੰਹ ਛੁਪਾ ਲਿਆ ਹੋਵੇ, ਉਸ ਦਾ ਸਾਰਾ ਸਰੀਰ ਕੰਬਣ ਜਿਹਾ ਲੱਗ ਪਿਆ। ਉਸ ਦੀ ਇਸ ਹਾਲਤ ਨੂੰ ਵੇਖ ਮਾਂ ਘਬਰਾ ਗਈ, "ਵੇਖੋ, ਵੇਖੋ ਇਹ ਕੀ ਕਰ ਰਿਹਾ ਹੈ। ਵਿਦਿਆ..... ਬਿਮਲਾ ਖੜ੍ਹੀਆਂ ਖੜ੍ਹੀਆਂ ਮੂੰਹ ਕੀ ਵੇਖ ਰਹੀਆਂ ਹੋ, ਪਿਤਾ ਜੀ ਨੂੰ ਬੁਲਾਓ।"

'ਪਿਤਾ ਜੀ ਘਰ ਨਹੀਂ। ਉਹ ਫੁੱਫੜ ਜੀ ਨਾਲ ਕਿਤੇ ਬਾਹਰ ਗਏ ਹਨ। ਮੈਨੂੰ ਅਜੇ ਵੀ ਸਮਝ ਨਹੀਂ ਆਈ ਕਿ ਆਖਿਰ ਗੱਲ ਕੀ ਹੈ। ਮੇਰੀ ਮਾਂ ਝੁਕ ਕੇ ਤੁਲਸੀ ਨੂੰ ਹਲੂਣਦੀ ਹੈ, ਪਰ ਤੁਲਸੀ ਆਪਣਾ ਮੂੰਹ ਉਤੇ ਨਹੀਂ ਚੁਕਦਾ।

"ਚੱਲ ਛੱਡ, ਗੁੱਸੇ ਨੂੰ ਛੱਡ।" ਮਾਂ ਉਸਨੂੰ ਹਲੂਣਦੀ ਹੋਈ ਆਖ ਰਹੀ ਹੈ।

"ਵੇਖੋ ਜੀ, ਕੈਸਾ ਚੰਦਰਾ ਨੌਕਰ ਰੱਖਿਐ, ਮੈਂ ਇਹਨੂੰ ਕੁਝ ਆਖਿਆ ਨਹੀਂ, ਪਰ ਇਹਨੇ ਆਪਣੀ ਬਾਂਹ ਉਤੇ ਦੰਦੀਆਂ ਕਿਵੇਂ ਚਲਾਈਆਂ ਨੇ।"

ਵਿਦਿਆ ਭੱਜਕੇ ਪੌੜੀਆਂ ਚੜ੍ਹਦੀ ਹੈ ਅਤੇ ਆਪਣੀ ਮਾਂ ਕੋਲ ਜਾ ਕੇ ਤੁਲਸੀ ਨੂੰ ਮੋਢਿਆਂ ਤੋਂ ਹਲੂਣਦੀ ਹੈ। ਪਰ ਤੁਲਸੀ ਨੇ ਅਜੇ ਵੀ ਆਪਣੀ ਬਾਂਹ ਵਿਚ ਦੰਦ ਗੱਡੇ ਹੋਏ ਹਨ।

"ਹੁਣ ਮੈਂ ਕੀ ਕਰਾਂ? " ਮਾਂ ਕੰਬਦੀ ਆਵਾਜ਼ ਵਿਚ ਆਖਦੀ ਹੈ। "ਕਿੱਥੇ ਨੇ ਬਲਦੇਵ ਦੇ ਪਿਤਾ ਜੀ? ਬਲਦੇਵ! ਤੁਸੀਂ ਇੱਥੇ ਖੜੇ ਮੂੰਹ ਕੀ ਵੇਖ ਰਹੇ ਹੋ?"

ਤੁਲਸੀ ਨੇ ਬਾਹ ਤੋਂ ਮੂੰਹ ਚੁੱਕ ਕੇ, ਉੱਚੀ ਉੱਚੀ 'ਭੁੱਬਾਂ ਮਾਰ ਕੇ ਰੋਣਾ ਸ਼ੁਰੂ ਕਰ ਦਿੱਤਾ। ਉਸ ਦੀ ਉੱਚੀ ਖਰਵੀ ਆਵਾਜ਼ ਬੜੀ ਭੈੜੀ ਲੱਗ ਰਹੀ ਸੀ।

ਉਹ ਲਗਾਤਾਰ ਰੋਈ ਜਾ ਰਿਹਾ ਸੀ। ਕੁਝ ਦੇਰ ਬਾਦ ਅਚਾਨਕ ਉਹ ਉਠਕੇ ਪੌੜੀਆਂ ਉਤਰਨ ਲੱਗਾ। ਇੰਨੇ ਲੋਕਾਂ ਨੂੰ ਆਪਣੇ ਆਲੇ-ਦੁਆਲੇ ਖੜ੍ਹ ਵੇਖਕੇ ਉਹ ਬੇਹੋਸ਼ ਜਿਹਾ ਪਾਗਲਾਂ ਵਾਂਗ ਪੌੜੀਆਂ ਉੱਤਰ ਗਿਆ ਅਤੇ ਸਿੱਧਾ ਛੱਜੇ ਵੱਲ ਤੁਰ ਗਿਆ। ਉਸਦੀ ਸੱਜੀ ਬਾਂਹ ਉੱਤੇ ਲਾਲ ਲਾਲ ਖੂਨ ਦਾ ਚਕਰ ਬਣ ਗਿਆ ਹੈ।

"ਜਾ ਬਿਮਲਾ ਰਸੋਈ ਚੋਂ ਲੂਣਦਾਨੀ ਚੁਕ ਲਿਆ, ਭੱਜ ਕੇ ਜਾ।" ਅਤੇ ਫਿਰ ਮਾਂ ਵੀ ਪੌੜੀਆਂ ਉੱਤਰਕੇ ਛੱਜੇ ਵੱਲ ਜਾਣ ਲੱਗੀ। ਅਸੀਂ ਵੀ ਛੱਜੇ ਵੱਲ ਜਾਣਾ ਚਾਹੁੰਦੇ ਸਾਂ ਪਰ ਕਸ਼ਮੀਰ ਵਾਲੀ ਵੱਡੀ ਭੈਣ ਨੇ ਸਾਨੂੰ ਰੋਕ ਦਿੱਤਾ।..

ਉਸ ਰਾਤ ਨੂੰ, ਪੁਰਾਣੇ ਕਮਰੇ ਭੈਣ ਦੀ ਮੰਜੀ ਕੋਲ ਖੜ੍ਹੀ ਰਹਿੰਦੀ ਹੈ, 'ਚ ਮੇਰੀ ਵੱਡੀ ਭੈਣ ਵਿੱਦਿਆ, ਐਨਕ ਵਾਲੀ ਕਸ਼ਮੀਰੀ "ਆਓ, ਚੱਲੀਏ, ਉਠ ਜਲਦੀ।"

ਮੈਂ ਇਹ ਗੱਲ ਸੁਣ ਲਈ। ਮੇਰੇ ਭਰਾ ਨੇ ਵੀ ਸੁਣ ਲਿਆ। ਐਨਕ ਵਾਲੀ ਭੈਣ ਉਠਕੇ ਵਿੱਦਿਆ ਦੇ ਪਿੱਛੇ ਪਿੱਛੇ ਤੁਰ ਪਈ, ਚੁੱਪ ਚੁਪਾਤੇ ਬਿਨਾ ਖੜਕਾ ਕੀਤਿਆਂ ਅਸੀਂ ਦੋਵੇਂ ਭਰਾ ਵੀ ਉਨ੍ਹਾਂ ਦੇ ਮਗਰ ਹੋ ਤੁਰੇ। ਵਿਹੜੇ ਵਿਚ ਘੁੱਪ ਹਨੇਰਾ ਸੀ, ਸਿਰਫ ਉਪਰ ਅਕਾਸ਼ ਵਿਚ ਬਹੁਤ ਸਾਰੇ ਚਿੱਟੇ ਚਿੱਟੇ ਤਾਰੇ ਚਮਕ ਰਹੇ ਸਨ। ਆਪਣਾ ਘਰ ਵੀ ਪਰਾਇਆਂ ਵਾਂਗ ਲੱਗਿਆ।

ਦੋਵੇਂ ਭੈਣਾਂ ਗੁਸਲਖ਼ਾਨੇ ਵਿਚ ਆ ਕੇ ਚੁੱਪ-ਚਾਪ ਖੜ੍ਹੀਆਂ ਹੋ ਗਈਆਂ। ਅਸੀਂ ਦੋਵੇਂ ਭਰਾ ਵੀ ਉਥੇ ਪੁੱਜ ਗਏ। ਛੱਜੇ ਵਲੋਂ ਤੁਲਸੀ ਦੀ ਬਹੁਤ ਹੌਲੀ ਆਵਾਜ਼ ਆ ਰਹੀ ਹੈ, ਆਵਾਜ਼ ਹੌਲੀ ਹੌਲੀ ਉੱਚੀ ਹੋ ਰਹੀ ਹੈ। ਤੁਲਸੀ ਸੌਣ ਤੋਂ ਪਹਿਲਾਂ ਪ੍ਰਾਰਥਨਾ ਕਰ ਰਿਹਾ ਹੈ। ਜਿਵੇਂ ਮਾਤਾ ਜੀ ਜਾਂ ਅਸੀਂ ਘਰ ਦੇ ਸਾਰੇ ਜੀਅ ਸੌਣ ਤੋਂ ਪਹਿਲਾਂ ਆਪਣੇ ਆਪਣੇ ਮੰਜੇ ਉੱਤੇ ਬੈਠਕੇ ਕਰਦੇ ਹੁੰਦੇ ਹਾਂ। ਤੁਲਸੀ ਪ੍ਰਾਰਥਨਾ ਕਰ ਰਿਹਾ ਹੈ : -

ਹੇ ਭਗਵਾਨ ਮੈਨੂੰ ਇੰਨੀ ਸ਼ਕਤੀ ਦੇ ਕਿ ਮੇਰੇ ਹੱਥੋਂ ਦੁੱਧ ਨਾ ਉਬਲੇ ਮੈਂ ਵੇਲੇ ਸਿਰ ਸੰਨ੍ਹੀ ਕਰ ਸਕਾਂ ਡੰਗਰਾਂ ਲਈ, ਸਮੇਂ ਸਿਰ ਡਾਕ ਪਾ ਆਇਆ ਕਰਾਂ ਹੇ ਭਗਵਾਨ, ਮੈਥੋਂ ਜਿਹੜੀ ਅੱਜ ਲੈਂਪ ਦੀ ਚਿਮਨੀ ਟੁੱਟ ਗਈ ਉਸ ਵਿਚ ਮੇਰਾ ਕੋਈ ਕਸੂਰ ਨਹੀਂ।

ਉਹ ਪਹਿਲਾਂ ਹੀ ਤਿੜਕੀ ਹੋਈ ਸੀ। ਹੋਰ, ਇਹ ਤਾਂ ਤੁਸੀਂ ਜਾਣਦੇ ਹੀ ਹੋ, ਭਗਵਾਨ ਮੈਂ ਵਿਹਲਾ ਤਾਂ ਕਦੀ ਬੈਠਿਆ ਨਹੀਂ। ਤੇ ਨਾਲੇ ਮੇਰੀ ਭੈਣ ਸ਼ਾਂਤੀ ਨੂੰ ਰਾਜ਼ੀ-ਬਾਜ਼ੀ ਰੱਖਿਓ। ਮੇਰੇ ਭਰਾ ਅਮੀਚੰਦ ਨੂੰ ਵੀ ਰਾਜ਼ੀ ਰੱਖਣਾ।.........

ਤੁਲਸੀ ਦੀ ਇਸ ਪ੍ਰਾਰਥਨਾ ਨੂੰ ਸੁਣਕੇ ਵਿੱਦਿਆ ਭੈਣ ਨੂੰ ਹਾਸੀ ਆਉਣ ਲੱਗੀ। ਇਸ ਵਾਸਤੇ ਉਹ ਸਭ ਤੋਂ ਪਹਿਲਾਂ ਭੱਜ ਕੇ ਗੁਸਲਖਾਨੇ 'ਚੋਂ ਨਿਕਲ ਆਈ। ਉਸਦੇ ਮਗਰ ਅਸੀਂ ਵੀ ਭੱਜ ਕੇ ਕਮਰੇ 'ਚ ਆ ਗਏ!

ਇਸ ਮਗਰੋਂ ਮੈਂ ਫਿਰ ਮੰਜੀ ਉਤੇ ਪੈ ਗਿਆ। ਹੁਣ ਮੈਂ ਪੁਰਾਣੇ ਕਮਰੇ ਚੋਂ ਮਾਂ ਦੇ ਬੋਲ ਸੁਣਦਾ ਹਾਂ, "ਹੁਣ ਪਹਿਲਾਂ ਵਾਲੀ ਗੱਲ ਤਾਂ ਨਹੀਂ ਹੈ, ਪਹਿਲਾਂ ਤਾਂ ਉਹ ਦੂਜਿਆਂ ਨੂੰ ਦੰਦੀਆਂ ਵੱਡਦਾ ਹੁੰਦਾ ਸੀ, ਹਰ ਰਾਹ ਜਾਂਦੇ ਨਾਲ ਲੜਾਈ ਮੁੱਲ ਲੈ ਲੈਂਦਾ ਸੀ। ਹੁਣ ਤਾਂ ਸਿਰਫ ਆਪਣੇ ਆਪ ਨੂੰ ਹੀ ਦੰਦੀਆਂ ਨਾਲ ਖਾਂਦਾ ਹੈ।"

ਤੇ ਫੇਰ ਇਹ ਆਖ ਮਾਂ ਹੱਸਣ ਲੱਗ ਪਈ। ਮੈਂ ਹਨੇਰੇ ਵਿੱਚ ਵੀ ਮਾਂ ਦੇ ਹਿਲਦੇ ਪੈਰ ਨੂੰ ਵੇਖ ਰਿਹਾ ਹਾਂ।

“ਆਰੀਆ ਸਮਾਜੀਆਂ ਦਾ ਰੰਗ ਉਸ ਉਤੇ ਚੜ੍ਹ ਰਿਹਾ ਹੈ ਕਿਉਂ ਠੀਕ ਨਹੀਂ ਭਾਈਆ ਜੀ?" ਇਹ ਆਖ ਮੇਰੀ ਭੂਆ ਵੀ ਹੱਸਣ ਲੱਗ ਪੈਂਦੀ ਹੈ।

0

ਲਗਦਾ ਇੰਜ ਹੈ ਜਿਵੇਂ ਇਕ ਯੁਗ ਬੀਤ ਗਿਆ ਹੋਵੇ। ਮੁਹੱਲੇ ਦੀਆਂ ਆਵਾਜ਼ਾਂ ਉਹੀ ਹਨ, ਪਰ ਹੁਣ ਇਹ ਫਿੱਕੀਆਂ ਪੈ ਗਈਆਂ ਹਨ। ਪਹਿਲਾਂ ਆਲੇ-ਦੁਆਲੇ ਦੀਆਂ ਚੀਜਾਂ ਬਹੁਤ ਵੱਡੀਆਂ ਲਗਦੀਆਂ ਹੁੰਦੀਆਂ ਸਨ, ਹੁਣ ਇਹ ਜਿਵੇਂ ਸੁੰਗੜ ਕੇ ਬਹੁਤ ਛੋਟੀਆਂ ਹੋ ਗਈਆਂ ਹੋਣ ਜਿਵੇਂ ਘਰ ਦੀ ਚਾਰ ਦੀਵਾਰੀ ਢਹਿ ਢੇਰੀ ਹੋ ਗਈ ਹੋਵੇ। ਜਿਨ੍ਹਾਂ ਨਾਲ ਚਿਪਕਿਆ ਹੋਇਆ ਮੈਂ ਗਲੀ ਮੁਹੱਲੇ ਦੇ ਜੀਵਨ ਨੂੰ ਵੇਖਿਆ ਕਰਦਾ ਸਾਂ। ਹੁਣ ਤਾਂ ਉਹ ਝਰੋਖੇ ਵੀ ਟੁੱਟ ਗਏ ਜਾਪਦੇ ਹਨ। ਮੈਂ ਹੁਣ ਘਰ ਦੀ ਵਲਗਣ ਤੋਂ ਬਾਹਰ ਆ ਗਿਆ ਹਾਂ, ਘਰ ਤੋਂ ਬਾਹਰਲੀ ਹਰ ਇਕ ਚੀਜ਼ ਮੈਨੂੰ ਸੱਪ ਦੀਆਂ ਨਿੱਕੀਆਂ ਤੇ ਆਕਰਸ਼ਕ ਅੱਖਾਂ ਵਾਂਗ ਮੱਲੋ ਮੱਲੀ ਆਪਣੇ ਵੱਲ ਖਿੱਚ ਰਹੀ ਹੈ। ਲਗਦਾ ਹੈ ਜਿਵੇਂ ਬਾਹਰ ਦੀ ਦੁਨੀਆਂ ਦੀ

ਝਲਕ ਪਾਉਂਦਿਆਂ ਹੀ ਮੈਂ ਸ਼ੂਟ ਲਾ ਕੇ ਭੱਜਣ ਲੱਗ ਪਿਆ ਹੋਵਾਂ ਜਿਵੇਂ ਯਾਦਾਂ ਦਾ ਹੜ੍ਹ ਜਿਹਾ ਆ ਗਿਆ ਹੋਵੇ।...

ਨੀਲੇ, ਹਰੇ ਅਤੇ ਲਾਲ ਰੰਗ ਦੇ ਸ਼ੀਸ਼ਿਆਂ ਨਾਲ ਜੜੇ ਛੱਜੇ ਵਾਲੇ ਘਰ ਦੇ ਹੇਠਾਂ ਇਕ ਟਾਂਗਾ ਖੜ੍ਹਾ ਹੈ, ਹੁਣੇ ਉਸ ਤਾਂਗੇ ਵਿਚ ਬੁਰਕੇ ਵਾਲੀਆਂ ਦੋ ਔਰਤਾਂ ਬੈਠੀਆਂ ਹਨ ਅਤੇ ਟਾਂਗਾ ਸਾਡੇ ਘਰ ਵੱਲ ਆ ਰਿਹਾ ਹੈ। ਅਤਰ ਸਿੰਘ ਹਲਵਾਈ ਦੀ ਦੁਕਾਨ ਦੇ ਸਾਹਮਣਿਓਂ ਮੈਂ ਛੜੱਪਾ ਮਾਰ ਕੇ ਟਾਂਗੇ ਦੇ ਪਾਏਦਾਨ ਉਤੇ ਚੜ੍ਹ ਗਿਆ। ਪਾਏਦਾਨ ਉੱਤੇ ਬੋਝ ਪੈਂਦਾ ਵੇਖ ਟਾਂਗੇ ਵਾਲੇ ਨੇ ਛਾਂਟਾ ਪਿੱਛੇ ਵੱਲ ਘੁੰਮਾ ਦਿੱਤਾ। ਮੇਰੀ ਪਿੱਠ ਉਤੇ ਤੇਜ਼ ਤੱਤੀ ਲਾਸ ਪੈ ਗਈ, ਅਤੇ ਮੇਰਾ ਸਾਰਾ ਸਰੀਰ ਮੱਚਣ ਲੱਗ ਪਿਆ। ਛਾਂਟਾ ਮੇਰੇ ਸੱਜੇ ਕੰਨ ਉਤੇ ਵੀ ਲੱਗਿਆ ਸੀ, ਪਰ ਮੈਂ ਅਜੇ ਵੀ ਪਾਏਦਾਨ ਉੱਤੇ ਹੀ ਡਟਿਆ ਹੋਇਆ ਹਾਂ। ਟਾਂਗੇ ਵਾਲਾ ਦੂਜੀ ਵਾਰ ਛਾਂਟਾ ਮਾਰਨ ਤੋਂ ਪਹਿਲਾਂ ਪਿੱਛੇ ਵਲ ਵੇਖਦਾ ਹੈ, "ਉਹੋ ਇਹ ਤਾਂ ਬਾਬੂ ਦਾ ਬੇਟਾ ਹੈ।" ਅਤੇ ਫਿਰ ਮੂੰਹ ਅੱਗੇ ਕਰਕੇ ਸਾਹਮਣੇ ਵੇਖਣ ਲਗਦਾ ਹੈ। ਨਵੀਆਂ ਨਵੀਆਂ ਸੜਕਾਂ ਉਤੇ ਟਾਂਗਾ ਭੱਜਿਆ ਜਾ ਰਿਹਾ ਹੈ। ਘਰ, ਛੱਤਾਂ, ਰੱਸੀਆਂ ਉੱਤੇ ਟੰਗੇ ਕੱਪੜੇ, ਸੜਕਾਂ ਉਤੇ ਅਣਗਿਣਤ ਲੋਕ, ਗੱਲ ਕੀ ਹਰ ਮੋੜ ਉਤੇ ਦ੍ਰਿਸ਼ ਬਦਲ ਜਾਂਦਾ ਹੈ, ਕਦੇ ਮਕਾਨ ਉੱਚੇ ਹੋ ਜਾਂਦੇ ਹਨ ਤੇ ਕਦੇ ਛੋਟੇ ਜਿਹੇ ਬਣ ਜਾਂਦੇ ਹਨ। ਹਰ ਰੋਜ਼ ਮੈਂ ਕਿਸੇ ਨਾ ਕਿਸੇ ਟਾਂਗੇ ਦੇ ਪਾਏਦਾਨ ਉਤੇ ਛੜੱਪਾ ਮਾਰਕੇ ਚੜ੍ਹ ਜਾਂਦਾ ਅਤੇ ਸ਼ਹਿਰ ਦੇ ਕਿਸੇ ਨਾ ਕਿਸੇ ਹਿੱਸੇ ਦੀ ਸੈਰ ਕਰ ਆਉਂਦਾ।

ਵਰਖਾ ਰੁੱਤ ਦੀ ਮੋਹਲੇਧਾਰ ਬਾਰਸ਼ ਹੋ ਰਹੀ ਹੈ।... ਮੈਂ ਅਤੇ ਮੇਰਾ ਭਾਈ ਲੰਗੋਟ ਪਾਈ, ਮੀਂਹ 'ਚ ਭੱਜਦੇ ਅਤੇ ਭਿਜਦੇ ਲੁੰਡਾ ਬਾਜ਼ਾਰ ਤੱਕ ਜਾ ਪੁੱਜੇ। ਗਲੀਆਂ ਦੀਆਂ ਨਾਲੀਆਂ ਅਤੇ ਸੜਕ ਦਾ ਵੱਡਾ ਨਾਲਾ ਮਟਮੈਲੇ ਲਾਲ ਪਾਣੀ ਨਾਲ ਪੂਰੀ ਤਰ੍ਹਾਂ ਭਰ ਗਿਆ।

ਮੈਂ 'ਲਾਲੂ' ਘੋੜੇ ਦੀ ਪਿੱਠ ਉਤੇ ਬੈਠਾ ਹਾਂ ਅਤੇ ਮੇਰਾ ਭਰਾ ਨਾਲ ਨਾਲ ਚੱਲ ਰਿਹਾ ਹੈ। ਅਸੀਂ ਸ਼ਹਿਰ ਤੋਂ ਬਾਹਰ, ਗੁਰੂਕੁਲ 'ਚ ਪੜ੍ਹਨ ਲਈ ਜਾ ਰਹੇ ਹਾਂ। ਜਦੋਂ ਘਰ ਖਤਮ ਹੋ ਜਾਣਗੇ ਤਾਂ ਇਕ-ਦਮ ਲੰਮੇ-ਚੌੜੇ ਖੇਤ ਆ ਜਾਣਗੇ ਜਿਹੜੇ ਦੂਰ ਪਹਾੜ ਤੱਕ ਫੈਲੇ ਹੋਏ

ਹਨ। ਤੁਲਸੀ ਪੱਗ ਬੰਨ੍ਹੀ ਪਿਤਾ ਜੀ ਵਾਲਾ ਲੰਮਾ ਕੋਟ ਪਾਈ ਸਾਡੇ ਬਸਤੇ ਚੁੱਕੀ ਸਾਡੇ ਨਾਲ ਜਾ ਰਿਹਾ ਹੈ। ਜਦ ਸ਼ਹਿਰ ਦਾ ਆਖਰੀ ਘਰ ਆ ਗਿਆ ਤਾਂ ਤੁਲਸੀ ਖੜ੍ਹ ਗਿਆ। ਹੁਣ ਉਹ ਘੋੜੇ ਦੀ ਲਗਾਮ ਫੜ੍ਹਕੇ ਮੈਨੂੰ ਉਤਾਰ ਰਿਹਾ ਹੈ। ਹੁਣ ਮੇਰੇ ਭਾਈ ਦੀ ਵਾਰੀ ਹੈ, ਹੁਣ ਉਹ ਘੋੜੇ ਉਤੇ ਬੈਠੇਗਾ ਅਤੇ ਮੈਂ ਗੁਰੂਕੁਲ ਤੱਕ ਉਸ ਦੇ ਨਾਲ ਨਾਲ ਪੈਦਲ ਚੱਲਾਂਗਾ। ਗੁਰੂਕੁਲ ਦੇ ਸਭ ਤੋਂ ਹੇਠਲੇ ਹਨੇਰੇ ਕਮਰੇ ਵਿਚ ਇਕ ਬਹੁਤ ਵੱਡਾ ਜਾਨਵਰ ਹੈ। ਤੁਲਸੀ ਨੇ ਦਸਿਆ ਕਿ ਉਹ ਮੋਰ ਹੈ ਜਿਹੜਾ ਹੌਲੀ ਹੌਲੀ ਮਰ ਰਿਹਾ ਹੈ। ਤੁਲਸੀ ਬ੍ਰਹਮਚਾਰੀਆਂ ਨਾਲ ਬੈਠਾ ਚਣੇ ਅਤੇ ਗੁੜ ਖਾ ਰਿਹਾ ਹੈ ਅਤੇ ਅਸ਼ਟਾਧਿਆਈ ਦੇ ਸੂਤਰ ਵੀ ਬੋਲ ਰਿਹਾ ਹੈ। ਛੁੱਟੀ ਹੋਣ ਮਗਰੋਂ ਉਹ ਉਨ੍ਹਾਂ ਨਾਲ ਮਿਲਕੇ ਡੰਡ ਕੱਢਦਾ ਹੈ।

ਸੜਕ ਉਤੇ ਗੁੱਲੀ ਡੰਡਾ ਖੇਡਦਿਆਂ ਸਾਨੂੰ ਇਕ-ਦਮ ਰੌਲਾ ਸੁਣਾਈ ਦਿੰਦਾ ਹੈ। ਇਹ ਕਿਸੇ ਔਰਤ ਦੀ ਆਵਾਜ਼ ਹੈ ਜਿਹੜੀ ਗਲੀ ਵਲੋਂ ਆ ਰਹੀ ਹੈ, "ਲੋਕੋ ਮੈਂ ਮਾਰੀ ਗਈ, ਮੈਨੂੰ ਬਚਾਓ, ਲੋਕ, ਮੈਂ ਮਾਰੀ ਗਈ।”

ਰੌਲਾ ਸੁਣਕੇ ਅਸੀਂ ਗਲੀ ਵਲ ਭੱਜ ਪਏ। ਮਨੋਹਰ ਦੇ ਘਰ ਦੀ ਕੰਧ ਕੱਚੀ ਹੈ, ਅਤੇ ਉਸ ਉਤੇ ਬਹੁਤ ਸਾਰੇ ਮੁਸਲਮਾਨ ਮੁੰਡੇ ਪਹਿਲਾਂ ਹੀ ਬੈਠੇ ਹਨ। ਉਸੇ ਕੰਧ ਦੇ ਪਿਛੋਂ ਔਰਤ ਦੇ ਚੀਕ-ਚਿਹਾੜੇ ਦੀ ਆਵਾਜ ਆ ਰਹੀ ਹੈ। ਮੈਂ ਵੀ ਕੰਧ ਉਤੇ ਚੜ੍ਹਨ ਲਈ, ਜ਼ਮੀਨ ਉਤੇ ਲਗੇ ਇੱਟਾਂ ਦੇ ਢੇਰ ਉਤੇ ਖੜ੍ਹਾ ਹੁੰਦਾ ਹਾਂ। ਇਕ ਔਰਤ ਜਮੀਨ ਉਤੇ ਪਈ ਹੈ। ਉਹ ਮਨੋਹਰ ਦੀ ਨਵੀਂ ਮਾਂ ਹੈ-ਮਨੋਹਰ ਦਾ ਬਾਪੂ ਉਸਦੀ ਛਾਤੀ ਉਤੇ ਬੈਠਾ ਹੈ ਅਤੇ ਉਸਨੂੰ ਮੁੱਕੇ ਮਾਰ ਰਿਹਾ ਹੈ। ਛਾਤੀ ਕੋਲੋਂ ਔਰਤ ਦੀ ਕੁੜਤੀ ਪਾਟ ਗਈ।

"ਲੋਕੋ ਮੈਂ ਮਾਰੀ ਗਈ, ਮੈਨੂੰ ਬਚਾਓ।"

ਕੋਲ ਹੀ ਜ਼ਮੀਨ ਤੇ ਇਕ ਗੜਵੀ ਪਈ ਹੈ। ਮਨੋਹਰ ਦਾ ਬਾਪ ਅੱਗੇ ਹੋ ਕੇ ਉਸ ਗੜਵੀ ਨੂੰ ਚੁੱਕ ਕੇ ਔਰਤ ਦੇ ਸਿਰ ਤੇ ਮਾਰਦਾ ਹੈ। ਉਹ ਜ਼ੋਰ ਜ਼ੋਰ ਨਾਲ ਆਪਣਾ ਸਿਰ ਹਿਲਾਉਂਦੀ ਹੈ। ਮੈਨੂੰ ਉਸ ਦਾ ਚਿਹਰਾ ਨਹੀਂ ਦਿਸਦਾ ਕਾਲਾ ਲਾਲ ਜਿਹਾ ਪਾਣੀ ਉਸਦੇ ਸਿਰ ਦੇ ਵਾਲਾਂ 'ਚੋਂ ਨਿਕਲਕੇ ਜ਼ਮੀਨ ਉੱਤੇ ਡਿੱਗ ਰਿਹਾ ਹੈ। ਔਰਤ ਦਾ ਚੀਕ-ਚਿਹਾੜਾ ਹੁਣ ਬੰਦ ਹੈ, ਹੁਣ ਤਾਂ ਸਿਰਫ ਉਹ ਜ਼ੋਰ ਜ਼ੋਰ ਦੀ ਹਿਲਦੀ ਹੀ ਹੈ। ਕੋਈ ਆਦਮੀ ਜ਼ੋਰ ਜ਼ੋਰ

ਨਾਲ ਗਲੀ ਦਾ ਦਰਵਾਜ਼ਾ ਖੜਕਾ ਰਿਹਾ ਹੈ, “ਦਰਵਾਜ਼ਾ ਖੋਲੋ ਬਿਸ਼ਨਦਾਸ ਜੀ, ਦਰਵਾਜ਼ਾ ਖੋਲੋ!" ……ਮੇਰੀ ਮਾਂ ਦੀ ਆਵਾਜ਼ ਹੈ। ਮਾਂ ਦਰਵਾਜ਼ਾ ਖੜਕਾਈ ਜਾ ਰਹੀ ਹੈ।

"ਮਨੋਹਰ ਬਾਦ 'ਚ ਸਾਨੂੰ ਸਮਝਾ ਰਿਹਾ ਹੈ, "ਸਾਡੀ ਨਵੀਂ ਮਾਂ ਬਦਮਾਸ਼ ਹੈ, ਇਸੇ ਕਰਕੇ ਮੇਰਾ ਬਾਪੂ ਉਹਨੂੰ ਮਾਰਦਾ ਹੈ।”

ਬ੍ਰਹਮਚਾਰੀਆਂ ਦੀ ਪੰਗਤੀ, ਪੀਲੇ ਰੰਗ ਦੀਆਂ ਧੋਤੀਆਂ ਬੰਨ੍ਹੀ, ਆਰੀਆ ਸਮਾਜ-ਮੰਦਰ 'ਚ ਬੈਠੀ ਹੈ। ਮੇਰਾ ਵੱਡਾ ਭਰਾ ਵੀ ਪੀਲੀ ਧੋਤੀ ਬੰਨ੍ਹੀ ਸੁਆਮੀ ਜੀ ਕੋਲ ਬੈਠਾ ਹੈ ਸੁਆਮੀ ਜੀ ਜਦ ਤੁਰਦੇ ਹਨ ਤਾਂ ਧਰਤੀ ਹਿਲਦੀ ਹੈ, ਦਰਅਸਲ ਸੱਚਾ ਬ੍ਰਹਮਚਾਰੀ ਜਦੋਂ ਤੁਰਦਾ ਹੈ ਤਾਂ ਧਰਤੀ ਕੰਬ ਹੀ ਪੈਂਦੀ ਹੈ। ਭਰਾ ਦੀ ਲੱਤ ਨੰਗੀ ਹੋ ਰਹੀ ਹੈ, ਉਸ ਉਤੋਂ ਧੋਤੀ ਪਰੇ ਹੋ ਗਈ ਹੈ। ਸੁਆਮੀ ਜੀ ਧੋਤੀ ਦਾ ਪੱਲਾ ਚੁੱਕ ਉਸਨੂੰ ਢੱਕ ਦਿੰਦੇ ਹਨ। ਮੈਨੂੰ ਪੀਲੀ ਧੋਤੀ ਬੰਨ੍ਹਣ ਲਈ ਨਹੀਂ ਦਿੱਤੀ ਗਈ। ਇਸ ਗੱਲ ਤੇ ਮੈਨੂੰ ਮੁੜ ਮੁੜ ਰੋਣਾ ਆ ਰਿਹਾ ਹੈ। ਗੱਚ ਭਰ ਆਉਂਦਾ ਹੈ। ਆਰੀਆ-ਸਮਾਜ ਦੇ ਉੱਪਰ ਵਾਲੀ ਛੱਤ ਉੱਤੇ ਬ੍ਰਹਮਚਾਰੀ ਰਹਿੰਦੇ ਹਨ। ਮੈਂ ਚੁੱਪ-ਚੁਪਾਤੇ ਉਪਰ ਜਾ ਪਹੁੰਚਦਾ ਹਾਂ, ਅਤੇ ਕਿਸੇ ਬ੍ਰਹਮਚਾਰੀ ਦੀ ਅਲਮਾਰੀ 'ਚੋਂ ਪੀਲੇ ਰੰਗ ਦੀ ਧੋਤੀ ਕੱਢ ਕੇ ਬੰਨ੍ਹਣ ਲੱਗ ਪੈਂਦਾ ਹਾਂ। ਮੈਂ ਧੋਤੀ ਨੂੰ ਟੰਗਾਂ ਦੇ ਆਲੇ-ਦੁਆਲੇ ਲਪੇਟਦਾ ਹਾਂ ਅਤੇ ਲਪੇਟੀ ਹੀ ਜਾਂਦਾ ਹਾਂ, ਕਿਉਂਕਿ ਮੈਨੂੰ ਧੋਤੀ ਬੰਨ੍ਹਣੀ ਨਹੀਂ ਆਉਂਦੀ। ਇਸ ਮਗਰੋਂ ਮੈਂ ਧੋਤੀ ਉਤਾਰ ਦਿੰਦਾ ਹਾਂ, ਉਸਦੀ ਤਹਿ ਮਾਰਦਾ ਹਾਂ ਅਤੇ ਆਖਰ ਉਥੇ ਖੜ੍ਹਾ ਖੜੋਤਾ ਹਾਉਕੇ ਭਰਨ ਲੱਗ ਪੈਂਦਾ ਹਾਂ। ਹੇਠੋਂ ਸ਼ਾਤੀ ਪਾਠ ਪੜ੍ਹੇ ਜਾਣ ਦੀ ਆਵਾਜ਼ ਆ ਰਹੀ ਹੈ।......

ਅੱਜ ਸਾਡੇ ਘਰ ਵਿਚ ਜਨੇਊ-ਪਹਿਨਾਉਣ ਦਾ ਸੰਸਕਾਰ ਸੰਪੰਨ ਹੋਣਾ ਹੈ, ਇਸ ਕਰਕੇ ਮੈਂ ਪੀਲੀ ਧੋਤੀ ਪਾਈ ਹੋਈ ਹੈ। ਸਾਡੇ ਘਰ ਦਾ ਵਿਹੜਾ ਲੋਕਾਂ ਨਾਲ ਭਰਿਆ ਪਿਆ ਹੈ। ਨਹਾਉਣ ਤੋਂ ਪਹਿਲਾਂ ਮੈਨੂੰ ਹਜ਼ਾਮਤ ਕਰਵਾਉਣ ਲਈ, ਨਾਈ ਸਾਹਮਣੇ ਗਰਦਨ ਝੁਕਾ ਕੇ ਬਹੁਤ ਦੇਰ ਤੱਕ ਬੈਠਣਾ ਪਿਆ ਜਿਸ ਕਾਰਣ ਮੇਰੀ ਪਿੱਠ 'ਚ ਦਰਦ ਹੋ ਰਿਹਾ ਹੈ। ਦੋ ਇਕ ਥਾਵਾਂ ਤੋਂ ਉਸਤਰੇ ਨਾਲ ਮੇਰੀ ਖੋਪੜੀ ਛਿੱਲੀ ਗਈ, ਉਥੇ ਥੋੜ੍ਹੀ ਥੋੜ੍ਹੀ ਜਲਨ ਜਿਹੀ

ਹੋ ਰਹੀ ਹੈ, ਪਰ ਫੇਰ ਵੀ ਮੈਂ ਖੁਸ਼ ਹਾਂ। ਮੈਂ ਚੋਰੀ ਚੋਰੀ ਆਪਣੀ ਟੋਟਨੀ ਉੱਤੇ ਹੱਥ ਫੇਰ ਲੈਂਦਾ ਹਾਂ। ਹੁਣ ਤਾਂ ਮੇਰਾ ਬੋਦਾ ਵਾਹਵਾ ਮੋਟਾ ਹੈ। ਮੇਰੇ ਭਰਾ ਦਾ ਸਿਰ ਵੀ ਮੁੰਨਿਆ ਹੋਇਆ ਹੈ ਅਤੇ ਉਸਦਾ ਬੋਦਾ ਵੀ ਮੋਟਾ ਹੈ। ਵਿਹੜੇ 'ਚ ਬੈਠੇ ਲੋਕਾਂ ਦੇ ਵਿਚ ਵਿਚਕਾਰ ਅਸੀਂ ਪੀਲੀਆਂ ਧੋਤੀਆਂ ਬੰਨ੍ਹੀ, ਹੱਥਾਂ ਵਿਚ ਸਫੈਦ ਕਪੜੇ ਦੇ ਤਿਕੋਨ ਰੁਮਾਲ, ਜਿਨ੍ਹਾਂ ਨੂੰ ਗੱਠਾਂ ਦੇ ਕੇ ਕੌਲੀਆਂ ਜਹੀਆਂ ਬਣਾ ਦਿੱਤਾ ਹੈ, ਫੜੀ ਹੌਲੀ ਹੌਲੀ ਅੱਗੇ ਵੱਧ ਰਹੇ ਹਾਂ। ਇਕ ਆਦਮੀ ਦੇ ਸਾਹਮਣੇ ਖੜ੍ਹਾ ਹੋ ਕੇ ਮੈਂ ਕਹਿੰਦਾ ਹਾਂ, "ਭਿੱਖਿਆ ਦੇਵੋ!’ ਉਹ ਸੱਜਣ ਰੁਮਾਲ ਦੀ ਕੋਲੀ ਜਹੀ 'ਚ ਆਨਾ, ਦੁਆਨੀ, ਹੋਰ ਸਿੱਕਾ ਜਾਂ ਫਿਰ ਇਕ-ਦੋ ਦਾ ਨੋਟ ਪਾ ਦਿੰਦਾ ਹੈ। ਮੈਂ ਅੱਗੇ ਵੱਧ ਜਾਂਦਾ ਹਾਂ।

"ਭਿੱਖਿਆ ਦੇਵੋ!”

ਪੀਲੀ ਧੋਤੀ ਮੈਥੋਂ ਸੰਭਾਲਿਆਂ ਸੰਭਲਦੀ ਨਹੀਂ।

ਹਵਨ-ਕੁੰਡ ਕੋਲ ਬੈਠੇ ਸਾਡੇ ਪੰਡਤ ਜੀ ਟਿਕਟਿਕੀ ਲਾਈ ਸਾਡੇ ਵੱਲ ਵੇਖੀ ਜਾ ਰਹੇ ਹਨ।

ਅਸੀਂ ਹੁਣ ਇਕੱਠ 'ਚ ਆਪਣਾ ਰਾਹ ਬਣਾਉਂਦੇ ਵਾਪਸ ਆ ਰਹੇ ਹਾਂ ਅਤੇ ਦੋਵੇਂ ਰੁਮਾਲ ਆਪਣੇ ਗੁਰੂ ਜੀ ਦੇ ਸਾਹਮਣੇ ਰੱਖ ਦਿੰਦੇ ਹਾਂ। "ਇਹ ਗੁਰੂ ਦੱਛਣਾ ਹੈ।" ਇਕ ਆਰੀਆ-ਸਮਾਜੀ ਦੂਜੇ ਆਰੀਆ-ਸਮਾਜੀ ਨੂੰ ਕਹਿੰਦਾ ਹੈ। "ਬ੍ਰਹਮਚਾਰੀ ਜੋ ਕੁਝ ਲੈ ਕੇ ਆਉਣਗੇ, ਸਭ ਤੋਂ ਪਹਿਲਾਂ ਗੁਰੂ ਦੇ ਚਰਣਾਂ 'ਚ ਰੱਖਣਗੇ। ਇਹ ਹੀ ਪੁਰਾਣੀ ਪ੍ਰਥਾ ਹੈ। ਕਿੰਨੀ ਸੁੰਦਰ ਪ੍ਰਥਾ ਹੈ।”

ਪਰ ਜਦੋਂ ਸਾਰੇ ਆਪਣੇ ਘਰੋ ਘਰੀ ਟੁਰ ਗਏ, ਮਾਂ ਅਤੇ ਪਿਤਾ ਜੀ ਵਿਚਕਾਰ ਝਗੜਾ ਹੋ ਗਿਆ, ਟੁੱਟ ਪੈਣਾ ਸਾਰੇ ਦੇ ਸਾਰੇ ਪੈਸੇ ਲੈ ਕੇ ਟੁਰ ਗਿਆ। ਤੁਸੀਂ ਮੂੰਹ ਵੇਖਦੇ ਰਹਿ ਗਏ ਉਸ ਨੂੰ ਰੋਕਿਆ ਤੱਕ ਨਹੀਂ।"

"ਗੁਰੂ ਦੱਛਣਾ ਉਤੇ ਗੁਰੂ ਦਾ ਹੀ ਹੱਕ ਹੁੰਦਾ ਹੈ।" ਪਿਤਾ ਜੀ ਸ਼ਾਂਤ-ਭਾਵ ਨਾਲ ਆਖ ਰਹੇ ਹਨ।

"ਕੀ ਹੱਕ ਹੁੰਦੈ, ਮੈਨੂੰ ਦੱਸੋ ਤਾਂ ਸਹੀ ਅਚਾਰ ਜੀ- ਪੰਡਤ ਸਾਰੇ ਅੱਠ ਅੱਠ ਆਨੇ ਲੈਂਦੇ ਹਨ। ਤੁਸੀਂ ਆਰੀਆ-ਸਮਾਜੀ ਲੋਕਾਂ ਨੂੰ ਨਵੇਂ ਚਾਲੇ ਸਿਖਾਉਂਦੇ ਹੋ। ਪਤਾ ਨਹੀਂ ਪੰਜਾਹ ਡੁੱਕ ਗਿਆ ਜਾਂ ਸੌ। ਪੂਰੇ ਦੇ ਪੂਰੇ ਦੋਵੇਂ ਰੁਮਾਲ ਜੇਬਾਂ 'ਚ ਤੁੰਨ ਕੇ ਲੈ ਗਿਆ ਲੋਕਾਂ ਨੇ ਤਾਂ ਸ਼ਰਮ ਹੀ ਵੇਚ ਖਾਧੀ ਹੈ। ਮੈਂ ਤਾਂ ਮਰਜਾਣੇ ਤੋਂ ਪੂਰੇ-ਦੇ ਪੂਰੇ ਪੈਸੇ ਵਾਪਸ ਲਵਾਂਗੀ। ਜਾਵੇਗਾ ਕਿੱਥੇ!" ਅਸੀਂ ਅਜੇ ਵੀ ਪੀਲੀਆਂ ਧੋਤੀਆਂ ਪਾਈ, ਦਬੇ-ਘੁੱਟੇ ਕੰਧ ਨਾਲ ਲੱਗੇ ਖੜ੍ਹੇ ਹਾਂ। ਪਿਤਾ ਜੀ ਪਿੱਠ ਉਤੇ ਹੱਥ ਰੱਖੀ ਵਿਹੜੇ 'ਚ ਘੁੰਮ ਰਹੇ ਹਨ।

"ਹੁਣ ਤਾਂ ਜਿਹੜੇ ਲੈ ਗਿਆ, ਸੋ ਲੈ ਗਿਆ, ਹੁਣ ਕੀ ਹੋ ਸਕਦੈ।"

ਪਿਤਾ ਜੀ ਨੇ ਹੌਲੀ ਜਿਹੇ ਆਖਿਆ ਇਹ ਗੱਲ ਸੁਣਕੇ ਮਾਂ ਹੋਰ ਵੀ ਗੁੱਸੇ ਨਾਲ ਬੋਲਦੀ ਹੈ "ਤੁਸੀਂ ਹੀ ਉਸ ਨੂੰ ਜਾਣ ਦਿੱਤਾ। ਉਹ ਤੁਹਾਡੇ ਕੋਲੋਂ ਹੀ ਗਿਆ ਤੇ ਤੁਸੀਂ ਵੇਖਦੇ ਹੀ ਰਹੇ। ਮੈਂ ਤਾਂ ਉਸ ਵੇਲੇ ਰਸੋਈ 'ਚ ਸੀ। ਮੁਸ਼ਟੰਡਿਆਂ ਨੂੰ ਕੜਾਹ ਖੁਆ ਰਹੀ ਸੀ..."

"ਕੀ ਬਕਵਾਸ ਮਾਰ ਰਹੀ ਹੈਂ?" ਪਿਤਾ ਜੀ ਕਹਿੰਦੇ ਹੋਏ ਕਮਰੇ ਵਿਚਕਾਰ ਹੀ ਰੁਕ ਗਏ। ਰੱਬ ਦਾ ਸ਼ੁਕਰ ਨਹੀਂ ਕਰਦੀ ਕਿ ਇਹ ਦਿਨ ਆਇਐ, ਤੇਰੇ ਪੁੱਤਰਾਂ ਨੂੰ ਜਨੇਊ ਪਹਿਨਾਏ ਗਏ। ਪੰਡਤ ਕੀ ਤੇਰੀ ਜੇਬ 'ਚੋਂ ਪੈਸੇ ਲੈ ਗਿਆ? ਲੋਕਾਂ ਦੇ ਹੀ ਤਾਂ ਪੈਸੇ ਸਨ, ਉਹਨਾਂ ਨੇ ਇਹ ਦਾਨ ਕੀਤੇ ਸਨ। ਅਜਿਹੇ ਦਿਨ ਸ਼ੁਭ-ਸ਼ੁਭ ਬੋਲਦੇ ਹਨ, ਤੇਰੇ ਪੁੱਤ ਸਲਾਮਤ ਰਹਿਣ।"

ਮਾਂ ਇਕ-ਦਮ ਸਹਿਮ ਕੇ ਚੁੱਪ ਹੋ ਜਾਂਦੀ ਹੈ। ਬੁੱਤ ਜਹੀ ਬਣੀ ਬੈਠੀ ਰਹਿੰਦੀ ਹੈ। ਹੌਲੀ ਹੌਲੀ ਮਾਂ ਦਾ ਚਿਹਰਾ ਘਬਰਾਇਆ ਅਤੇ ਦੁਖੀ ਜਿਹਾ ਹੋਇਆ ਲਗਦਾ ਹੈ। ਸਗਨ-ਕੁਸ਼ਗਨ ਦੀ ਗੱਲ ਅੱਜ ਪਿਤਾ ਜੀ ਕਿਵੇਂ ਕਹਿ ਰਹੇ ਹਨ। ਉਹ ਤਾਂ ਇਹਨਾਂ ਗੱਲਾਂ ਨੂੰ ਅੰਧ-ਵਿਸ਼ਵਾਸ ਕਿਹਾ ਕਰਦੇ ਸਨ। ਕੀ ਮਾਂ ਨੂੰ ਚੁਪ ਕਰਾਉਣ ਲਈ ਹੀ ਪਿਤਾ ਜੀ ਸਾਡੀ ਸਿਹਤ ਸਲਾਮਤੀ ਦਾ ਵਾਸਤਾ ਪਾ ਰਹੇ ਹਨ?

ਪੌੜੀਆਂ ਤੋਂ ਪੈਰਾਂ ਦੀ ਆਵਾਜ਼ ਆ ਰਹੀ ਹੈ। ਤੁਲਸੀ ਪੰਡਤ ਜੀ ਨੂੰ ਰਾਹ `ਚੋਂ ਹੀ ਫੜ ਲੈ ਆਇਆ ਹੈ, ਮਾਂ ਅਜੇ ਵੀ ਚੁੱਪ ਬੈਠੀ ਹੈ। ਵਿਹੜਾ ਪਾਰ ਕਰਕੇ ਦੋਵੇਂ ਦੇਹਲੀ ਉਤੇ

ਆ ਕੇ ਖੜੇ ਹੋ ਜਾਂਦੇ ਹਨ। ਮਾਂ ਉਥੋਂ ਹੀ ਹੱਥ ਜੋੜਕੇ ਕਹਿੰਦੀ ਹੈ। "ਪੰਡਤ ਜੀ ਤੁਸੀਂ ਭੋਜਨ ਕੀਤੇ ਬਿਨਾਂ ਹੀ ਚਲੇ ਗਏ। ਨਾ ਕੁਝ ਖਾਧਾ ਨਾ ਕੁਝ ਪੀਤਾ, ਸੁਚੇ ਮੂੰਹ ਹੀ ਚਲੇ ਗਏ। ਇੰਝ ਵੀ ਕਦੀ ਹੋਇਆ ਹੈ।"

"ਮਾਤਾ ਜੀ ਮੈਂ ਕੜਾਹ ਛਕ ਲਿਆ ਸੀ।"

"ਨਹੀਂ ਨਹੀਂ, ਭੋਜਨ ਕਰਕੇ ਜਾਣਾ, ਦੋਵੇਂ ਆਪ ਦੇ ਹੀ ਪੁੱਤਰ ਹਨ, ਗੁਰੂ, ਪਿਤਾ ਦੇ ਸਮਾਨ ਹੁੰਦਾ ਹੈ। ਤੁਲਸੀ ਪੰਡਤ ਜੀ ਲਈ ਆਸਣ ਵਿਛਾਓ, ਮੈਂ ਆਉਂਦੀ ਹਾਂ।"

"ਮੈਂ ਗੁਰੂਕੁਲ ਵਿਚ ਨਹੀਂ ਪੜ੍ਹਾਂਗਾ" ਮੇਰਾ ਵੱਡਾ ਭਰਾ ਆਖਦਾ ਹੈ।

"ਕਿਉਂ ਨਹੀਂ ਪੜ੍ਹੇਂਗਾ?" ਪਿਤਾ ਜੀ ਟਾਈਪ ਰਾਈਟਰ ਤੋਂ ਸਿਰ ਉਠਾ ਕੇ ਪੁੱਛਦੇ ਹਨ।

"ਮੈਂ ਉਥੇ ਨਹੀਂ ਪੜ੍ਹਣਾ, ਮੈਂ ਸਕੂਲ 'ਚ ਪੜ੍ਹਾਂਗਾ।" ਭਾਈ ਦਫਤਰ ਵਿਚ ਖੜ੍ਹਾ ਪਿਤਾ ਜੀ ਵੱਲ ਵੇਖਦਾ ਹੋਇਆ ਆਖ ਰਿਹਾ ਹੈ। ਮੈਂ ਇਸ ਤੋਂ ਪਹਿਲਾਂ ਆਪਣੇ ਭਰਾ ਨੂੰ ਅਜਿਹੇ ਰੂਪ 'ਚ ਕਦੇ ਨਹੀਂ ਸੀ ਵੇਖਿਆ ਉਸਦੀ ਠੋਡੀ ਅੱਗੇ ਨੂੰ ਵਧੀ ਹੋਈ ਹੈ ਅਤੇ ਉਹ ਟਿਕਟਿਕੀ ਲਾਈ ਪਿਤਾ ਜੀ ਵੱਲ ਵੇਖੀ ਜਾ ਰਿਹਾ ਹੈ ਅਤੇ ਉਹ ਬਿਲਕੁਲ ਅਡੋਲ ਖੜ੍ਹਾ ਹੈ। ਸਾਫ਼ ਤੌਰ ਤੇ ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ। ਇਸ ਨੂੰ ਪੀਲੀ ਧੋਤੀ ਮਿਲੀ ਹੈ, ਫੇਰ ਵੀ ਇਹ ਗੁਰੂਕੁਲ ਵਿਚ ਪੜ੍ਹਨਾ ਨਹੀਂ ਚਾਹੁੰਦਾ।

ਅਚਾਨਕ ਪਿਤਾ ਜੀ ਹੱਸਣ ਲੱਗ ਪਏ। ਪਿਤਾ ਜੀ ਜਦੋਂ ਹੱਸਦੇ ਹਨ ਤਾਂ ਗਰਦਨ ਝੁਕਾ ਲੈਂਦੇ ਹਨ ਤੇ ਇੰਜ ਉਨ੍ਹਾਂ ਦੀ ਠੋਡੀ ਗਰਦਨ ਨਾਲ ਲੱਗ ਜਾਂਦੀ ਹੈ। ਮੇਰਾ ਭਰਾ ਅਜੇ ਵੀ ਉਵੇਂ ਦਾ ਉਵੇਂ ਹੀ ਖੜ੍ਹਾ ਹੈ।

"ਨਾ ਪੜ੍ਹ ਜੇ ਨਹੀਂ ਪੜ੍ਹਨਾ ਚਾਹੁੰਦਾ। ਮੈਂ ਚਾਹੁੰਦਾ ਹਾਂ ਤੈਨੂੰ ਹਿੰਦੀ ਸੰਸਕ੍ਰਿਤ ਆਵੇ, ਉਹ ਮੈਂ ਤੈਨੂੰ ਘਰੇ ਹੀ ਪੜ੍ਹਵਾ ਲਵਾਂਗਾ। ਤੂੰ ਅਜੇ ਨਿੱਕਾ ਜਿਹਾ ਤਾਂ ਹੈਂ, ਹੁਣੇ ਤੋਂ ਮੈਨੂੰ ਅੱਖਾ ਵਿਖਾਉਣ ਲੱਗ ਪਿਆ।" ਅਤੇ ਪਿਤਾ ਜੀ ਫਿਰ ਹੱਸਣ ਲੱਗ ਪਏ ਅਤੇ ਹੁਣ ਫਿਰ ਉਨ੍ਹਾਂ ਦੀ

ਠੋਡੀ ਗਰਦਨ ਨੂੰ ਜਾ ਲੱਗੀ। ਇਸ ਮਗਰੋਂ ਉਹ ਕੁਰਸੀ ਤੋਂ ਉੱਠਕੇ ਸਾਡੇ ਕੋਲ ਆ ਜਾਂਦੇ ਹਨ, ਭਾਈ ਨੂੰ ਸੱਜੀ ਅਤੇ ਮੈਨੂੰ ਖੱਬੀ ਬਗਲ 'ਚ ਲੈ ਕੇ ਵਾਰੀ ਵਾਰੀ ਨਾਲ ਸਾਡਾ ਦੋਹਾਂ ਦਾ ਸਿਰ ਚੁੰਮਦੇ ਹਨ।

"ਤੂੰ ਮੇਰੀ ਸੱਜੀ ਅੱਖ ਹੈਂ ਅਤੇ ਇਹ ਮੇਰੀ ਖੱਬੀ ਹੈ।" ਕਹਿੰਦੇ ਹੋਏ ਉਹ ਸਾਡੀਆਂ ਪਿੱਠਾਂ ਉੱਤੇ ਹੱਥ ਫੇਰਦੇ ਹਨ।" ਤੇਰਾ ਮਨ ਗੁਰੂਕੁਲ ਤੋਂ ਉਚਾਟ ਹੋ ਗਿਆ ਹੈ। ਨਾ ਪੜ੍ਹੋ ਉਥੇ, ਤੁਸੀਂ ਸਕੂਲ 'ਚ ਪੜ੍ਹੋ ਅਤੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ।

0

ਮਾਂ, ਵੱਡੀ ਭੈਣ ਨੂੰ ਆਖ ਰਹੀ ਹੈ, “ਵਿੱਦਿਆ, ਕੋਠੇ ਉਤੇ ਜਾ, ਜਾਕੇ ਚਾਰ-ਪੰਜ ਪਾਥੀਆਂ ਚੁੱਕ ਲਿਆ।"

"ਮੈਂ ਨਹੀਂ ਜਾਂਦੀ, ਮਾਤਾ ਜੀ, ਤੁਲਸੀ ਨੂੰ ਭੇਜੋ।"

"ਨਹੀਂ ਜਾਂਦੀ, ਕੀ ਆਖਿਆ?" ਮਾਤਾ ਜੀ ਅਚਾਨਕ ਰੁਕ ਗਈ।

“ਮਾਤਾ ਜੀ, ਮੈਂ ਨਹੀਂ ਉੱਪਰ ਜਾਵਾਂਗੀ...." ਅਤੇ ਫਿਰ ਉਹ ਆਪਣੀ ਮਾਂ ਦੇ ਕੰਨ 'ਚ ਕੁਝ ਕਹਿੰਦੀ ਹੈ। ਉਹ ਹੁਣੇ ਹੀ ਛੱਤ ਤੋਂ ਉੱਤਰ ਕੇ ਆਈ ਹੈ। ਮੈਂ ਭੱਜਦਾ ਹੋਇਆ ਉਪਰ ਜਾਂਦਾ ਹਾਂ ਅਤੇ ਝਰੋਖੇ ਵਿਚੋਂ ਸੜਕ ਤੋਂ ਪਾਰ ਵਾਲੇ ਮਕਾਨ ਵੱਲ ਵੇਖਣ ਲਗਦਾ ਹਾਂ। ਘਰ ਦੀ ਛੱਤ ਉਤੇ ਘਰ ਦਾ ਮਾਲਕ ਪਜਾਮਾ ਉਤਾਰੀ ਨੰਗ-ਧੜੰਗਾ ਖੜ੍ਹਾ ਹੈ। ਜਦੋਂ ਵੀ ਭੈਣਾਂ ਛੱਤ ਉਤੇ ਜਾਂਦੀਆਂ ਹਨ ਉਹ ਕਪੜੇ ਉਤਾਰ ਦਿੰਦਾ ਹੈ। ਪੌੜੀਆਂ ਉਤੇ ਮਾਤਾ ਜੀ ਦੇ ਪੈਰਾਂ ਦੀ ਆਵਾਜ਼ ਹੈ। ਮਾਂ ਛੱਤ ਉਤੇ ਆਉਂਦਿਆ ਹੀ ਉਸ ਲਫੰਗੇ ਨੂੰ ਝਾੜਾਂ ਪਾਉਣ ਲੱਗੇਗੀ। ਪਰ ਉਹ ਤਾਂ ਮਾਂ ਨੂੰ ਵੇਖਦੇ ਹੀ ਹੇਠਾਂ ਉੱਤਰ ਗਿਆ।

‘‘ਸਾਈਂ ਮੋਇਆ, ਪੰਜ ਜੁਆਕਾਂ ਦਾ ਬਾਪ! ਅਜੇ ਵੀ ਲੰਡਰਪੁਣੇ ਤੋਂ ਹਟਦਾ ਨਹੀਂ। ਕਿਹੋ ਜਿਹੇ ਪਾਪੀ ਲੋਕ ਹੁੰਦੇ।”

0

ਪਿਤਾ ਜੀ ਕਮਰੇ ਵਿਚ ਪਿੱਠ ਪਿੱਛੇ ਹੱਥਾਂ ਦੀ ਕੰਘੀ ਜਹੀ ਪਾਈ ਟਹਿਲ ਰਹੇ ਹਨ ਅਤੇ ਮਾਂ ਹਮੇਸ਼ਾਂ ਵਾਂਗ ਪਲੰਘ ਉੱਤੇ ਬੈਠੀ ਗੱਲਾਂ ਕਰ ਰਹੀ ਹੈ।

"ਆਉਣ ਵਾਲੇ ਵੈਸਾਖ 'ਚ ਹੀ ਵਿਆਹ ਕਰ ਦਿਓ। ਹੁਣ ਹੋਰ ਢਿਲ ਨਾ ਕਰੋ।"

ਪਿਤਾ ਜੀ ਟਹਿਲਦੇ ਟਹਿਲਦੇ ਰੁਕ ਜਾਂਦੇ ਹਨ।

"ਤੂੰ ਕਿਹੋ ਜਹੀਆਂ ਗੱਲਾਂ ਕਰਦੀ ਐਂ, ਇਹ ਮੇਰੇ ਵੱਸ ਦੀ ਗੱਲ ਤਾਂ ਨਹੀਂ ਕਿ ਵਿਆਹ ਵੈਸਾਖ ਦਾ ਹੀ ਜ਼ਰੂਰ ਕਰ ਦੇਵਾਂ।"

"ਵੇਖੋ ਜੀ, ਮੇਰੇ ਨਾਲ ਕਿਉਂ ਖਹਿਬੜਦੇ ਹੋ। ਮੁਟਿਆਰ ਕੁੜੀਆਂ ਨੇ, ਘਰ ਵਿਚ ਰੋਜ਼ ਰੋੜੇ ਡਿਗਦੇ ਨੇ, ਇਹ ਤਾਂ ਲਫੰਗਿਆਂ ਦਾ ਮੁਹੱਲਾ ਹੈ, ਤੁਸੀਂ ਉਨ੍ਹਾਂ ਨੂੰ ਲਿਖ ਦੇਵੋ ਕਿ ਵੈਸਾਖ ਦਾ ਵਿਆਹ ਲੈ ਲੈਣ।"

"ਮੁੰਡਾ ਪੜ੍ਹਦਾ ਹੈ, ਵੈਸਾਖ ਵਿਚ ਤਾਂ ਉਸ ਦਾ ਇਮਤਿਹਾਨ ਹੈ।"

"ਤਾਂ ਫੇਰ ਇਮਤਿਹਾਨ ਖ਼ਤਮ ਹੁੰਦਿਆਂ ਹੀ ਵਿਆਹ ਕਰ ਦਿਓ।"

*"ਉਹ ਤਾਂ ਕਹਿੰਦੇ ਨੇ ਅਸੀਂ ਵਿਆਹ ਪਿੰਡ 'ਚ ਕਰਨੇ।"

"ਇਹ ਤਾਂ ਹੋਰ ਵੀ ਚੰਗਾ ਹੋਵੇਗਾ, ਮੈਂ ਬੱਚਿਆਂ ਨੂੰ ਲੈ ਕੇ ਛੇ ਮਹੀਨੇ ਪਹਿਲਾਂ ਹੀ ਪਿੰਡ ਚਲੀ ਜਾਵਾਂਗੀ। ਉਥੇ ਸਾਰੀ ਤਿਆਰੀ ਕਰ ਲਵਾਂਗੀ। ਤੁਸੀਂ ਉਨ੍ਹਾਂ ਨੂੰ ਕੱਲ ਹੀ ਖ਼ਤ ਪਾ ਦਿਓ।" ਪਿਤਾ ਜੀ ਫਿਰ ਟਹਿਲਣ ਲੱਗ ਪੈਂਦੇ ਹਨ।

"ਤੂੰ ਵਿਦਿਆ ਬਿਮਲਾ ਨੂੰ ਛੱਜੇ ਉਤੇ ਜਾਣ ਤੋਂ ਰੋਕ ਕਿਉਂ ਨਹੀਂ ਦਿੰਦੀ।

"ਵੇਖੋ ਜੀ, ਇਨ੍ਹਾਂ ਜੁਆਕੜੀਆਂ ਦਾ ਕੀ ਕਸੂਰ ਐ! ਮੈਂ ਇਨ੍ਹਾਂ ਨੂੰ ਛੱਜੇ ਉਤੇ ਜਾਣ ਨਹੀਂ ਦਿੰਦੀ, ਖਿੜਕੀ ਤੋਂ ਬਾਹਰ ਵੇਖਣ ਨਹੀਂ ਦਿੰਦੀ। ਕਈ ਸਾਲਾਂ ਤੋਂ ਇਨ੍ਹਾਂ ਨੂੰ ਪੜ੍ਹਾਈ ਤੋਂ ਹਟਾ ਕੇ ਘਰ 'ਚ ਬੰਦ ਕਰੀ ਬੈਠੇ ਹਾਂ, ਤਾਂ ਕਿ ਗਲੀ ਮੁਹੱਲੇ 'ਚ ਇਨ੍ਹਾਂ ਨੂੰ ਕੋਈ ਵੇਖ ਨਾ ਲਵੇ। ਹੁਣ ਹੋਰ ਕੀ ਕਰਾਂ? ਕਦੇ ਵਿਚਾਰੀਆਂ ਭੁੱਲ ਭੁਲੇਖੇ ਹੱਸ ਪੈਂਦੀਆਂ ਹਨ ਤਾਂ ਮੈਂ

ਝਿੜਕ ਦਿੰਦੀ ਹਾਂ। ਦਿਨ-ਭਰ ਕਦੇ ਇਸ ਕਮਰੇ ਤੇ-ਕਦੇ ਉਸ ਕਮਰੇ 'ਚ ਵਿਚਾਰੀਆਂ ਬੈਠੀਆਂ ਰਹਿੰਦੀਆਂ ਹਨ।"

ਮਾਂ ਦੀਆਂ ਇਨ੍ਹਾਂ ਗੱਲਾਂ ਨੂੰ ਮੈਂ ਸੁਣ ਰਿਹਾ ਹਾਂ, ਸੋਚਦਾ ਹਾਂ ਕੀ ਮਾਂ ਹੁਣ ਛੱਤ ਵਾਲੀ ਗੱਲ ਆਖੇਗੀ ਕਿ ਜਦੋਂ ਕੁੜੀਆਂ ਛੱਤ ਉਤੇ ਜਾਂਦੀਆਂ ਹਨ ਤਾਂ ਸਾਹਮਣੇ ਵਾਲਾ ਦੁਸ਼ਟ ਕਪੜੇ ਉਤਾਰ ਦਿੰਦਾ ਹੈ। ਪਰ ਇਹ ਗੱਲ ਮਾਂ ਨਹੀਂ ਆਖਦੀ। ਮਾਂ ਅਜਿਹੀਆਂ ਗੱਲਾਂ ਪਿਤਾ ਜੀ ਤੋਂ ਲੁਕਾ ਲੈਂਦੀ ਹੈ, ਕਿਉਂਕਿ ਪਿਤਾ ਜੀ ਸੁਣਨ ਸਾਰ, ਸੋਟੀ ਚੁੱਕ ਝਗੜਨ ਤੁਰ ਪੈਂਦੇ ਹਨ।

ਲੱਗਦਾ ਹੈ ਜਿਵੇਂ ਢੇਰ ਸਾਰਾ ਸਮਾਂ ਗੁਜ਼ਰ ਚੁੱਕਾ ਹੈ। ਬਚਪਨ ਦਾ ਧੁੰਦੂਕਾਰਾ ਹੁਣ ਖਤਮ ਹੋ ਚੁੱਕਿਆ ਹੈ। ਹੁਣ ਅਸੀਂ ਦੋਵਾਂ ਭਰਾਵਾਂ ਨੇ ਗੁਰੂ ਕੁਲ ਜਾਣਾ ਛੱਡ ਦਿੱਤਾ ਹੈ. ਹਾਂ, ਪੰਡਤ ਜੀ ਘਰੇ ਪੜ੍ਹਾਉਣ ਅਜੇ ਵੀ ਆਉਂਦੇ ਹਨ। ਬਲਦੇਵ ਦੀ ਲਿਖਾਈ ਮੋਤੀਆਂ ਵਰਗੀ ਹੈ। ਮੇਰੀ ਛੋਟੀ ਭੈਣ ਮੈਥੋਂ ਬਹੁਤ ਵੱਡੀ ਹੈ ਪਰ ਫਿਰ ਵੀ ਝੱਟ ਬੀਮਾਰ ਹੋ ਜਾਂਦੀ। ਵੱਡੀ ਭੈਣ ਹੁਣ ਘਰ ਨਹੀਂ ਹੈ, ਕਿਉਂਕਿ ਉਸ ਦਾ ਵਿਆਹ ਹੋ ਗਿਆ। ਉਸ ਦੀ ਸ਼ਾਦੀ ਵਾਲੇ ਦਿਨ ਮੈਂ ਵੀਹ ਪਾਨ ਖਾ ਗਿਆ, ਅਤੇ ਮੇਰੇ ਪੈਰ ਇਕ ਥਾਵੇਂ ਚਿੱਕੜ 'ਚ ਫਸ ਗਏ ਜਿਸ ਕਰਕੇ ਮੇਰਾ ਇਕ ਜੁੱਤਾ ਉਥੇ ਹੀ ਖੋ ਗਿਆ ਅਤੇ ਮੈਂ ਰੋਂਦਾ ਹੋਇਆ ਘਰ ਆਇਆ ਸੀ, ਮੇਰੇ ਜੀਜੇ ਦੇ ਮੂੰਹ 'ਚ ਉਸ ਦੀ ਦੰਦਰਾਲ ਵਿਚ ਇਕ ਥਾਵੇਂ ਇਕ ਦੰਦ ਦੇ ਪਿੱਛੇ ਦੂਜਾ ਇਕ ਹੋਰ ਦੰਦ ਨਿਕਲਿਆ ਹੋਇਆ ਸੀ, ਇਹ ਮੈਨੂੰ ਬੜਾ ਪਿਆਰਾ ਲੱਗਿਆ ਸੀ, ‘ਜਦੋਂ ਬਚਪਨ 'ਚ ਮੇਰਾ ਦੰਦ ਟੁੱਟ ਗਿਆ ਸੀ ਤਾਂ ਇਸ ਥਾਵੇਂ ਮੈਂ ਆਪਣੀ ਜੀਭ ਫੇਰਦਾ ਰਹਿੰਦਾ ਸੀ, ਇਸ ਲਈ ਉਥੇ ਦੂਹਰਾ ਦੰਦ ਨਿਕਲ ਆਇਆ ਹੈ।”

ਮੇਰੇ ਜੀਜੇ ਨੇ ਮੈਨੂੰ ਇੰਜ ਦੱਸਿਆ ਸੀ ਤਾਂ ਮੈਂ ਵੀ ਆਪਣਾ ਦੰਦ ਟੁੱਟਣ ਤੇ ਦਿਨ ਰਾਤ ਉਸੇ ਥਾਵੇਂ ਆਪਣੀ ਜੀਭ ਫੇਰਦਾ ਰਹਿੰਦਾ, ਪਰ ਫੇਰ ਵੀ ਦੂਹਰਾ ਦੰਦ ਨਾ ਨਿਕਲਿਆ। ਵਿਆਹ ਵੇਲੇ ਅਸੀਂ ਆਪਣਾ ਪੁਰਾਣਾ ਪਿੰਡ ਵੇਖਿਆ। ਉਥੇ ਮੁੰਡੇ ਗੋਲੀਆਂ ਖੇਲਦੇ, ਥਾਂ ਥਾਂ ਉਤੇ ਗਧੇ ਤੁਰੇ ਫਿਰਦੇ ਸਨ, ਮਿੱਟੀ-ਘੱਟਾ ਉਡਦਾ, ਮਾਂ ਨੇ ਦੱਸਿਆ

ਪੌੜੀਆਂ ਹੇਠਾਂ ਗੋ ਦੀ ਖੁੱਡ ਹੈ, ਗੋ ਦੀ ਪੂੱਛ ਨੂੰ ਰੱਸੀ ਬੰਨ੍ਹ ਕੇ ਉੱਪਰ ਨੂੰ ਸੁੱਟੋ ਤਾਂ ਜਿੱਥੇ ਉਸ ਦੇ ਪੰਜੇ ਲੱਗ ਜਾਣਗੇ ਉਥੇ ਹੀ ਚਿਮਟ ਜਾਵੇਗੀ। ਚੋਰ ਅਤੇ ਡਾਕੂ ਕੰਧਾਂ ਉਤੇ ਚੜ੍ਹਨ ਵਾਸਤੇ, ਗੋ ਦੀ ਹੀ ਵਰਤੋਂ ਕਰਦੇ ਹਨ। ਸੁਣਿਆ ਹੈ ਕਿ ਪਿੰਡ ਦੇ ਚਾਰੇ ਪਾਸੇ, ਕੰਧ ਸੀ, ਜਿਹੜੀ ਹੁਣ ਟੁੱਟ ਗਈ ਹੈ। ਕਹਿੰਦੇ ਹਨ, ਸ਼ੀਸਮਹਿਲ ਸਨ, ਪਰ ਮੈਂ ਕੋਈ ਸ਼ੀਸ਼ਮਹਿਲ ਨਹੀਂ ਵੇਖਿਆ। ਉਥੇ ਮੇਰੇ ਮਾਸੀ ਜੀ ਕੁੜੀਆਂ ਨੂੰ ਜ਼ੋਰ ਜ਼ੋਰ ਦੀ ਝਿੜਕ ਰਹੀ ਸੀ, ਕਿਉਂ ਕਿ ਵਿਆਹ ਵੇਲੇ ਉਹ ਕੁੜੀਆਂ ਗੰਦੇ ਗੀਤ ਗਾ ਰਹੀਆਂ ਸਨ।

ਗਰਮੀ ਦੇ ਦਿਨ, ਆਥਣ ਦਾ ਵੇਲਾ! ਘਰ ਦੇ ਸਾਰੇ ਜੀਅ ਰੋਟੀ ਖਾ ਚੁਕੇ ਹਨ ਅਤੇ ਉਥੇ ਹੀ ਬੈਠੇ ਗੱਲਾਂ ਕਰ ਰਹੇ ਹਨ। ਹਮੇਸ਼ਾਂ ਵਾਂਗ ਮਾਂ ਨੇ ਆਪਣੇ ਹੱਥ ਦੀ ਹਥੇਲੀ ਉਤੇ ਦੋ ਰੋਟੀਆਂ ਉਤੇ ਦਾਲ ਰੱਖ, ਸਾਰਿਆਂ ਦੇ ਰੋਟੀ ਖਾਣ ਮਗਰੋਂ ਰੋਟੀ ਖਾਣੀ ਸ਼ੁਰੂ ਕੀਤੀ ਹੋਈ ਹੈ। ਮੇਰਾ ਵੱਡਾ ਭਰਾ ਆਪਣੇ ਸਕੂਲ ਦਾ ਕੋਈ ਕਿੱਸਾ ਸੁਣਾ ਰਿਹਾ ਹੈ। ਭਾਈ ਆਪਣੀ ਜਮਾਤ ਚੋਂ ਫਸਟ ਆਇਆ ਹੈ, ਇਸ ਪ੍ਰਾਪਤੀ ਉਤੇ ਹੈਡਮਾਸਟਰ ਨੇ ਉਸ ਨੂੰ ਸਾਰੀ ਜਮਾਤ ਸਾਹਮਣੇ ਚੁੰਮ ਲਿਆ ਅਤੇ ਆਖਿਆ ਕਿ ਵਜ਼ੀਫ਼ੇ ਦੇ ਇਮਤਿਹਾਨ ਲਈ ਉਸ ਦਾ ਨਾਂ ਭੇਜਿਆ ਜਾਵੇਗਾ। ਤੰਦੂਰ ਉਤੇ ਰੱਖੀ ਲਾਲਟੈਨ ਦੀ ਮੱਧਮ ਜੇਹੀ ਰੋਸ਼ਨੀ ਵਿਹੜੇ 'ਚ ਬੈਠੇ ਪਰਿਵਾਰ ਦੇ ਮੈਂਬਰਾਂ ਉਤੇ ਪੈ ਰਹੀ ਹੈ। ਤੁਲਸੀ ਹਨੇਰੇ ਵਿਚ ਕੰਧ ਕੋਲ ਬੈਠਾ, ਜੂਠੇ ਭਾਂਡੇ ਮਾਂਜ ਰਿਹਾ ਹੈ।

"ਹੁਣ ਸਾਨੂੰ ਸਕਾਉਟ ਬਣਾਇਆ ਜਾਵੇਗਾ।" ਭਾਈ ਨੇ ਦੱਸਿਆ। "ਸਾਨੂੰ ਖ਼ਾਕੀ ਵਰਦੀ ਮਿਲੇਗੀ ਅਤੇ ਸਾਰੇ ਸਕਾਊਟਾਂ ਕੋਲ ਇਕ ਰੱਸੀ, ਇਕ ਸੀਟੀ ਇਕ ਸੋਟੀ ਹੋਣੀ ਚਾਹੀਦੀ ਹੈ!..."

"ਮਾਤਾ ਜੀ!'" ਹਨੇਰੇ 'ਚੋਂ ਅਚਾਨਕ ਤੁਲਸੀ ਦੀ ਆਵਾਜ਼ ਆਉਂਦੀ ਹੈ।

ਭਾਈ ਚੁੱਪ ਹੋ ਗਿਆ।

"ਕੀ ਐ ਤੁਲਸੀ?" ਮਾਂ ਹਨੇਰੀ ਨੁੱਕਰ ਵੱਲ ਵੇਖ ਪੁੱਛਦੀ ਹੈ।

“ਮਾਤਾ ਜੀ" ਤੁਲਸੀ ਹਲੀਮੀ ਜਹੀ 'ਚ ਆਖਦਾ ਹੈ "ਕੀ ਮੈਂ ਸਾਰੀ ਉਮਰ ਭਾਂਡੇ ਹੀ ਮਾਂਜਦਾ ਰਹਾਂਗਾ?"

ਪਲ ਭਰ ਲਈ ਸਾਰਿਆਂ ਦਾ ਧਿਆਨ ਤੁਲਸੀ ਵੱਲ ਚਲਿਆ ਗਿਆ। ਸਾਰੇ ਚੁੱਪ ਹਨ। ਪਿਤਾ ਜੀ ਉਸ ਵੱਲ ਮੁੜ ਕੇ ਵੇਖਦੇ ਹੋਏ ਆਖਦੇ ਹਨ, “ਭਾਂਡੇ ਨਹੀਂ ਮਾਂਜੇਂਗਾ ਤਾਂ ਹੋਰ ਕੀ ਕਰੇਂਗਾ? ਸਾਰੇ ਨੌਕਰ ਭਾਂਡੇ ਹੀ ਮਾਂਜਦੇ ਹਨ ਜਾਂ ਨਹੀਂ? ਤੇਰੇ ਹੱਥਾਂ ਉਤੇ ਮਹਿੰਦੀ ਲੱਗੀ ਹੋਈ ਹੈ!!"

ਅਚਾਨਕ ਮਾਂ ਤੁਲਸੀ ਵਲ ਹੱਥ ਵਧਾ ਕੇ ਕਹਿੰਦੀ ਹੈ, ‘ਛੱਡ ਦੇ! ਬੱਸ ਇਸੇ ਵੇਲੇ ਛੱਡ ਦੇ। ਹੁਣ ਤੋਂ ਤੂੰ ਭਾਂਡੇ ਨਹੀਂ ਮਾਂਜੇਗਾ। "

ਤੁਲਸੀ ਹੈਰਾਨ ਜਿਹਾ ਹੋ ਠਠੰਬਰ ਗਿਆ। ਭਾਂਡਿਆਂ ਨੂੰ ਕੜਾਹੀ 'ਚ ਮਲਦੇ ਮਲਦੇ ਉਸਦਾ ਹੱਥ ਰੁਕ ਗਿਆ ਪਰ ਥੋੜ੍ਹੀ ਕੁ ਦੇਰ ਮਗਰੋਂ ਉਹ ਫਿਰ ਭਾਂਡੇ ਮਲਣ ਲੱਗ ਪਿਆ।।

ਮਾਂ ਨੇ ਉੱਠ ਕੇ ਉਸ ਦਾ ਹੱਥ ਫੜ ਲਿਆ “ਬੱਸ, ਮੈਂ ਜਦ ਆਖ ਦਿੱਤਾ ਹੁਣ ਤੋਂ ਤੂੰ ਭਾਂਡੇ ਨਹੀਂ ਮਾਂਜੇਂਗਾ।’’

ਮੈਨੂੰ ਲੱਗਿਆ ਜਿਵੇਂ ਮਾਂ ਤੁਲਸੀ ਨੂੰ ਉਸ ਦੀ ਆਖੀ ਹੋਈ ਗੱਲ ਲਈ ਸਜ਼ਾ ਦੇ ਰਹੀ ਹੋਵੇ, ਉਹ ਜਿਵੇਂ ਉਸ ਤੋਂ ਕੰਮ ਛੁਡਾ ਰਹੀ ਹੋਵੇ।

“ਕੀ ਕਰ ਰਹੀ ਐਂ ਬਲਦੇਵ ਦੀ ਮਾਂ?” ਪਿਤਾ ਜੀ ਨੇ ਆਖਿਆ, “ਏਸ ਨੂੰ ਭਾਂਡੇ ਸਾਫ ਕਰਨ ਦੇ, ਇਹ ਨਹੀਂ ਕਰੇਗਾ ਤਾਂ ਕੌਣ ਕਰੇਗਾ? ਕੀ ਤੂੰ ਆਪ ਭਾਂਡੇ ਮਾਂਜੇਂਗੀ?"

"ਮੈਂ ਮਾਂਜਾਂ ਜਾ ਕੋਈ ਹੋਰ ਮਾਂਜੇ, ਪਰ ਹੁਣ ਤੁਲਸੀ ਨਹੀਂ ਮਾਂਜੇਗਾ। ਗੱਲ ਤੁਲਸੀ ਦੇ ਦਿਲ 'ਚੋਂ ਨਿੱਕਲੀ ਐ, ਮੈਂ ਹੁਣ ਇਸ ਤੋਂ ਭਾਂਡ ਨਹੀਂ ਮੰਜਵਾਉਂਦੀ।”

ਇਹ ਆਖਦੀ ਹੋਈ ਮਾਂ ਤੁਲਸੀ ਨੂੰ ਮੋਢੇ ਤੋਂ ਫੜਕੇ ਉਠਾਉਣ ਦੀ ਕੋਸ਼ਿਸ਼ ਕਰਦੀ ਹੈ “ਬੱਸ, ਛੱਡ ਦੇ ਪੁੱਤਰਾ, ਸੋਲ੍ਹਾਂ ਸਾਲ ਤੂੰ ਇਸ ਘਰ ਦੇ ਭਾਂਡੇ ਮਾਂਜੇ ਹਨ, ਬਹੁਤ ਹੋ ਗਿਆ।”

ਤੁਲਸੀ ਹੈਰਾਨ-ਪਰੇਸ਼ਾਨ ਅਜੇ ਵੀ ਮਾਂ ਵੱਲ ਵੇਖੀ ਜਾ ਰਿਹਾ ਹੈ।

"ਕਿਹੋ ਜਹੀਆਂ ਫ਼ਜੂਲ ਗੱਲਾਂ ਕਰਦੀ ਐਂ।" ਪਿਤਾ ਜੀ ਬੁੜਬੁੜਾ ਕੇ ਕਹਿੰਦੇ ਹਨ "ਭਾਂਡੇ ਨਹੀਂ ਮਾਂਜੂ ਤਾਂ ਹੋਰ ਕੀ ਕਰੂ? ਚੱਲ ਤੁਲਸੀ, ਚੱਲ ਆਪਣਾ ਕੰਮ ਕਰ।"

"ਮੇਰੇ ਸਿਰ ਦੀ ਸਹੁੰ ਤੁਲਸੀ ਜ ਹੁਣ ਭਾਂਡਿਆਂ ਨੂੰ ਹੱਥ ਲਾਇਆ। ਅੱਜ ਤੋਂ ਤੇਰਾ ਭਾਂਡੇ ਮਾਂਜਣ ਦਾ ਕੰਮ ਖਤਮ। ਉੱਠ ਖੜਾ ਹੋ ਇਥੋਂ।"

ਅਸੀਂ ਸਾਰੇ ਸੁੰਨ ਜਿਹੇ ਮਾਂ ਵੱਲ ਵੇਖੀ ਜਾ ਰਹੇ ਹਾਂ। ਮਾਂ ਭਾਵਕ ਹੋ ਉਠੀ, "ਇਹਨੇ ਆਪਣੇ ਮੂੰਹੋਂ ਗੱਲ ਕੱਢੀ ਹੈ, ਮੈਂ ਇਸ ਉਤੇ ਫੁੱਲ ਚੜ੍ਹਾਵਾਂਗੀ। ਉਠ ਖੜਾ ਹੋ ਪੁੱਤਰ। ਅੱਗੇ ਜੋ ਤੇਰੀ ਕਿਸਮਤ, ਪਰ ਹੁਣ ਮੈਂ ਤੈਥੋਂ ਭਾਂਡੇ ਨਹੀਂ ਮੰਜਵਾਵਾਂਗੀ।"

"ਤੇਰੀ ਅਕਲ ਠਿਕਾਣੇ ਨਹੀਂ" ਪਿਤਾ ਜੀ ਬੁੜਬੁੜਾਉਂਦੇ ਜਿਹੇ ਆਖਦੇ ਹਨ। ਪਰ ਮਾਂ ਹੁਣ ਪਹਿਲਾਂ ਨਾਲੋਂ ਵੀ ਵੱਧ ਭਾਵਕ ਹੈ।

ਮਾਂ ਨੇ ਤੁਲਸੀ ਨੂੰ ਉਸ ਦੀ ਥਾਂ ਤੋਂ ਉਠਾ ਦਿੱਤਾ ਅਤੇ ਸੁਆਹ ਵਾਲੀ ਕੜਾਹੀ ਚੁੱਕ ਕੇ ਤੰਦੂਰ ਉਪਰ ਰੱਖ ਦਿੱਤੀ। ਫੇਰ ਆਪ ਹੀ ਪਾਣੀ ਦੀ ਗੜਵੀ ਭਰਕੇ ਤੁਲਸੀ ਦੇ ਹੱਥਾਂ ਉਤੇ ਪਾਉਣ ਲੱਗ ਪਈ। ਤੁਲਸੀ ਵੀ ਸੁੰਨ ਜਿਹਾ ਕਦੇ ਮਾਂ ਵੱਲ ਤੇ ਕਦੇ ਪਿਤਾ ਜੀ ਵੱਲ ਵੇਖੀ ਜਾਂਦਾ ਹੈ।

"ਤੇਰੇ ਮਨ 'ਚ ਜੋ ਆਵੇ ਕਰ, ਤੂੰ ਪਹਿਲਾਂ ਕਿਹੜਾ ਕਿਸੇ ਦੀ ਗੱਲ ਸੁਣਦੀ ਹੈਂ, ਜਿਹੜੀ ਅੱਜ ਸੁਣੇਂਗੀ।"

ਪਿਤਾ ਜੀ ਇਹ ਆਖਦੇ ਹੋਏ ਆਪਣੀ ਥਾਂ ਤੋਂ ਉਠ ਕੇ ਕਮਰੇ ਵੱਲ ਹੋ ਤੁਰੇ।

ਕੁਝ ਦੇਰ ਮਗਰੋਂ ਅਸੀਂ ਸਾਰੇ ਆਪਣੇ ਮੰਜਿਆਂ ਉਤੇ ਪਏ ਹਾਂ। ਘਰ ਵਿਚ ਪੂਰੀ ਚੁੱਪ ਹੈ, ਪਰ ਸਾਡੇ ਕੰਨ ਕਮਰੇ ਵੱਲ ਲੱਗੇ ਹਨ, ਜਿੱਥੇ ਹਮੇਸ਼ਾਂ ਵਾਂਗ ਪਿਤਾ ਜੀ ਟਹਿਲ ਰਹੇ ਹਨ। ਅਤੇ ਮਾਂ ਪਲੰਘ ਉਤੇ ਪਲਾਥੀ ਮਾਰੀ ਬੈਠੀ ਹੈ, "ਮੈਂ ਚੀਕਦੀ ਰਹੀ, ਇਸ ਨੂੰ ਨਾ ਪੜ੍ਹਾਉ, ਨੌਕਰਾਂ ਦਾ ਕਿਤਾਬਾਂ ਨਾਲ ਕੀ ਕੰਮ। ਹੁਣ ਉਸ ਨੂੰ ਘਰ ਦੇ ਕੰਮ ਤੋਂ ਚਿੜ ਹੋ ਗਈ ਹੈ।"

ਪਿਤਾ ਜੀ ਪਿੱਠ ਪਿੱਛੇ ਹੱਥ ਰੱਖੀ ਬਰਾਬਰ ਟਹਿਲ ਰਹੇ ਹਨ, 'ਕੁਝ ਪੜ੍ਹ ਗਿਆ ਤਾਂ ਮਾੜਾ ਕੀ ਹੋ ਗਿਆ? ਜਦੋਂ ਆਇਆ ਸੀ ਤਾਂ ਜੰਗਲੀ ਜਾਨਵਰਾਂ ਵਰਗਾ ਸੀ। ਵਿੱਦਿਆ ਤਾਂ ਆਦਮੀ ਦਾ ਗਹਿਣਾ ਹੁੰਦੀ ਹੈ।"

"ਇਸੇ ਲਈ ਤਾਂ ਹੁਣ ਇਹ ਭਾਂਡੇ ਮਾਂਜਣ ਨੂੰ ਆਪਣੀ ਹੱਤਕ ਸਮਝਣ ਲੱਗ ਪਿਆ। ਮੈਂ ਉਸ ਤੋਂ ਭਾਂਡੇ ਕਿਉਂ ਮੰਜਵਾਵਾਂ। ਮੈਂ ਉਸ ਤੋਂ ਉਹ ਕੰਮ ਕਿਉਂ ਕਰਾਵਾਂ, ਜਿਸ ਨਾਲ ਉਸ ਦੇ ਦਿਲ ਨੂੰ ਠੇਸ ਲਗਦੀ ਹੋਵੇ। ਮੇਰੇ ਬੱਚਿਆਂ ਨਾਲ ਘਰ ਵਿਚ ਪਲ ਕੇ ਵੱਡਾ ਹੋਇਆ ਹੈ। ਜਦੋਂ ਨਹੀਂ ਪੜਿਆ ਸੀ ਤਾਂ ਨਹੀਂ ਪੜ੍ਹਿਆ ਸੀ, ਹੁਣ ਪੜ੍ਹ ਗਿਆ ਹੈ ਤਾਂ ਉਸ ਨੂੰ ਭਾਂਡੇ ਮਾਂਜਣਾ ਬੁਰਾ ਲੱਗਦਾ ਹੈ।"

ਫਿਰ ਦੋਨੋਂ ਹੀ ਚੁੱਪ ਹੋ ਜਾਂਦੇ ਹਨ, ਪਰ ਪਿਤਾ ਜੀ ਦੀ ਚਲਣ ਦੀ ਆਹਟ ਸੁਣਾਈ ਦਿੰਦੀ ਹੈ, ਮੈਂ ਇਸ ਆਵਾਜ਼ ਤੋਂ ਅੰਦਾਜ਼ਾ ਲਾ ਲੈਂਦਾ ਹਾਂ ਕਿ ਹੁਣ ਪਿਤਾ ਜੀ ਸਾਹਮਣੇ ਵਾਲੀ ਕੰਧ ਤੱਕ ਜਾ ਪੁੱਜੇ ਹਨ ਜਿਥੇ ਸੁਆਮੀ ਜੀ ਦੀ ਤਸਵੀਰ ਟੰਗੀ ਹੋਈ ਹੈ ਤੇ ਹੁਣ ਮੁੜ ਪਏ ਹਨ ਅਤੇ ਅੰਗੀਠੀ ਦੇ ਸਾਹਮਣੇ ਪੁੱਜ ਗਏ ਹਨ, ਜਿਥੇ ਘੰਟਾ ਟਿਕ ਟਿਕ ਕਰ ਰਿਹਾ ਹੈ। ਮਾਂ, ਉਥੇ ਹੀ ਪਲੰਘ ਦੇ ਪੈਂਦੀ ਬੈਠੀ ਹੈ ਅਤੇ ਉਸ ਨੇ ਆਪਣੇ ਦੋਨੋਂ ਹੱਥ ਆਪਣੀ ਝੋਲੀ 'ਚ ਰੱਖੇ ਹੋਏ ਹਨ।

ਥੋੜ੍ਹੀ ਕੁ ਦੇਰ ਮਗਰੋਂ ਫਿਰ ਮਾਂ ਦੀ ਆਵਾਜ਼ ਆਉਂਦੀ ਹੈ, "ਤੁਸੀਂ ਇਸ ਨੂੰ ਆਪਣੇ ਦਫ਼ਤਰ ਦੇ ਕੰਮ ਲਈ ਰੱਖ ਲਵੋ। ਇਸ ਨੂੰ ਮੁਨਸ਼ੀ ਦੇ ਕੰਮ ਤੇ ਲਾ ਲਓ।"

"ਫੇਰ ਉਹੀ ਗੱਲ। ਇਹ ਦਫ਼ਤਰ ਦਾ ਕੰਮ ਭਲਾ ਕਰ ਸਕਦਾ ਹੈ? ਅੰਗਰੇਜ਼ੀ ਦਾ ਇਕ ਅੱਖਰ ਨਹੀਂ ਜਾਣਦਾ। ਮੇਰੀ ਸਾਰੀ ਡਾਕ ਅੰਗਰੇਜ਼ੀ ਜਾਂ ਉਰਦੂ 'ਚ ਹੁੰਦੀ ਹੈ।'

ਮਾਂ ਕੁਝ ਦੇਰ ਤਾਂ ਚੁੱਪ ਰਹਿੰਦੀ ਹੈ, ਫਿਰ ਕਹਿੰਦੀ ਹੈ, "ਜੇ ਹਿੰਦੀ ਇਸ ਦੇ ਕੰਮ ਨਹੀਂ ਸੀ ਆਉਂਦੀ ਤਾਂ ਕਿਉਂ ਹਿੰਦੀ ਪੜ੍ਹਾਉਂਦੇ ਰਹੇ। ਇਸ ਨੂੰ ਵੀ ਉਰਦੂ ਪੜ੍ਹਵਾ ਦਿੰਦੇ।"

"ਉਰਦੂ ਕਿਉਂ ਪੜ੍ਹਵਾ ਦਿੰਦਾ? ਸਾਡੇ ਸਾਰੇ ਧਰਮ ਗ੍ਰੰਥ ਹਿੰਦੀ 'ਚ ਹਨ।"

“ਪਰ ਜੀ, ਗ੍ਰੰਥਾਂ ਨੂੰ ਕੀ ਕਰੋ ਜੇਕਰ ਆਪਣਾ ਢਿੱਡ ਹੀ ਨਾ ਭਰ ਸਕੇ?... ਮੁਨਸ਼ੀ ਨਹੀਂ ਤਾਂ ਚਪੜਾਸੀ ਦੇ ਕੰਮ ਉਤੇ ਹੀ ਇਹਨੂੰ ਰੱਖ ਲਓ। ਤੁਹਾਡੇ ‘ਵਪਾਰੀਆਂ' ਨੂੰ ਮਿਲ ਆਇਆ ਕਰੂ, ਉਨ੍ਹਾਂ ਨੂੰ ਨਮੂਨੇ ਵਿਖਾ ਆਇਆ ਕਰੇਗਾ।”

“ਬੱਸ ਬੱਸ, ਰਹਿਣ ਦੇ, ਕੱਲ੍ਹ ਤੋਂ ਮੁੜ ਇਹ ਘਰ ਦਾ ਕੰਮ ਕਰੇ। ਇਹ ਹੋਰ ਕੋਈ ਕੰਮ ਨਹੀਂ ਕਰ ਸਕਦਾ।”

“ਘਰ ਦਾ ਕੰਮ ਤਾਂ ਮੈਂ ਹੁਣ ਇਸ ਤੋਂ ਕਰਵਾਉਂਦੀ ਨਹੀਂ।"

"ਸੱਚਮੁੱਚ ਤੂੰ ਬੜੀ ਢੀਠ ਐਂ! ਇਹ ਨਹੀਂ ਕਰੇਗਾ ਤਾਂ ਹੋਰ ਕੌਣ ਕਰੇਗਾ?"

"ਵੇਖੋ ਜੀ, ਇਸ ਦਾ ਮਨ ਉਖੜ ਗਿਆ ਹੈ। ਗੱਲ ਨੂੰ ਸਮਝਿਆ ਵੀ ਕਰੋ। ਹੁਣ ਜੇ ਘਰ ਦਾ ਕੰਮ ਕਰੇਗਾ ਤਾਂ ਰੋ ਧੋ ਕੇ ਕਰੇਗਾ, ਇਹਨੂੰ ਹੁਣ ਕਿਸੇ ਦੂਜੇ ਕੰਮ ਉਤੇ ਲਾ ਦੇਵੋ। ਜਦੋਂ ਇਸ ਦੇ ਹੱਥਾਂ 'ਚ ‘ਬਾਲ-ਬੋਧ' ਦਿੰਦੇ ਸੀ ਤਦ ਮੈਂ ਕਹਿ ਕਹਿ ਥੱਕ ਗਈ ਕਿ ਇਸ ਦੀ ਜ਼ਿੰਦਗੀ ਨਾ ਵਿਗਾੜੋ, ਜਿੱਥੇ ਬੈਠਾ ਹੈ, ਬੈਠਾ ਰਹਿਣ ਦਿਓ, ਉਸ ਵੇਲੇ ਤਾਂ ਤੁਸੀਂ ਮੇਰੀ ਸੁਣੀ ਨਹੀਂ, ਮੈਨੂੰ ਝਿੜਕ ਕੇ ਚੁੱਪ ਕਰਵਾ ਦਿੰਦੇ ਸੀ। ਹੁਣ ਇਸ ਦਾ ਮਨ ਉਚਾਟ ਹੋ ਗਿਆ ਹੈ, ਹੁਣ ਇਹ ਘਰ ਦੇ ਕੰਮ ਜੋਗਾ ਨਹੀਂ ਰਿਹਾ।......"

0

ਮੈਂ ਹੱਥ ਮੂੰਹ ਧੋਣ ਲਈ ਹੇਠਾਂ ਜਾ ਰਿਹਾ ਹਾਂ ਤੁਲਸੀ ਹਮੇਸ਼ਾਂ ਵਾਂਗ ਅੱਜ ਵੀ ਬਰਾਂਡੇ ਵਿਚ ਗਾਂ ਲਈ ਸੰਨੀ ਰਲਾ ਰਿਹਾ ਹੈ। ਮੈਨੂੰ ਰਾਤ ਵਾਲੀ ਸਾਰੀ ਘਟਨਾ ਚੇਤੇ ਆ ਜਾਂਦੀ ਹੈ। ਲਗਦਾ ਹੈ ਜਿਵੇਂ ਪਿਛਲੇ ਦਿਨ ਦੀ ਗੱਲਬਾਤ ਮੇਰੇ ਲਈ ਇਕ ਭੁਲੇਖਾ ਸੀ। ਸਾਰੀ ਕਹਾਣੀ ਪਹਿਲਾਂ ਵਾਂਗ ਹੀ ਤੁਰ ਰਹੀ ਹੈ। ਤੁਲਸੀ ਪਾਣੀ ਭਰ ਰਿਹਾ ਹੈ, ਸਾਰੇ ਘਰ ਵਿਚ ਝਾੜੂ ਲਾ ਰਿਹਾ ਹੈ, ਪਰ ਜਦੋਂ ਮੈਂ ਤੁਲਸੀ ਨੂੰ ਭਾਂਡਿਆਂ ਨੂੰ ਹੱਥ ਲਾਉਂਦਾ ਵੇਖਦਾ ਹਾਂ, ਝੱਟ ਮਾਂ ਨੂੰ ਆਵਾਜ਼ ਮਾਰਦਾ ਹਾਂ, "ਵੇਖੋ ਮਾਤਾ ਜੀ, ਤੁਲਸੀ ਫੇਰ ਭਾਂਡੇ ਮਾਂਜਣ ਲੱਗਿਆ ਹੈ।"

ਮਾਂ ਕਮਰੇ 'ਚੋਂ ਸਿੱਧੀ ਰਸੋਈ ਵੱਲ ਤੁਰ ਪੈਂਦੀ ਹੈ। ਇਸ ਤੋਂ ਪਹਿਲਾਂ ਮਾਂ ਸਾਰਾ ਸਮਾਂ ਗੁੰਮ-ਸੁੰਮ ਜਹੀ ਬੈਠੀ ਸੀ।

"ਤੈਨੂੰ ਇਕ ਵਾਰੀ ਜੋ ਆਖ ਦਿੱਤਾ, ਕਿ ਭਾਂਡਿਆਂ ਨੂੰ ਹੱਥ ਨਹੀਂ ਲਾਉਣਾ, ਤੇ ਫਿਰ ਮੈਨੂੰ ਕਿਉਂ ਕਲਪਾਉਂਦੇ?"

"ਮੈਂ ਨਾ ਕਰਾਂ, ਤਾਂ ਹੋਰ ਕੌਣ ਕਰੇ?” ਤੁਲਸੀ ਜਵਾਬ ਵਿਚ ਆਖਦਾ ਹੈ।

“ਤੈਨੂੰ ਕੀ, ਕੋਈ ਕਰੇ ਜਾਂ ਨਾ ਕਰੇ?" ਘਰ ਦੇ ਮੈਂਬਰ ਫਿਰ ਇਕੱਠੇ ਹੋ ਜਾਂਦੇ ਹਨ। ਪਿਤਾ ਜੀ ਸੈਰ ਲਈ ਗਏ ਹੋਏ ਹਨ। ਤੁਲਸੀ ਸੁਣੀ-ਅਣਸੁਣੀ ਕਰਦਾ ਹੋਇਆ ਗੋਡਿਆਂ ਅੱਗੇ ਸਿਰ ਝੁਕਾ ਕੇ ਭਾਂਡੇ ਮਾਂਜਣ ਲੱਗ ਪਿਆ। ਮਾਂ ਕਮਰ ਉਤੇ ਹੱਥ ਰੱਖੀ, ਉਸ ਨੂੰ ਵੇਖਦੀ ਰਹਿੰਦੀ ਹੈ, ਫਿਰ ਅੱਗੇ ਵੱਧ ਕੇ ਉਸ ਦੇ ਹੱਥੋਂ ਕੜਾਹੀ ਖੋਹ ਲੈਂਦੀ ਹੈ, “ਇਹ ਤਾਂ ਹੁਣ ਮੈਂ ਤੈਨੂੰ ਕਰਨ ਨਹੀਂ ਦਿੰਦੀ। ਉੱਠ, ਉੱਠ ਖੜ, ਮੈਂ ਤੈਨੂੰ ਆਖਦੀ ਹਾਂ, ਉੱਠ ਖੜ।”

ਤੁਲਸੀ ਅੱਗੇ ਵਧ ਕੇ ਮਾਂ ਦੇ ਪੈਰ ਫੜ ਲੈਂਦਾ ਹੈ, “ਮੈਥੋਂ ਗਲਤੀ ਹੋ ਗਈ ਮਾਤਾ ਜੀ, ਮੇਰੇ ਮੂੰਹੋਂ ਨਿੱਕਲ ਗਿਆ। ਮੈਂ ਤਾਂ ਐਵੇਂ ਕਹਿ ਬੈਠਾ। ਮੈਨੂੰ ਮਾਫ ਕਰ ਦਿਓ......। "

“ਹੈਂ, ਵੇਖੋ ਕਿੰਨਾ ਅੱਖੜ ਬੰਦਾ ਹੈ, ਕਿਸੇ ਦੀ ਸੁਣਦਾ ਹੀ ਨਹੀਂ।”

ਤੁਲਸੀ ਉਠਿਆ ਅਤੇ ਬੜੀ ਦੇਰ ਤੋਂ ਉਪਰਲੀਆਂ ਪੌੜੀਆਂ ਉਤੇ ਉਦਾਸ ਜਿਹਾ ਬੈਠਾ ਹੈ।

0

ਸ਼ਾਇਦ ਕੁਝ ਹੀ ਦਿਨ ਬਾਦ ਦੀ ਗੱਲ ਹੈ, ਮੈਂ ਪਾਣੀ ਪੀਣ ਲਈ ਉਪਰ ਆਇਆ ਹਾਂ। ਹਮੇਸ਼ਾਂ ਵਾਂਗ ਰਸੋਈ ਕੋਲ ਪੁੱਜ ਕੇ ਮੈਂ ਤੁਲਸੀ ਤੋਂ ਪਾਣੀ ਮੰਗਿਆ ਪਰ ਕੋਈ ਜਵਾਬ ਨਾ ਮਿਲਿਆ। ਮੈਂ ਮੁੜ ਪਾਣੀ ਲਈ ਆਖਦਾ ਹੋਇਆ ਰਸੋਈ ਘਰ ਦੇ ਅੰਦਰ ਵੇਖਦਾ ਹਾਂ। ਤੁਲਸੀ ਅੰਦਰ ਨਹੀਂ। ਮੈਂ ਛੱਜੇ ਉਤੇ ਜਾਂਦਾ ਹਾਂ, ਜਿੱਥੇ ਤੁਲਸੀ ਦੀ ਫਟੀ ਹੋਈ ਦਰੀ ਵਿਛੀ

ਰਹਿੰਦੀ ਹੈ। ਤੁਲਸੀ ਉਥੇ ਨਹੀਂ ਹੈ। ਮੈਂ ਭੱਜਦਾ ਭੱਜਦਾ ਜੰਗਲੇ ਕੋਲ ਜਾਂਦਾ ਹਾਂ। ਹੇਠਾਂ ਪਿਤਾ ਜੀ ਦੇ ਦਫਤਰ ਦੇ ਬਾਹਰ, ਘਰ ਦੇ ਸਾਰੇ ਮੈਂਬਰ ਖੜੇ ਹਨ, ਉਨ੍ਹਾਂ ਵਿਚਕਾਰ ਤੁਲਸੀ ਪਗੜੀ ਬੰਨ੍ਹੀ ਅਤੇ ਕੋਟ ਪਾਈ ਖੜਾ ਹੈ। ਮੈਂ ਭੱਜਦਾ ਹੋਇਆ ਹੇਠਾਂ ਪਹੁੰਚ ਜਾਂਦਾ ਹਾਂ।

ਪਿਛਲੇ ਪਾਸੇ, ਕੰਧ ਨਾਲ ਫਰਸ਼ ਉਤੇ ਇਕ ਛੋਟੀ ਜਹੀ ਗਠੜੀ ਰੱਖੀ ਹੋਈ ਹੈ। ਨੁੱਕਰ 'ਚ ਇਕ ਸੋਟੀ ਰੱਖੀ ਹੈ, ਜਿਸ ਨੂੰ ਸ਼ਾਇਦ ਕਈ ਸਾਲ ਪਹਿਲਾਂ ਤੁਲਸੀ ਆਪਣੇ ਪਿੰਡੋਂ ਲੈ ਕੇ ਆਇਆ ਸੀ।

“ਤੁਲਸੀ ਜਾ ਰਿਹਾ ਹੈ”, ਭਾਈ ਮੈਨੂੰ ਹੌਲੀ ਜਿਹੇ ਦੱਸਦਾ ਹੈ।

"ਏਧਰ ਆਓ ਤੁਲਸੀ!" ਅੰਦਰੋਂ ਪਿਤਾ ਜੀ ਦੀ ਆਵਾਜ਼ ਆਉਂਦੀ ਹੈ। ਪਰ ਤੁਲਸੀ ਉਵੇਂ ਦਾ ਉਵੇਂ ਹੀ ਰੋਣਹਾਕਾ ਜਿਹਾ ਖੜਾ ਹੈ।

"ਆ ਜਾ, ਆ ਜਾ, ਇਹ ਚਿੱਠੀ ਲੈ।"

ਅੱਗੇ ਵਧ ਕੇ ਤੁਲਸੀ ਪਿਤਾ ਜੀ ਦੇ ਪੈਰੀਂ ਪੈ ਗਿਆ। ਇਸ ਨਾਲ ਉਸ ਦੀ ਪੱਗ ਖੁਲ੍ਹ ਗਈ ਅਤੇ ਉਸ ਦਾ ਪੱਲਾ ਲਟਕ ਕੇ ਗਰਦਨ 'ਚ ਪੈ ਗਿਆ।

ਪਿਤਾ ਜੀ ਦੇ ਪੈਰ ਛੱਡ ਕੇ ਤੁਲਸੀ ਨੇ ਆਪਣੇ ਦੋਵਾਂ ਹੱਥਾਂ ਨਾਲ ਮਾਂ ਦੇ ਪੈਰ ਫੜ ਲਏ ਅਤੇ ਉਨ੍ਹਾਂ ਉਤੇ ਆਪਣਾ ਸਿਰ ਰੱਖ ਦਿੱਤਾ।

"ਉਠ… ਉਠ ਵੀ ਪੈ, ਇਹ ਚਿੱਠੀ ਵੈਦ ਜੀ ਨੂੰ ਦੇ ਦੇਈਂ। ਤੂੰ ਦੱਸ ਦੇਵੀਂ ਕਿ ਮੈਂ ਲਾਲਾ ਸੰਤ ਰਾਮ ਨਾਲ ਗੱਲ ਕਰ ਲਈ ਹੈ।”

ਤੁਲਸੀ ਨੂੰ ਉੱਠਣ 'ਚ ਦੇਰ ਲੱਗ ਰਹੀ ਹੈ, ਇਸ ਉਤੇ ਪਿਤਾ ਜੀ ਗੁੱਸੇ ਹੋ ਗਏ ਹਨ “ਹੁਣ ਉੱਠ ਵੀ, ਕੋਈ ਕੰਮ ਕਰਨ ਦੇਵੇਂਗਾ ਜਾਂ ਨਹੀਂ?"

"ਤੁਲਸੀ ਦੀ ਨੌਕਰੀ ਲੱਗ ਗਈ ਹੈ” ਭਰਾ ਨੇ ਮੈਨੂੰ ਦੱਸਿਆ। “ਹੁਣ ਇਹ ਗੁਰੂਕੁਲ ਸਮਾਜ ਦੇ ਦਵਾਈਖਾਨੇ 'ਚ ਕੰਮ ਕਰੇਗਾ।"

ਪਿਤਾ ਜੀ ਉਥੇ ਖੜੇ ਖੜੇ ਹੀ ਆਖਦੇ ਹਨ, 'ਚੰਗਾ, ਰੁਕ ਜਾ, ਘੰਟੇ ਕੁ ਨੂੰ ਚਲਾ ਜਾਵੀਂ। ਮੇਰੀਆਂ ਦੋ ਤਿੰਨ ਚਿੱਠੀਆਂ ਰਾਹ 'ਚ ਪਾਉਂਦਾ ਜਾਈਂ।"

ਇਸ ਗੱਲ ਉਤੇ ਮਾਂ ਖਿੱਝ ਕੇ ਕਹਿੰਦੀ ਹੈ, "ਵੇਖੋ ਜੀ, ਇਹ ਤੁਸੀਂ ਕੀ ਕਰਦੇ ਹੋ? ਐਡੇ ਵੱਡੇ ਵੱਡੇ ਤੁਹਾਡੇ ਮੁੰਡੇ ਹਨ, ਕੀ ਉਹ ਚਿੱਠੀਆਂ ਨਹੀਂ ਪਾ ਸਕਦੇ? ਇਸ ਵਿਚਾਰੇ ਤੋਂ ਅੱਜ ਵੀ ਚਿੱਠੀਆਂ ਪਵਾਉਗੇ?”

"ਭਾਗਵਾਨੇ, ਮੈਂ ਕੀ ਆਖਿਐ, ਇਹ ਕੋਈ ਪਰਦੇਸ ਜਾ ਰਿਹੈ? ਘੰਟਾ ਕੁ ਪਿੱਛੋਂ ਚਲਿਆ ਜਾਵੇਗਾ, ਤਾਂ ਕੀ ਹੋ ਜਾਵੇਗਾ? ਜਾਂਦਿਆਂ ਜਾਂਦਿਆਂ ਰਾਹ 'ਚ ਮੇਰੀਆਂ ਦੋ ਚਿੱਠੀਆਂ ਡਾਕਖਾਨੇ ਪਾਉਣ ਨਾਲ ਇਹਦੇ ਹੱਥਾਂ ਦੀ ਮਹਿੰਦੀ ਤਾਂ ਨਹੀਂ ਲਹਿੰਦੀ। ਚੰਗਾ, ਤੁਲਸੀ ਲੈ ਫੜ ਚਿੱਠੀ ਤੇ ਜਾ। ......... ਉਥੇ ਜ਼ਰਾ ਹੁਸ਼ਿਆਰੀ ਨਾਲ ਕੰਮ ਕਰਨਾ, ਸੁੱਤਾ ਨਾ ਰਹੀਂ, ਜਿਵੇਂ ਇਥੇ ਸੁੱਤਾ ਰਹਿੰਦਾ ਸੀ। ਜਿੰਨਾ ਗੁੜ ਪਾਵੇਂਗਾ, ਉਨਾ ਮਿੱਠਾ ਹੋਵੇਗਾ।"

ਮਾਂ ਮੈਨੂੰ ਇਕ ਪਾਸੇ ਲੈ ਜਾ ਕੇ ਕੰਨ 'ਚ ਆਖਦੀ ਹੈ, "ਰਸੋਈ 'ਚ ਕਾਨਸ ਉਤੇ ਤੇਲ ਦੀ ਕੌਲੀ ਪਈ ਹੈ, ਭੱਜਕੇ ਚੁਕ ਲਿਆ।"

ਮੈਂ ਮੁੜਦਾ ਹਾਂ ਤਾਂ ਮਾਂ ਮੈਨੂੰ ਸੁਚੇਤ ਕਰਦੀ ਹੈ, “ਪਿਤਾ ਜੀ ਨੂੰ ਕੁਝ ਨਾ ਦੱਸਣਾ, ਖਬਰਦਾਰ ਜੇ ਨਾਂ ਵੀ ਲਿਆ। ਕੌਲੀ ਲੈ ਕੇ ਡਿਉਢੀ 'ਚ ਆ ਜਾ ਮੈਂ ਉਥੇ ਹੀ ਆਉਂਦੀ ਹਾਂ।”

ਤੇਲ ਦੀ ਕੌਲੀ ਲੈ ਕੇ ਹੇਠਾਂ ਆਉਂਦਾ ਹਾਂ ਤਾਂ ਮਾਂ ਉਥੇ ਪਹਿਲਾਂ ਤੋਂ ਹੀ ਖੜ੍ਹੀ ਹੈ। ਬਿਮਲਾ ਵੀ ਉਥੇ ਹੀ ਹੈ, ਉਸ ਦੀਆਂ ਅੱਖਾਂ ਭਰੀਆਂ ਹਨ ਅਤੇ ਉਸ ਦਾ ਮੂੰਹ ਪੀਲਾ ਹੈ।

"ਕਿਤੇ ਤੇਰੇ ਪਿਤਾ ਜੀ ਏਧਰ ਨਾ ਆ ਜਾਣ" ਮੇਰੇ ਹੱਥੋਂ ਕੌਲੀ ਲੈਂਦਿਆਂ ਮੇਰੀ ਮਾਂ ਆਖਦੀ ਹੈ। ਇਸ ਪਿੱਛੋਂ ਉਹ ਥੋੜ੍ਹਾ ਕੁ ਤੇਲ ਦੇਹਲੀ ਦੇ ਇਕ ਸਿਰੇ ਅਤੇ ਥੋੜ੍ਹਾ ਕੁ ਦੂਜੇ ਸਿਰੇ ਉੱਤੇ ਪਾ ਦਿੰਦੀ ਹੈ।

ਤੁਲਸੀ ਡਿਉਢੀ ਵੱਲ ਨਹੀਂ ਆ ਰਿਹਾ। ਉਸ ਦੀ ਆਵਾਜ਼ ਵੀ ਆਉਣੋਂ ਬੰਦ ਹੋ ਗਈ ਹੈ।

ਮੇਰਾ ਭਾਈ ਡਿਉਢੀ 'ਚ ਆ ਗਿਆ ਹੈ। "ਤੁਲਸੀ ਤਾਂ ਚਲਿਆ ਗਿਆ, ਮਾਤਾ ਜੀ, ਉਹ ਤਾਂ ਦਫ਼ਤਰ ਦੇ ਦਰਵਾਜ਼ੇ ਵਲੋਂ ਚਲਿਆ ਗਿਆ।”

ਮਾਂ ਦੰਦ ਕਿਰਚਦੀ ਹੀ ਰਹਿ ਜਾਂਦੀ ਹੈ। ਉਹ ਬਹੁਤ ਨਿਰਾਸ਼ ਹੁੰਦੀ ਹੈ। ਮੈਂ ਛੇਤੀ ਦੇਣੇ ਬਾਹਰ ਵੱਲ ਵੇਖਦਾ ਹਾਂ। ਤੁਲਸੀ ਖੇਲ੍ਹ ਕੋਲ ਪੁੱਜ ਗਿਆ ਹੈ। ਮੋਢੇ ਉਤੇ ਸੋਟੀ ਰੱਖੀ ਖੱਬੇ ਹੱਥ ਗਠੜੀ ਫੜੀ ਪੱਗ ਅਤੇ ਕੋਟ ਪਾਈ, ਤੁਲਸੀ ਬੜਾ ਓਪਰਾ ਜਿਹਾ ਲੱਗਦਾ ਹੈ।

"ਚੰਗਾ, ਰੱਬ ਦੀਆਂ ਰੱਖਾਂ। ਜਿੱਥੇ ਰਹੇ, ਸੁਖੀ ਰਹੇ।" ਇਕ ਵਾਰ ਦੇਹਲੀ ਦੇ ਸਿਰਿਆਂ ਉੱਤੇ ਤੇਲ ਦੀਆਂ ਬੂੰਦਾਂ ਸੁੱਟ ਮੈਨੂੰ ਫੜਾ ਕੇ ਦਫਤਰ ਵੱਲ ਜਾਣ ਲੱਗਦੀ ਹੈ। ਮਾਂ ਹੌਲੀ ਜਿਹੇ ਆਖਦੀ ਹੋਈ ਸਿੱਟ ਦਿੰਦੀ ਹੈ। ਇਸ ਮਗਰੋਂ ਮਾਂ ਕੌਲੀ ਮੈਨੂੰ ਫੜਾ ਕੇ ਦਫ਼ਤਰ ਵੱਲ ਜਾਣ ਲੱਗਦੀ ਹੈ।

ਰਸੋਈ ਵਿਚ ਜਦੋਂ ਕੌਲੀ ਰੱਖ ਕੇ ਮੈਂ, ਵਾਪਸ ਆਉਂਦਾ ਹਾਂ ਤਾਂ ਵੇਖਦਾ ਹਾਂ ਕਿ ਘਰ ਦੇ ਸਾਰੇ ਜੀਅ ਪਿਤਾ ਜੀ ਦੇ ਦਫਤਰ 'ਚ ਬੈਠੇ ਹਨ। ਪਿਤਾ ਜੀ ਜਦੋਂ ਚਿੱਠੀਆਂ ਟਾਈਪ ਨਹੀਂ ਕਰਦੇ ਤਾਂ ਸਿਰ ਟੇਢਾ ਕਰਕੇ ਖਿੜਕੀ ਤੋਂ ਬਾਹਰ ਵੇਖਦੇ ਰਹਿੰਦੇ ਹਨ। ਦੂਜੇ ਪਾਸੇ ਮਾਤਾ ਜੀ ਚਮੜੇ ਦੇ ਬੈਂਚ ਉੱਤੇ ਦੋਨੋਂ ਪੈਰ ਲਟਕਾਈ ਬੈਠੀ ਹੈ। ਬਿਮਲਾ ਮਾਂ ਦੇ ਕੋਲ ਬੈਠੀ ਹੈ ਅਤੇ ਮੇਰਾ ਵੱਡਾ ਭਰਾ ਬਲਦੇਵ ਕਾਨਸ ਨਾਲ ਪਿੱਠ ਲਾਈ ਖੜ੍ਹਾ ਹੈ।

ਥੋੜ੍ਹੀ ਦੇਰ ਮਗਰੋਂ ਪਿਤਾ ਜੀ ਹੌਲੀ ਜਿਹੇ ਆਖਦੇ ਹਨ, "ਗੁਰੂਕੁਲ ਸਮਾਜ ਵਾਲਿਆਂ ਨੇ ਮੇਰੇ ਆਦਮੀ ਨੂੰ ਰੱਖ ਤਾਂ ਲਿਆ ਹੈ, ਪਰ ਉਨ੍ਹਾਂ ਦਾ ਕੋਈ ਪਤਾ ਨਹੀਂ। ਵੀਹ ਵਾਰ ਗੱਲ ਨੂੰ ਚਤਾਰਨਗੇ।"

‘‘ਤੁਸੀਂ ਜਿਹੜਾ ਉਸ ਦੀ ਪਿੱਠ ਉਤੇ ਹੱਥ ਰੱਖਿਆ ਹੈ, ਇਹ ਬਹੁਤ ਵੱਡੀ ਗੱਲ ਹੈ। ਅੱਗੇ ਉਸ ਦੇ ਆਪਣੇ ਭਾਗ ਹਨ।”

"ਪਿਤਾ ਜੀ ਮੁੜ ਖਿੜਕੀ ਤੋਂ ਬਾਹਰ ਵੇਖਣ ਲੱਗੇ ਹਨ ਅਤੇ ਥੋੜ੍ਹੀ ਦੇਰ ਮਗਰੋਂ ਸਿਰ ਹਿਲਾ ਕੇ ਕਹਿੰਦੇ ਹਨ 'ਤੁਲਸੀ, ਦਿਲ ਦਾ ਭੋਲਾ ਸੀ, ਸਾਊ ਮੁੰਡਾ ਹੈ, ਹੱਥਾਂ ਦਾ ਵੀ ਬਹੁਤ ਸਾਫ ਹੈ।"

ਮਾਂ ਚੁੱਪ ਰਹੀ। ਪਿਤਾ ਜੀ ਬਾਹਰ ਵੇਖਦੇ ਹੋਏ ਆਖੀ ਜਾ ਰਹੇ ਹਨ, "ਪਰ ਦਿਮਾਗ਼ ਦਾ ਮੋਟਾ ਹੈ। ਮੋਟੀ ਬੁੱਧੀ ਵਾਲਾ ਹੈ।" ਉਹ ਇਸ ਫਿਕਰੇ ਨੂੰ ਸਿਰ ਹਿਲਾ ਹਿਲਾ ਕੇ ਫਿਰ ਆਖਦੇ ਹਨ, ''ਬੁੱਧੀ ਮੋਟੀ ਹੈ। ਉਸ ਦਾ ਬਣਦਾ ਬਣਾਉਂਦਾ ਕੁਝ ਨਹੀਂ ਉਸ ਦੀ ਬੁੱਧ ਮੋਟੀ ਹੈ।"

"ਵੇਖੋ ਜੀ, ਹੁਣੇ ਹੁਣੇ ਉਹ ਘਰੋਂ ਗਿਆ ਹੈ। ਭਲੀ ਗੱਲ ਆਖੋ। ਜਿਹੜਾ ਆਦਮੀ ਚਲਿਆ ਗਿਆ ਉਸ ਦੀ ਸੁੱਖ ਹੀ ਮੰਗਣੀ ਚਾਹੀਦੀ ਹੈ।"

"ਮੈਂ ਕੀ ਆਖਿਐ? ਹੱਥ ਪੈਰ ਹਿਲਾਉਗਾ, ਤਦ ਹੀ ਕੁਝ ਕਰੇਗਾ, ਸਿਰਫ ਵੇਦ-ਮੰਤਰ ਪੜ੍ਹਨ ਨਾਲ ਕੰਮ ਤਾਂ ਨਹੀਂ ਹੁੰਦੇ।"

ਮਾਂ ਕੁਝ ਕਹਿਣਾ ਚਾਹੁੰਦੀ ਹੈ, ਪਰ ਫਿਰ ਚੁਪ ਹੋ ਜਾਂਦੀ ਹੈ।

0

ਭਰਾ ਨੇ ਮੂੰਹ ਤੋਂ ਰਜਾਈ ਲਾਹ ਦਿੱਤੀ। ਰਜਾਈ ਨਾਲ ਮੂੰਹ ਢੱਕ ਕੇ ਉਸਨੂੰ ਸੋਣ ਦੀ ਆਦਤ ਨਹੀਂ। ਪਰ ਮੈਨੂੰ ਰਜਾਈ ਵਿਚ ਗੋਡੇ ਮੋੜ ਕੇ ਛਾਤੀ ਨਾਲ ਲਾ ਕੇ, ਦੋਨੋਂ ਹੱਥਾਂ ਨੂੰ ਲੱਤਾਂ ਵਿਚ ਦਬਾਕੇ ਸੌਣਾ ਚੰਗਾ ਲਗਦਾ ਹੈ।

"ਮੇਰੇ ਵੱਲ ਮੂੰਹ ਕਰ।" ਮੈਂ ਆਪਣੇ ਭਰਾ ਨੂੰ ਆਖਦਾ ਹਾਂ

"ਨਹੀਂ ਸੌਂ ਜਾ, ਮੈਨੂੰ ਨੀਂਦ ਆਉਂਦੀ ਹੈ।"

"ਤੂੰ ਮੈਨੂੰ ਧੱਕ ਕੇ ਬਾਹੀ ਕੋਲ ਕਰ ਦਿੱਤਾ ਹੈ, ਅਤੇ ਰਜ਼ਾਈ ਵੀ ਖਿੱਚ ਲਈ, ਮੇਰੀ ਪਿੱਠ ਨੰਗੀ ਪਈ ਐ।"

"ਗੱਲਾਂ ਨਾ ਕਰ, ਬਿਮਲਾ ਭੈਣ ਬਿਮਾਰ ਹੈ, ਸੌਂ ਜਾ।”

"ਪਿਤਾ ਜੀ ਨਹੀਂ ਆਏ। ਕੀ ਪਿਤਾ ਜੀ ਇਥੇ ਨਹੀਂ ਸੌਣਗੇ।”

“ਪਿਤਾ ਜੀ ਭੈਣ ਦੇ ਕਮਰੇ 'ਚ ਹਨ। ਤੂੰ ਸੌਂ ਜਾ!”

ਛੋਟੀ ਭੈਣ ਨੂੰ ਕੁਝ ਦਿਨ ਪਹਿਲਾਂ ਹੀ ਲਾਹੌਰ ਤੋਂ ਲਿਆਂਦਾ ਹੈ। ਜਦੋਂ ਉਸਨੂੰ ਘਰ ਦੇ ਅੰਦਰ ਲਿਆਂਦਾ ਸੀ ਤਾਂ ਉਹ ਛੋਟੇ ਪਾਵਿਆਂ ਵਾਲੇ ਮੰਜੇ ਉੱਤੇ ਪਈ ਹੋਈ ਸੀ। ਮੰਜੇ ਉੱਤੇ ਸਫੈਦ ਚਾਦਰ ਵਿਛੀ ਹੋਈ ਸੀ ਅਤੇ ਉਹ ਆਪ ਵੀ ਚਿੱਟੀ ਚਾਦਰ ਵਿਚ ਲਿਪਟੀ ਪਈ ਸੀ, ਸਿਰਫ ਉਸ ਦਾ ਨੱਕ ਅਤੇ ਗੱਲ੍ਹਾਂ ਹੀ ਨਜ਼ਰ ਆ ਰਹੀਆਂ ਸਨ। ਪਿਤਾ ਜੀ ਸਾਨੂੰ ਉਸ ਕੋਲ ਜਾਣ ਨਹੀਂ ਦਿੰਦੇ ਸਨ। ਉਸ ਦਿਨ ਪਿਤਾ ਜੀ ਕਮਰੇ ਦੀ ਨੁੱਕਰ ਵਿਚ ਖੜੇ ਡਾ: ਰਾਮ ਨਾਰਾਇਣ ਨਾਲ ਬੜੀ ਦੇਰ ਤੱਕ ਗੱਲਾਂ ਕਰਦੇ ਰਹੇ ਸਨ। ਡਾ: ਰਾਮ ਨਾਰਾਇਣ ਕੱਦ 'ਚ ਪਿਤਾ ਜੀ ਤੋਂ ਲੰਮੇ ਹਨ, ਮੈਂ ਉਨ੍ਹਾਂ ਕੋਲ ਗਿਆ ਤਾਂ ਪਿਤਾ ਜੀ ਨੇ ਮੈਨੂੰ ਉਥੋਂ ਭੇਜ ਦਿੱਤਾ। ਉਸ ਵੇਲੇ ਪਿਤਾ ਜੀ ਕਿਸੇ ਅੰਗਰੇਜ਼ ਡਾਕਟਰ ਹੈਰੀਸਨ ਦਾ ਨਾਂ ਲੈ ਰਹੇ ਸਨ ਅਤੇ ਕਹਿ ਰਹੇ ਸਨ ਕਿ ਬਿਮਲਾ ਦੇ ਮੂੰਹ ਉੱਤੇ ਸੋਜਾ ਹੈ।

ਮੈਂ ਆਪਣੇ ਮਨ ਹੀ ਮਨ ਅੰਦਰ ਸੋਚੀ ਜਾਂਦਾ ਹਾਂ ਕਿ ਭੈਣ ਬਿਮਾਰ ਹੈ, ਉਸਦੇ ਮੂੰਹ ਉੱਤੇ ਸੋਜਾ ਹੈ, ਪਰ ਇਸ ਦਾ ਜਿਵੇਂ ਮੇਰੇ ਉੱਤੇ ਕੋਈ ਅਸਰ ਹੀ ਨਹੀਂ ਹੁੰਦਾ। ਘਰ ’ਚ ਬਾਕੀ ਸਾਰੇ ਚੁੱਪ ਹਨ, ਪਰ ਮੇਰੇ ਲਈ ਚੁੱਪ ਰਹਿ ਸਕਣਾ ਜਿਵੇਂ ਬਹੁਤ ਹੀ ਔਖਾ ਹੋਵੇ।

'ਚੱਲ, ਬਾਹਰ ਚੱਲ ਕੇ ਵੇਖੀਏ ਉਹ ਆਦਮੀ ਜ਼ਰੂਰ ਆਇਆ ਹੋਵੇਗਾ।”

"ਕੌਣ?" ਭਰਾ ਪਾਸਾ ਬਦਲਕੇ ਪੁੱਛਦਾ ਹੈ।

"ਉਹ ਹੀ ਜਿਹੜਾ ਹਰ ਰੋਜ਼ ਆਥਣੇ ਆਉਂਦਾ ਹੈ, ਤੂੰ ਆਖਿਆ ਸੀ ਜਦੋਂ ਆਵੇ ਤਾਂ ਮੈਨੂੰ ਵਿਖਾਉਣਾ।'"

"ਤੂੰ ਪਹਿਲਾਂ ਜਾ ਕੇ ਵੇਖ ਆ।"

ਮੈਂ ਮੰਜੇ ਤੋਂ ਉੱਠ ਕੇ ਚੁੱਪ ਚਾਪ ਛੱਜੇ ਉੱਤੇ ਜਾਣ ਦੀ ਬਜਾਏ ਵਿਹੜਾ ਲੰਘਕੇ, ਪੌੜੀਆਂ ਉੱਤਰ ਜਾਂਦਾ ਹਾਂ। ਪੌੜੀਆਂ ਵਿਚਕਾਰ ਇਕ ਛੋਟੀ ਜਿਹੀ ਖਿੜਕੀ ਹੈ, ਜਿਹੜੀ ਸੜਕ ਵੱਲ ਖੁੱਲਦੀ ਹੈ। ਮੈਂ ਬਾਹਰ ਵੱਲ ਝਾਕਦਾ ਹਾਂ। ਉਹ ਆਦਮੀ ਸੱਚੀ ਮੁੱਚੀ ਘਰ ਦੇ ਸਾਹਮਣੇ ਖੜ੍ਹਾ ਹੈ। ਪਿੱਠ ਪਿੱਛੇ ਹੱਥ ਰੱਖੀ ਉਹ ਘਰ ਵੱਲ ਵੇਖੀ ਜਾ ਰਿਹਾ ਹੈ। ਹੁਣ ਉਹ ਉੱਪਰ ਛੱਜੇ ਵੱਲ ਵੇਖਣ ਲੱਗ ਪਿਆ। ਇਹ ਆਦਮੀ ਕੌਣ ਹੈ? ਇਥੇ ਕਿਉਂ ਆਉਂਦਾ ਹੈ? ਉਹ ਦਰਵਾਜ਼ਾ ਕਿਉਂ ਨਹੀਂ ਖੜਕਾਉਂਦਾ ਅਤੇ ਅੰਦਰ ਕਿਉਂ ਨਹੀਂ ਆਉਂਦਾ? ਮੈਂ ਚੁੱਪਚਾਪ ਉਸਨੂੰ ਵੇਖਦਾ ਰਹਿੰਦਾ ਹਾਂ. ਫਿਰ ਪੌੜੀਆਂ ਚੜ੍ਹ ਕੇ ਜਲਦੀ ਜਲਦੀ ਕਮਰੇ 'ਚ ਵਾਪਸ ਆ ਜਾਂਦਾ ਹਾਂ।

"ਸੱਚੀਂ ਮੁੱਚੀਂ ਉਹ ਬਾਹਰ ਖੜਾ ਹੈ, ਚੱਲ ਵੇਖ।" ਮੈਂ ਆਪਣੇ ਭਰਾ ਨੂੰ ਮੋਢਿਆ ਤੋਂ ਫੜ ਕੇ ਝੰਜੋੜਦਾ ਹਾਂ। "ਅੱਜ ਉਹ ਫੇਰ ਆਇਆ ਹੈ।"

ਇਸ ਦੌਰਾਨ ਮੇਰੇ ਭਰਾ ਨੂੰ ਨੀਂਦ ਦਾ ਝੂਟਾ ਆ ਗਿਆ ਸੀ। ਉਹ ਪਾਸਾ ਬਦਲ ਕੇ ਮੇਰੇ ਵੱਲ ਮੂੰਹ ਕਰਕੇ ਪੁੱਛਦਾ ਹੈ, "ਕੌਣ ਆਇਆ? ਅਤੇ ਮੈਨੂੰ 'ਤੂੰ' ਕਰਕੇ ਨਾ ਸੱਦਿਆ ਕਰ, ਵੀਰ ਜੀ ਕਹਿ ਕੇ ਬੁਲਾਇਆ ਕਰ।"

"ਉਹ ਹੀ ਜਿਹੜਾ ਰੋਜ਼ ਆਉਂਦਾ ਹੈ, ਹੇਠਾਂ ਖੜ੍ਹਾ ਹੈ, ਵੀਰ ਜੀ!"

ਮੈਨੂੰ ਇੰਜ ਜਾਪਦਾ ਹੈ ਜਿਵੇਂ ਹਨੇਰੇ ਵਿਚ ਭਰਾ ਮੇਰੇ ਚਿਹਰੇ ਨੂੰ ਚੁੱਪ-ਚਾਪ ਵੇਖੀ ਜਾ ਰਿਹਾ ਹੈ। ਫਿਰ ਉਹ ਇਕ ਦਮ ਖੜਾ ਹੋ ਜਾਂਦਾ ਹੈ ਅਤੇ ਨੰਗੇ ਪੈਰੀਂ ਕਮਰਾ ਪਾਰ ਕਰ ਬਾਹਰ ਚਲਿਆ ਜਾਂਦਾ ਹੈ। ਮੈਂ ਉਸ ਦੇ ਪਿੱਛੇ ਪਿੱਛੇ ਹੋ ਲੈਂਦਾ ਹਾਂ। ਅਸੀਂ ਦੋਵੇਂ ਪੌੜੀਆਂ ਵਿਚਲੀ ਛੋਟੀ ਜਿਹੀ ਖਿੜਕੀ ਰਾਹੀਂ ਬਾਹਰ ਵੇਖ ਰਹੇ ਹਾਂ। ਆਦਮੀ ਪਰਛਾਵੇਂ ਵਾਂਗ ਹਨੇਰੇ 'ਚ ਹਿਲਦਾ ਨਜ਼ਰ ਆਉਂਦਾ ਹੈ। ਭਾਈ ਦੇਰ ਤੱਕ ਉਸਨੂੰ ਵੇਖਦਾ ਰਹਿੰਦਾ ਹੈ।

"ਹੁਣ ਇਹ ਰੋਜ਼ ਆਉਣ ਲੱਗ ਪਿਆ ਹੈ, ਕੱਲ੍ਹ ਵੀ ਆਇਆ ਸੀ।"

"ਇਹ ਆਪਣਾ ਭਣੋਈਆ ਬਣੇਗਾ! ਬਿਮਲਾ ਭੈਣ ਦੀ ਇਸ ਨਾਲ ਸ਼ਾਦੀ ਹੋਵੇਗੀ! ਇਸ ਦਾ ਨਾ ਜਸਵੰਤ ਹੈ! ਭਾਈ ਨੇ ਦਸਿਆ!

"ਤੈਨੂੰ ਕਿਵੇਂ ਪਤਾ?"

"ਮੈਨੂੰ ਸਾਰਾ ਪਤੇ!" ਭਰਾ ਆਖਦਾ ਹੈ ਅਤੇ ਉਨ੍ਹੀਂ ਪੈਰੀਂ ਪੌੜੀਆਂ ਚੜ੍ਹ ਕੇ ਸਿੱਧਾ ਪੁਰਾਣੇ ਕਮਰੇ 'ਚ ਮਾਤਾ ਜੀ ਕੋਲ ਪੁੱਜ ਜਾਂਦਾ ਹੈ!

ਕਾਨਸ ਕੋਲ ਨੁੱਕਰ 'ਚ ਚਾਰ ਤੀਵੀਆਂ ਚੁੱਪ-ਚਾਪ ਬੈਠੀਆਂ ਹਨ! ਕਾਨਸ ਉੱਤੇ ਰੱਖੀ ਲਾਲਟੈਨ ਦੀ ਮੱਧਮ ਜਿਹੀ ਰੌਸ਼ਨੀ ਇਨ੍ਹਾਂ ਉੱਤੇ ਪੈ ਰਹੀ ਹੈ! ਚਾਰੇ ਜਣੀਆਂ ਹੀ ਚੁੱਪਚਾਪ ਉਦਾਸ ਬੈਠੀਆਂ ਹਨ। ਚਾਰਾਂ ਦੇ ਸਿਰਾਂ ਉੱਤੇ ਦੁਪੱਟੇ ਹਨ। ਚੌਥੀ ਤੀਵੀਂ ਮੇਰੀ ਮਾਮੀ ਹੈ, ਇਹ ਕਦੋਂ ਆਈ? ਕੋਲ ਬੈਠੀ ਭੂਆ ਨਾਲੋਂ ਕਿੰਨੀ ਛੋਟੀ ਲਗਦੀ ਹੈ। ਪਿਛਲੇ ਪਾਸੇ ਹਰੇ ਰੰਗ ਦੇ ਫੱਟਿਆਂ ਵਾਲੀ ਅਲਮਾਰੀ ਹੈ, ਜਿਸ ਉੱਤੇ ਚਾਕ ਨਾਲ ਲਕੀਰਾਂ ਖਿੱਚੀਆਂ ਹੋਈਆਂ ਹਨ ਅਤੇ ਵਿਚਕਾਰ ਲਿਖਿਆ ਹੋਇਆ ਹੈ, ਇਹ ਅਲਮਾਰੀ ਬਿਮਲਾ ਦੀ ਹੈ। ਇਸ ਅਲਮਾਰੀ ਦੇ ਹੇਠਾਂ ਵਿਦਿਆ ਭੈਣ ਜੀ ਬੈਠੇ ਹਨ। ਉਹ ਵੀ ਅੱਜ ਘਰ ਆਏ ਹੋਏ ਹਨ, ਰਸੋਈ ਦੇ ਨਾਲ ਵਾਲੇ ਕਮਰੇ 'ਚ ਰਹਿੰਦੇ ਹਨ। ਉਸ ਦਾ ਢਿੱਡ ਅੱਜ ਕੱਲ੍ਹ ਵਧਿਆ ਹੋਇਆ ਹੈ।

"ਮਾਤਾ ਜੀ, ਹੇਠਾਂ ਸੜਕ ਉੱਤੇ ਜਸਵੰਤ ਜੀ ਖੜੇ ਹਨ। ਹਰ ਰੋਜ਼ ਸ਼ਾਮ ਨੂੰ ਆਉਂਦੇ ਹਨ ਤੇ ਵਾਪਸ ਪਰਤ ਜਾਂਦੇ ਹਨ।'"

ਮਾਂ ਨੇ ਹੌਲੀ ਜਿਹੇ ਆਪਣਾ ਸਿਰ ਉਤਾਂਹ ਕੀਤਾ। ਲਾਲਟੈਨ ਦੀ ਮੱਧਮ ਰੋਸ਼ਨੀ ਮਾਂ ਦੇ ਮੂੰਹ ਉੱਤੇ ਪੈਂਦੀ ਹੈ। ਮਾਂ ਦੀਆਂ ਅੱਖਾਂ ਟੋਡੀਆਂ ਹੋ ਰਹੀਆਂ ਹਨ। ਇਸ ਤੋਂ ਪਹਿਲਾਂ ਮਾਂ ਦਾ ਚਿਹਰਾ ਇੰਜ ਕਦੀ ਨਹੀਂ ਸੀ ਹੋਇਆ।

"ਮਾਤਾ ਜੀ, ਹੇਠਾਂ ਜਸਵੰਤ ਜੀ ਆਏ ਹਨ।" ਭਾਈ ਨੇ ਫਿਰ ਆਖਿਆ।

ਮਾਂ ਟੇਡੀਆਂ, ਸੁੰਗੜੀਆਂ ਅੱਖਾਂ ਨਾਲ ਭਾਈ ਵੱਲ ਵੇਖਦੀ ਹੈ, ਤੇ ਫਿਰ ਸਿਰ ਹਿਲਾ ਦਿੰਦੀ ਹੈ ਜਿਵੇਂ ਇਹ ਦੱਸਣ ਲਈ ਕਿ ਉਸ ਨੇ ਉਹਦੀ ਗੱਲ ਸੁਣ ਲਈ ਹੈ।

ਭਾਈ ਚੁੱਪ-ਚਾਪ ਮੁੜ ਆਉਂਦਾ ਹੈ, ਅਤੇ ਅਸੀਂ ਦੋਵੇਂ ਫਿਰ ਮੰਜੇ ਉਤੇ ਲੇਟ ਜਾਂਦੇ ਹਾਂ। ਘਰ ਵਿਚ ਪਹਿਲਾਂ ਵਰਗੀ ਹੀ ਚੁੱਪ ਹੈ। ਪਿਤਾ ਜੀ ਅਜੇ ਵੀ ਭੈਣ ਦੇ ਕਮਰੇ 'ਚ ਹਨ। ਕੰਧ ਉਤੇ ਲੱਗੇ ਘੰਟੇ ਨੇ ਗਿਆਰਾਂ ਵਜਾਏ ਹਨ। ਮੈਨੂੰ ਹੌਲੀ ਹੌਲੀ ਨੀਂਦ ਆਉਣ ਲੱਗੀ ਹੈ।

ਅਚਾਨਕ ਮੈਂ ਉਬੜਵਾਹੇ ਜਾਗ ਪਿਆ। ਇਹ ਪਿਤਾ ਜੀ ਦੀ ਆਵਾਜ਼ ਹੈ। 'ਮੰਤਰ ਪੜ੍ਹੋ।" ਉਹ ਕਹਿ ਰਹੇ ਹਨ "ਮੰਤਰ ਪੜ੍ਹੋ", ਬਿਮਲਾ ਰਾਣੀ ਕਹਿੰਦੀ ਹੈ, ਮੰਤਰ ਪੜ੍ਹੋ।"

ਪਿਤਾ ਜੀ ਦੀ ਆਵਾਜ਼ ਬਿੜਕ ਰਹੀ ਹੈ। ਅਤੇ ਉਹ ਆਪ ਵੀ ਕੰਬਦੀ ਹੋਈ ਆਵਾਜ਼ ਵਿਚ

ਮੰਤਰ ਬੋਲਣ ਲਗਦੇ ਹਨ :-

"ਤਮੀ ਸ੍ਵਰਣਾ ਪਰਮੰ ਮਹੇਸ੍ਵਰਅਮ

ਤਮ ਦੇਵਤਾ ਨਾਮ

ਪਰਮ 'ਚ ਦੈਵਤਅਮ ..."

ਮਾਸੀ ਵੀ ਮੰਤਰ ਪੜ੍ਹਨ ਲਗੀ ਹੈ। ਭੂਆ ਵੀ ਮੰਤਰ ਪੜ੍ਹ ਰਹੀ ਹੈ। ਬਿਮਲਾ ਦੀ ਅਲਮਾਰੀ ਦੇ ਹੇਠਾਂ ਬੈਠੀ ਵਿਦਿਆ ਭੈਣ ਵੀ ਮੰਤਰ ਪੜ੍ਹਨ ਲੱਗੀ ਹੈ। ਮੇਰੀ ਮਾਂ ਮੰਤਰ ਨਹੀਂ ਪੜ੍ਹ ਰਹੀ। ਕੀ ਅਸੀਂ ਵੀ ਮੰਤਰ ਪੜ੍ਹੀਏ। ਮੰਤਰ ਭਾਵੇਂ ਮੈਨੂੰ ਵੀ ਜ਼ਬਾਨੀ ਯਾਦ ਹਨ, ਪਰ ਮੈਥੋਂ ਬੋਲਿਆ ਨਹੀਂ ਜਾ ਰਿਹਾ। ਭਾਈ ਮੇਰੇ ਵੱਲ ਪਿੱਠ ਕਰੀ ਚੁੱਪ-ਚਾਪ ਸੁੱਤਾ ਪਿਆ ਹੈ। ਕਦੇ ਕਦੇ ਪਿਤਾ ਜੀ ਦੇ ਪੈਰਾਂ ਦੀ ਆਵਾਜ਼ ਆਉਂਦੀ ਹੈ। ਕੀ ਪਿਤਾ ਜੀ ਇਸ ਵੇਲੇ ਵੀ ਟਹਿਲ ਰਹੇ ਹਨ?

ਇਹ ਸਾਰੇ ਇਸ ਵੇਲੇ ਮੰਤਰ ਕਿਉਂ ਪੜ੍ਹ ਰਹੇ ਹਨ? ਬਿਮਲਾ ਕਿਉਂ ਚਾਹੁੰਦੀ ਹੈ ਕਿ ਅਸੀਂ ਵੀ ਮੰਤਰ ਪੜ੍ਹੀਏ? ਬਿਮਲਾ ਭੈਣ ਬੀਮਾਰ ਹੈ, ਉਸਦੇ ਮੂੰਹ ਉਤੇ ਸੋਜਾ ਹੈ ਮੈਂ ਆਪਣੇ ਨਾਲ ਇਹ ਗੱਲਾਂ ਕਰ ਰਿਹਾ ਹਾਂ। ਪਰ ਇਸ ਦਾ ਮੇਰੇ ਉਤੇ ਕੋਈ ਅਸਰ ਨਹੀਂ ਹੁੰਦਾ। ਉਹ ਸਾਰੇ ਕਾਫੀ ਦੇਰ ਤੱਕ ਮੰਤਰ ਪੜ੍ਹਦੇ ਰਹਿੰਦੇ ਹਨ।

'"ਚਲੀ ਗਈ। ਬਿਮਲਾ ਚਲੀ ਗਈ।" ਮੰਤਰ ਪੜ੍ਹਦਿਆਂ ਪੜ੍ਹਦਿਆਂ ਹੀ ਪਿਤਾ ਜੀ ਦੀ ਕੰਬਦੀ ਹੋਈ ਆਵਾਜ਼ ਸੁਣਾਈ ਦਿੰਦੀ ਹੈ, "ਵਿਦਿਆ ਰਾਣੀ, ਤੇਰੀ ਭੈਣ ਤੁਰ ਗਈ।"

"ਹਾਏ!" ਮਾਸੀ ਦੀ ਆਵਾਜ਼ ਹੈ। "ਹਾਏ ਬਿਮਲਾ, ਮੇਰੀ ਬੱਚੀਏ!'" ਸਾਰੇ ਰੋਣ-ਕੁਰਲਾਉਣ ਲਗਦੇ ਹਨ। ਭਾਈ ਇਕਦਮ ਬਿਸਤਰੇ ਤੋਂ ਉੱਠ ਪੈਂਦਾ ਹੈ। ਮੈਨੂੰ ਅਜੇ ਵੀ ਸਾਫ ਸਾਫ ਸਮਝ ਨਹੀਂ ਪੈਂਦੀ ਕਿ ਕੀ ਹੋਇਆ ਹੈ। ਕਮਰੇ ਵਿਚ ਹਨੇਰਾ ਹੈ, ਪੁਰਾਣੇ ਕਮਰੇ 'ਚੋਂ ਮੱਧਮ ਜਿਹੇ ਚਾਨਣ ਦੀ ਪਤਲੀ ਜਿਹੀ ਕਿਰਨ ਸਾਡੇ ਕਮਰੇ 'ਚ ਆ ਰਹੀ ਹੈ।

ਭਰਾ ਮੰਜੇ ਤੋਂ ਹੇਠਾਂ ਉਤਰ ਕੇ, ਸਿੱਧਾ ਪੁਰਾਣੇ ਕਮਰੇ ਵੱਲ ਤੁਰ ਗਿਆ। ਮੈਂ ਵੀ ਉਸਦੇ ਪਿੱਛੇ ਪਿੱਛੇ ਉਥੇ ਪੁੱਜ ਜਾਂਦਾ ਹਾਂ। ਕਮਰੇ ਵਿਚਕਾਰ ਪਿਤਾ ਜੀ ਖੜੇ ਹਨ। ਪਿਤਾ ਜੀ ਨੇ ਦਿਨ ਵਾਲੇ ਸਾਰੇ ਕਪੜੇ ਪਾਏ ਹੋਏ ਹਨ, ਸਿਰ ਉਤੇ ਪੱਗ ਵੀ ਹੈ, ਕੋਟ ਵੀ ਪਾਇਆ ਹੋਇਆ ਹੈ। ਪਰ ਪਿਤਾ ਜੀ ਦੀ ਪੱਗ ਦਾ 'ਟੌਰਾ' ਡਿੱਗਿਆ ਹੋਇਆ ਹੈ, ਜਿਸ ਨੂੰ ਉਹ ਹਮੇਸ਼ਾਂ ਹੀ ਤਣਕੇ ਰਖਦੇ ਹਨ। ਉਸ ਡਿੱਗੇ ਟੋਰੇ ਨਾਲ ਹੀ ਉਹ ਆਪਣੀਆਂ ਅੱਖਾਂ ਪੂੰਝਦੇ ਹਨ, ਕਦੇ ਕਦੇ ਸਾਫੇ ਦੇ ਉਸ ਲੜ ਨੂੰ ਉਹ ਆਪਣੇ ਮੂੰਹ 'ਚ ਤੁੰਨ ਲੈਂਦੇ ਹਨ। ਵੱਡੀ ਭੈਣ ਨਿਢਾਲ ਜਹੀ ਹੋਈ ਕੰਧ ਨਾਲ ਪਿੱਠ ਲਾਈ ਦੋਨੋਂ ਗੋਡਿਆਂ ਨੂੰ ਚੁੱਕੀ ਫਰਸ਼ ਉਤੇ ਬੈਠੀ ਹੈ। ਉਸਦਾ ਸਿਰ ਇਕ ਪਾਸੇ ਝੁਕਿਆ ਹੋਇਆ ਹੈ ਅਤੇ ਸਿਰ ਦੇ ਖਿੰਡੇ ਵਾਲਾਂ ਨਾਲ ਉਸਦਾ ਚਿਹਰਾ ਢੱਕਿਆ ਹੋਇਆ ਹੈ।

ਭਾਈ ਇਕਦਮ ਕੋਠੜੀ 'ਚ ਚਲਿਆ ਗਿਆ। ਉਹ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਕਿਸੇ ਤੋਂ ਪੁੱਛਦਾ ਨਹੀਂ, ਇਕ ਦਮ ਕਰ ਲੈਂਦਾ ਹੈ।

ਮੈਂ ਕੋਠੜੀ 'ਚ ਜਾਣਾ ਨਹੀਂ ਚਾਹੁੰਦਾ। ਵੱਡੀ ਭੈਣ ਕਰੇੜਾ ਖਾ ਕੇ ਰੋ ਪੈਂਦੀ ਹੈ ਅਤੇ ਇਕ ਹਲਕੀ ਜਹੀ ਚੀਕ ਉਸਦੇ ਮੂੰਹ 'ਚੋਂ ਨਿਕਲ ਗਈ। ਸਾਰੀਆਂ ਔਰਤਾਂ ਅਤੇ ਮਾਂ ਵੀ ਝੱਟ ਘੁੰਮਕੇ ਉਸ ਵੱਲ ਵੇਖਣ ਲੱਗ ਗਈਆਂ। ਮਾਂ ਦਾ ਚਿਹਰਾ, ਕਿਹੋ ਜਿਹਾ ਹੋ ਰਿਹਾ ਹੈ? ਉਸ ਦੀਆਂ ਪਥਰਾਈਆ ਅੱਖਾਂ 'ਚੋਂ ਉਦਾਸੀ ਝਲਕਦੀ ਹੈ, ਉਸ ਦੇ ਬੁੱਲ ਜਿਵੇਂ ਸੁੱਕ ਕੇ ਝੜ ਗਏ ਹੋਣ।

ਭਾਈ ਕੋਠੜੀ 'ਚੋਂ ਬਾਹਰ ਆ ਗਿਆ ਅਤੇ ਆਪਣੀਆਂ ਵੱਡੀਆਂ ਵੱਡੀਆਂ ਅੱਖਾਂ ਨਾਲ ਲੈਂਪ ਵੱਲ ਵੇਖੀ ਜਾ ਰਿਹਾ ਹੈ। ਫਿਰ ਲੈਂਪ ਨੂੰ ਚੁੱਕ ਕੇ ਉਸ ਕੋਠੜੀ 'ਚ ਲੈ ਗਿਆ ਜਿਥੇ ਬਿਮਲਾ ਭੈਣ ਪਈ ਹੈ। ਮੈਂ ਕੋਠੜੀ 'ਚ ਜਾਣਾ ਨਹੀਂ ਚਾਹੁੰਦਾ : ਥੋੜ੍ਹੇ ਕੁ ਚਿਰ ਮਗਰੋਂ ਭਾਈ ਆਪਣੇ ਹੱਥ 'ਚ ਲੈਂਪ ਫੜੀ ਵਾਪਸ ਆ ਗਿਆ ਅਤੇ ਉਸ ਨੇ ਲੈਂਪ ਨੂੰ ਕਾਨਸ ਉਤੇ ਰੱਖ ਦਿੱਤਾ। ਉਹ ਕਾਨਸ ਕੋਲ ਖੜ੍ਹਾ ਸਾਹਮਣੇ ਵੇਖੀ ਜਾ ਰਿਹਾ ਹੈ। ਉਸ ਦੀਆਂ ਅੱਖਾਂ, ਕਿੰਨੀਆਂ ਖੁੱਲ੍ਹੀਆਂ ਹਨ, ਟੱਡੀਆ ਹੋਈਆਂ ਅੱਖਾਂ, ਟਿਕਟਿਕੀ ਲਾਈ ਵੇਖੀ ਜਾ ਰਹੀਆਂ ਹਨ। ਮਾਂ ਦੀਆਂ ਅੱਖਾਂ ਵੀ ਕਿਵੇਂ ਦੀਆਂ ਹੋ ਰਹੀਆਂ ਹਨ। ਕਦੇ ਕਦੇ ਵਿਚ ਦੀ ਇਨ੍ਹਾਂ ਤਿੰਨਾਂ ਤੀਵੀਆਂ 'ਚੋਂ ਕੋਈ ਨਾ ਕੋਈ, ਰੋ ਪੈਂਦੀ ਹੈ।

"ਮੈਥੋਂ ਤੇਰੀ ਅਮਾਨਤ ਰੱਖੀ ਨਹੀਂ ਜਾਂਦੀ ਰੱਬਾ, ਮੈਂ ਤੇਰੀ ਦੇਣ ਰੱਖਣ ਦੇ ਯੋਗ ਨਹੀਂ।" ਪਿਤਾ ਜੀ ਕਹਿ ਰਹੇ ਹਨ। "ਜਾਓ ਬਚਿਓ, ਜਾਓ ਸੌਂ ਜਾਓ ਜਾ ਕੇ।'

ਘੜੀ ਵਿਚ ਦੋ ਵੱਜੇ ਹਨ।

ਵੱਡੀ ਭੈਣ ਵਿਲਕਦੀ ਹੋਈ ਚੀਕਦੀ ਹੈ, ਉਹਨੇ ਮੁੱਠੀਆਂ ਬੰਦ ਕਰ ਲਈਆਂ ਹਨ ਅਤੇ ਦੰਦਾਂ ਹੇਠ ਜੀਭ ਦੱਬ ਲਈ ਹੈ। ਤਿੰਨੇ ਔਰਤਾਂ ਉਸ ਵੱਲ ਮੁੜੀਆਂ ਹਨ। ਮੇਰੀ ਮਾਸੀ ਅਤੇ ਭੂਆ ਮਾਂ ਵੱਲ ਵੇਖ ਰਹੀਆਂ ਹਨ।

"ਉਠ ਵਿਦਿਆ ਰਾਣੀ।" ਮਾਸੀ ਨੇ ਆਖਿਆ, 'ਉੱਠ ਆਪਣੇ ਕਮਰੇ 'ਚ ਚੱਲ।" ਮਾਸੀ ਉਠ ਬੈਠੀ ਹੈ, ਦੋਨੋਂ ਹੁਣ ਭੈਣ ਨੂੰ ਬਾਹਾਂ ਤੋਂ ਫੜਕੇ ਉਠਾ ਰਹੀਆਂ ਹਨ ਅਤੇ ਫਿਰ ਮਾਂ, ਹੌਲੀ ਹੌਲੀ ਸਹਾਰਾ ਦੇ ਕੇ ਮਲਕੜੇ ਜਿਹੇ ਭੈਣ ਨੂੰ ਦਰਵਾਜ਼ੇ ਤੋਂ ਬਾਹਰ ਲੈ ਜਾਣ ਲੱਗੀ ਹੈ। ਵਿਦਿਆ ਭੈਣ ਨੂੰ ਕੀ ਹੋਇਆ ਹੈ?

"ਤੁਸੀਂ ਬੈਠੋ ਭੈਣ ਜੀ।" ਮਾਸੀ ਨੇ ਆਖਿਆ। ਪਰ ਮਾਂ ਫੇਰ ਅੱਗੇ ਵੱਧ ਗਈ, "ਨਹੀਂ" ਆਖਦੀ ਹੋਈ ਬਾਹਰ ਚਲੀ ਗਈ।

'ਜਾਓ ਬਲਦੇਵ, ਜਾਓ ਬਚਿਓ, ਜਾਓ, ਆਪਣੇ ਕਮਰੇ 'ਚ ਜਾਓ।" ਅਸੀਂ ਫੇਰ ਆਪਣੇ ਮੰਜਿਆਂ ਉਤੇ ਆ ਗਏ ਹਾਂ। ਘਰ 'ਚ ਮੁੜ ਚੁਪ ਵਰਤ ਗਈ ਹੈ। ਹੁਣ ਪਿਤਾ ਜੀ ਦੇ ਤੁਰਨ-ਫਿਰਨ ਦੀ ਆਵਾਜ਼ ਵੀ ਨਹੀਂ ਆ ਰਹੀ। ਪਰ ਵਿਹੜੇ ਵਿਚ ਜ਼ਰੂਰ ਕੋਈ ਫਿਰ-ਤੁਰ ਰਿਹਾ ਹੈ। ਮਾਸੀ ਦੇ ਪੈਰਾਂ ਦੀ ਆਵਾਜ਼ ਹੈ—ਉਹ ਪੈਰਾਂ ਨੂੰ ਘੜੀਸ ਕੇ ਤੁਰਦੀ ਹੈ। ਉਹ ਹੁਣ ਪੌੜੀਆਂ ਉਤਰਨ ਲੱਗੀ ਹੈ, ਮਾਸੀ ਕਿੱਥੇ ਜਾ ਰਹੀ ਹੈ?

ਅਚਾਨਕ ਹਨੇਰੇ ਨੂੰ ਚੀਰਦੀ ਹੋਈ ਵਿੱਦਿਆ ਭੈਣ ਦੀ ਚੀਕ ਸੁਣਾਈ ਦਿੰਦੀ ਹੈ। ਭੈਣ ਨੂੰ ਆਪਣੇ ਕਮਰੇ 'ਚ ਕਿਉਂ ਲੈ ਗਏ? ਉਹ ਇੰਨਾ ਉੱਚੀ ਉੱਚੀ ਕਿਉਂ ਚੀਕਦੀ ਹੈ? ਕੀ ਵਿੱਦਿਆ ਭੈਣ ਵੀ ਮਰ ਰਹੀ ਹੈ?

"ਹੇ ਮਹਾਰਾਜ! ਤੇਰਾ ਹੀ ਆਸਰਾ ਹੈ।" ਪਿਤਾ ਜੀ ਦੀ ਅਰਦਾਸ ਹੈ, "ਮਿਹਰ ਕਰੋ, ਮਹਾਰਾਜ, ਮਿਹਰ ਕਰੋ।"

ਪਿਤਾ ਜੀ ਫਿਰ ਟਹਿਲਣ ਲੱਗੇ ਹਨ।

"ਕਿਹੋ ਜਹੀ ਰਾਤ ਆਈ ਹੋਈ ਹੈ। ਹੇ ਭਗਵਾਨ ਮਿਹਰ ਕਰੋ, ਮਿਹਰ ਕਰੋ, ਮਹਾਰਾਜ।" ਲੱਗਦਾ ਹੈ ਜਿਵੇਂ ਪਿਤਾ ਜੀ ਸੜਕ ਉਤੇ ਖੜੇ ਉੱਚੀ ਉਚੀ ਬੋਲ ਰਹੇ ਹੋਣ।

ਭੈਣ ਫਿਰ ਚੀਕ ਪੈਂਦੀ ਹੈ। ਇਸ ਵਾਰ ਉਹ ਕਾਫੀ ਦੇਰ ਤੱਕ ਚੀਕਦੀ ਰਹਿੰਦੀ ਹੈ। ਵਿਹੜੇ 'ਚ ਕਿਸੇ ਦੇ ਪੈਰਾਂ ਦਾ ਖੜਾਕ ਹੁੰਦਾ ਹੈ ਇਹ ਭੂਆ ਹੈ? ਮਾਂ ਹੈ?

ਹੇਠਾਂ ਬਾਹਰਲਾ ਦਰਵਾਜ਼ਾ ਖੁੱਲ੍ਹਿਆ ਹੈ ਅਤੇ ਪੌੜੀਆਂ ਤੋਂ ਪੈਰਾਂ ਦੀ ਆਵਾਜ਼ ਆਉਣ ਲੱਗੀ ਹੋ। ਤੇਜ਼ ਕਦਮਾਂ ਦੀ ਆਵਾਜ਼ ਹੈ। ਕੀ ਮਾਸੀ ਵਾਪਸ ਮੁੜ ਆਈ? ਉਸ ਦੇ ਨਾਲ ਕੌਣ ਆਇਆ ਹੈ?

ਅਚਾਨਕ ਸੰਨਾਟੇ ਭਰੇ ਹਨੇਰੇ ਨੂੰ ਚੀਰਦੀ ਹੋਈ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਆਉਂਦੀ .......ਆ-ਏ... ਆ-ਏ!"

'ਹੇ ਰੱਬਾ, ਸੁੱਖ ਰੱਖੀਂ। ਤੇਰਾ ਹੀ ਆਸਰਾ ਹੈ ਮਹਾਰਾਜ।' ਪਿਤਾ ਜੀ ਦੀ ਨਾਲ ਵਾਲੇ ਕਮਰੇ 'ਚੋਂ ਆਵਾਜ਼ ਆਉਂਦੀ ਹੈ। ਅਸੀਂ ਦੋਵੇਂ ਭਰਾ ਉਠ ਕੇ ਦਰਵਾਜ਼ੇ 'ਚ ਆ ਗਏ ਹਾਂ। ਮਾਸੀ ਦੀ ਨੰਨ੍ਹੀ ਜਹੀ ਕਾਇਆ ਕਮਰੇ ਦੇ ਦਰਵਾਜ਼ੇ 'ਚ ਖੜ੍ਹੀ, ਹੌਲੀ ਜਹੀ ਆਵਾਜ਼ 'ਚ ਆਖਦੀ ਹੈ "ਰੱਬਾ ਸੁੱਖ ਰੱਖੀਂ, ਵਿਦਿਆ ਨੇ ਕੁੜੀ ਜੰਮੀ ਹੈ"

ਇਸ ਗੱਲ ਨੂੰ ਸੁਣ ਕੇ ਪਿਤਾ ਜੀ ਕੰਬਦੀ ਜਹੀ ਆਵਾਜ਼ ਵਿਚ ਕਹਿੰਦੇ ਹਨ, "ਬਿਮਲਾ ਸਾਡੇ ਕੋਲ ਮੁੜ ਆਈ, ਰੱਬ ਨੇ ਉਹਨੂੰ ਫੇਰ ਸਾਡੇ ਹਵਾਲੇ ਕਰ ਦਿੱਤਾ।" ਅਤੇ ਰੋ ਪੈਂਦੇ ਹਨ।

ਨਵੇਂ ਜੰਮੇ ਬੱਚੇ ਦੇ ਰੋਣ ਦੀ ਫੇਰ ਆਵਾਜ਼ ਸੁਣਾਈ ਦਿੰਦੀ ਹੈ, ਲਾਲਟੇਨ ਦੀ ਮੱਧਮ, ਹਿਲਦੀ ਰੋਸ਼ਨੀ ਵਿਚ ਪਿਤਾ ਜੀ ਦਾ ਪਰਛਾਵਾਂ ਕਦੇ ਕਦੇ ਭਿਆਨਕ ਰੂਪ ਧਾਰ ਲੈਂਦਾ ਹੈ।

"ਬੱਚੇ ਦੀ ਜੀਭ ਉਤੇ 'ਓਮ' ਲਿਖੋ। ਸ਼ਹਿਦ ਨਾਲ 'ਓਮ' ਲਿਖੋ' "ਪਿਤਾ ਜੀ ਆਖਦੇ ਹਨ। "ਜਾ ਬਲਦੇਵ, ਮਾਂ ਨੂੰ ਕਹਿ, ਬੱਚੀ ਦੀ ਜੀਭ ਉਤੇ 'ਓਮ' ਲਿਖੋ।"

ਬਾਹਰ ਵਿਹੜੇ ਵਿਚ ਘੁੱਪ ਹਨੇਰਾ ਹੈ। ਹੁਣ ਘਰ ਦੀਆਂ ਕੰਧਾਂ ਉੱਚੀਆਂ ਉੱਚੀਆਂ ਅਤੇ ਡਰਾਉਣੀਆਂ ਲਗਦੀਆਂ ਹਨ। ਖੁੱਲ੍ਹੇ ਅਸਮਾਨ ਵਿਚ ਅਣਗਿਣਤ ਤਾਰੇ ਟਿਮਟਿਮਾ ਰਹੇ ਹਨ। ਉਨ੍ਹਾਂ ਨੂੰ ਵੇਖ, ਇੰਜ ਮਹਿਸੂਸ ਹੁੰਦਾ ਹੈ ਜਿਵੇਂ ਮੈਂ ਕੋਈ ਸੁਪਨਾ ਵੇਖ ਰਿਹਾ ਹੋਵਾਂ।

ਭੈਣ ਦੇ ਕਮਰੇ ਦਾ ਦਰਵਾਜ਼ਾ ਬੰਦ ਹੈ। ਅਸੀਂ ਦਰਵਾਜ਼ੇ ਦੀਆਂ ਝੀਤਾਂ ਵਿਚ ਦੀ ਅੰਦਰ ਵੇਖਦੇ ਹਾਂ। ਮੱਧਮ ਜਹੀ ਰੌਸ਼ਨੀ 'ਚ ਮੈਨੂੰ ਮੰਜੀ ਦਾ ਥੋੜ੍ਹਾ ਕੁ ਹਿੱਸਾ ਦਿਸਦਾ ਹੈ। ਬੱਚੇ ਦੇ ਰੋਣ ਦੀ ਅਵਾਜ਼ ਉਸ ਪਾਸਿਉਂ ਹੀ ਆ ਰਹੀ ਹੈ।

"ਪਿਤਾ ਜੀ, ਮੁੜ ਮੁੜ ਆਖਦੇ ਹਨ,'ਸ਼ਹਿਦ ਨਾਲ ਬੱਚੀ ਦੀ ਜੀਭ ਉਤੇ 'ਓਮ' ਲਿਖੋ।" ਮਾਂ ਹੌਲੀ ਜਿਹੇ ਦਰਵਾਜ਼ਾਂ ਖੋਲ੍ਹਦੀ ਹੈ, ਉਹ ਸਾਨੂੰ ਅੰਦਰ ਨਹੀਂ ਜਾਣ ਦਿੰਦੀ।

"ਚੰਗਾ।" ਉਹ ਹੌਲੀ ਜਿਹੇ ਆਖਦੀ ਹੈ ਅਤੇ ਹੱਥ ਵਧਾ ਕੇ ਭਰਾ ਦੇ ਸਿਰ ਉਤੇ ਹੱਥ ਫੇਰਨ ਲੱਗਦੀ ਹੈ। ਲਗਦਾ ਇੰਜ ਹੈ ਜਿਵੇਂ ਬੇਸੁੱਧ ਜਹੀ ਹੱਥ ਫੇਰੀ ਜਾ ਰਹੀ ਹੈ।

ਇਸ ਮਗਰੋਂ ਮਾਂ ਫਿਰ ਦਰਵਾਜ਼ਾ ਬੰਦ ਕਰ ਦੇਂਦੀ ਹੈ ਅਤੇ ਅਸੀਂ ਦੋਵੇਂ ਆਪਣੇ ਮੰਜੇ ਉਤੇ ਆ ਜਾਂਦੇ ਹਾਂ, ਥੋੜ੍ਹੇ ਕੁ ਚਿਰ ਮਗਰੋਂ ਪੁਰਾਣੇ ਕਮਰੇ 'ਚ ਮੁੜ ਨਿੱਕੇ ਨਿਆਣੇ ਦਾ ਨਿੱਕਾ ਜਿਹਾ ਰੋਣਾ ਸ਼ੁਰੂ ਹੋ ਜਾਂਦਾ ਹੈ।

0

ਦਵਾਈ-ਖਾਨੇ ਦਾ ਦਰਵਾਜ਼ਾ ਬੰਦ ਹੈ। ਆਰੀਆ-ਸਮਾਜ ਦਾ ਵੱਡਾ ਫਾਟਕ ਵੀ ਬੰਦ ਹੈ। ਦਵਾਈ-ਖਾਨੇ ਦੇ ਬੰਦ ਦਰਵਾਜ਼ੇ ਦੇ ਉਪਰ ਵੱਡੇ ਵੱਡੇ ਅੱਖਰਾਂ 'ਚ ਲਿਖਿਆ ਹੈ, 'ਧਰਮਾਰਥ ਆਰੀਆ ਔਸ਼ਧਾਲਯ' ਇਥੇ ਹੀ ਤੁਲਸੀ ਕੰਮ ਕਰਦਾ ਹੈ। ਚੜ੍ਹਦੇ ਸੂਰਜ ਦੀਆਂ ਕਿਰਨਾਂ ਅਜੇ ਘਰਾਂ ਦੀਆਂ ਕੰਧਾਂ ਉੱਤੇ ਹੀ ਹਨ, ਉਹ ਧਰਤੀ ਉਤੇ ਪੈਣ ਨਹੀਂ ਲੱਗੀਆਂ।

ਕੁੱਛੜ 'ਚ ਛੋਟੀ ਜਹੀ ਗਠੜੀ ਚੁੱਕੀ, ਦਵਾਈ-ਖਾਨੇ ਦੇ ਵੱਡੇ ਸਾਰੇ ਫਾਟਕ ਵਿਚ ਦੀ ਅੰਦਰ ਵੱਲ ਵੇਖਦਾ ਹਾਂ। ਵੱਡਾ ਸਾਰਾ ਵਿਹੜਾ ਖਾਲ੍ਹੀ ਹੈ। ਸੱਜੇ ਪਾਸੇ ਹਵਨ ਕਰਨ ਵਾਲਾ ਚੌਂਤਰਾ ਵੀ ਖਾਲ੍ਹੀ ਪਿਆ ਹੈ। ਸਾਹਮਣੇ ਕੰਧ ਉੱਤੇ ਬਰਾਂਡੇ ਦੀ ਹਰ ਇਕ ਡਾਟ ਦੀ ਗੋਲਾਈ ਉਤੇ ਵੱਖ ਵੱਖ ਰੰਗਾਂ ਨਾਲ ਛੋਟੇ ਛੋਟੇ ਵੇਦ ਵਾਕ ਲਿਖੇ ਹੋਏ ਹਨ।

"ਸਤਯੰ ਵਦ"[9]

"ਧਰਮ ਚਰ"[10]

"ਨਾਯਮਾਮਾਤ ਬਲਹੀਨਨੇ ਲਭਯ : "[11]

"ਦੁਰਹਾਮ ਪਥਸਤਤ ਕਵਯੋ ਵਦਨਤਿਮ"[12]

---

[9] ਸੱਚ ਬੋਲੋ

[10] ਧਰਮ ਦਾ ਪਾਲਨ ਕਰੋ

[11] ਮੇਰੀ ਆਤਮਾ ਸਮਰੱਥਾ-ਹੀਣ ਨਾ ਹੋਵੇ

[12] ਕਵੀ ਦਾ ਕਥਨ ਹੈ ਕਿ ਦੂਰ ਦਾ ਰਾਹ ਮੁਸ਼ਕਲ ਹੁੰਦਾ ਹੈ

“ਸਤਯੋ ਬੇਯਾਤ ਪ੍ਰਿਯੰ ਬ੍ਰੁਯਾਤਾਂ"[13]

ਹੇਠਾਂ ਵਿਹੜਾ ਖਾਲ੍ਹੀ ਹੈ।

ਤੁਲਸੀ ਕਿਤੇ ਨਜ਼ਰ ਨਹੀਂ ਆਉਂਦਾ। ਉਥੋਂ ਤੁਰ ਕੇ ਮੈਂ ਦਵਾਈ-ਖਾਨੇ ਦੀ ਬਗਲ ਵੱਲ ਹੋ ਜਾਂਦਾ ਹਾਂ, ਇਥੇ ਇਕ ਚੌੜੀ ਸੜਕ ਹੇਠਾਂ ਵੱਲ ਜਾਂਦੀ ਹੈ। ਦੋ ਮੁੰਡੇ ਕਿਸੇ ਮਰੇ ਹੋਏ ਸੱਪ ਨੂੰ ਛਟੀਆਂ ਨਾਲ ਉਲਟਾ ਖੁਲਟਾ ਕੇ ਵੇਖ ਰਹੇ ਹਨ। ਲਾਲ ਰੰਗ ਵਾਲੇ ਲੰਮੇ ਸਾਰੇ ਸੱਪ ਦਾ ਫਨ ਕੁਚਲਿਆ ਹੋਇਆ ਹੈ। ਮੁੰਡੇ ਸੱਪ ਨੂੰ ਛੱਡ ਦਿੰਦੇ ਹਨ ਤਾਂ ਉਹ ਕੁਝ ਦੇਰ ਮਗਰੋਂ ਹਰਕਤ ਕਰਨ ਲਗਦਾ ਹੈ, ਥੋੜਾ ਕੁ ਸਰਕਦਾ ਵੀ ਹੈ। ਥੋੜ੍ਹੀ ਜਹੀ ਦੂਰ ਹੇਠਲੇ ਪਾਸੇ ਕੂੜੀ ਦਾ ਢੇਰ ਹੈ ਅਤੇ ਕੋਲ ਹੀ ਕੂੜਾ ਸੁੱਟਣ ਵਾਲਾ ਢੋਲ ਪਿਆ ਹੈ।

ਅਚਾਨਕ ਇਸ ਵੱਡੇ ਸਾਰੇ ਢੋਲ ਮਗਰੋਂ ਮੈਨੂੰ ਤੁਲਸੀ ਆਉਂਦਾ ਦਿਸਿਆ। ਹੱਥਾਂ ਵਿਚ ਪਾਣੀ ਨਾਲ ਛਲਕਦੀਆਂ ਦੋ ਬਾਲਟੀਆਂ ਚੁੱਕੀ ਆਉਂਦਾ ਹੈ, ਅਤੇ ਸੜਕ ਪਾਰ ਕਰਨ ਲੱਗਿਆ ਹੈ। ਪਹਿਲਾਂ ਵਰਗਾ ਹੀ ਤਕੜਾ ਅਤੇ ਮੱਧਰਾ ਪਰ ਸਿਰ ਤੋਂ ਨੰਗਾ ਹੈ। ਮੈਨੂੰ ਵੇਖਦਿਆਂ ਹੀ ਉਸ ਦੇ ਮੂੰਹ ਤੇ ਖੇੜਾ ਆ ਜਾਂਦਾ ਹੈ।

"ਬੜੇ ਦਿਨਾਂ ਮਗਰੋਂ ਆਇਐਂ।" ਉਹ ਹੱਸ ਕੇ ਆਪਣੀ ਉੱਚੀ ਭਰਵੀਂ ਆਵਾਜ਼ ਵਿਚ ਪੁੱਛਦਾ ਹੈ ਅਤੇ ਉਸਦੇ ਲਾਲ-ਲਾਲ ਮਸੂੜੇ ਚਮਕ ਪੈਂਦੇ ਨੇ।

""ਮੈਂ ਇਹ ਦੇਣ ਆਇਆ ਹਾਂ" ਗਠੜੀ ਉਸਦੇ ਸਾਹਮਣੇ ਕਰਦਾ ਹੋਇਆ ਆਖਦਾ ਹਾਂ. "ਮਾਤਾ ਜੀ ਨੇ ਕੁਝ ਕੱਪੜੇ ਭੇਜੇ ਹਨ।"

ਇੰਨੇ ਵਿਚ ਚੀਕਦੀ ਹੋਈ ਕਿਤੋਂ ਇਕ ਆਵਾਜ਼ ਆਉਂਦੀ ਹੈ "ਹੁਣ ਏਥੇ ਰੁਕ ਮਰ ਕਿਉਂ ਗਿਆ? ਵੇਖ ਤਾਂ ਲੈ ਕਿੰਨਾ ਦਿਨ ਚੜ੍ਹ ਗਿਆ ਹੈ।"

ਸੜਕ ਤੋਂ ਪਾਰ, ਲਗਭਗ ਵੀਹ ਕੁ ਪੌੜੀਆਂ ਉਤੇ ਇਕ ਘਰ ਦੇ ਚਿੱਤਰ ਤੇ ਇਕ ਔਰਤ ਖੜ੍ਹੀ ਤੁਲਸੀ ਨੂੰ ਹਾਕਾਂ ਮਾਰ ਰਹੀ ਹੈ। ਸਲਵਾਰ ਦਾ ਇਕ ਪੌਂਚਾ ਗੋਡਿਆਂ ਤੱਕ

---

[13] ਸੱਚ ਬੋਲੋ ਤੇ ਮਿਠਾ ਬੋਲੋ

ਚੁੱਕਿਆ ਹੋਇਆ ਹੈ, ਹੱਥ 'ਚ ਬਹੁਕਰ, ਮੂੰਹ 'ਚ ਦੰਦਰਾਸਾ ਚਬਾਉਂਦੀ ਹੋਈ ਉਹ ਤੁਲਸੀ ਦੀ ਉਡੀਕ ਕਰ ਰਹੀ ਹੈ।

"ਤੂੰ ਥੋੜਾ ਠਹਿਰ ਮੈਂ ਵੈਦ ਜੀ ਦੇ ਘਰ ਦੀਆਂ ਪੌੜੀਆਂ ਧੋ ਕੇ ਆਉਂਦਾ ਹਾਂ... ਤੂੰ ਉਤੇ ਮੇਰੇ ਕਮਰੇ 'ਚ ਚੱਲ।"

ਇਹ ਆਖ ਉਹ ਬਾਲਟੀਆਂ ਚੁੱਕੀ ਸੜਕ ਪਾਰ ਕਰਨ ਲਗਦਾ ਹੈ।

ਮੈਂ ਕੁਝ ਦੇਰ ਉਥੇ ਹੀ ਖੜ੍ਹਾ ਤੁਲਸੀ ਨੂੰ ਵੇਖਦਾ ਰਹਿੰਦਾ ਹਾਂ। ਮੈਂ ਤਾਂ ਕੁਝ ਹੋਰ ਹੀ ਸੋਚ ਕੇ ਆਇਆ ਸੀ ਕਿ ਦਵਾਈ-ਖਾਨੇ 'ਚ ਬੀਮਾਰਾਂ ਦੀ ਭੀੜ ਹੋਵੇਗੀ ਅਤੇ ਤੁਲਸੀ, ਪਗੜੀ ਬੰਨ੍ਹੀ, ਕੋਟ ਪਾਈ ਦਵਾਈਆਂ ਦੀਆ ਪੁੜੀਆ ਬੰਨ ਬੰਨ੍ਹ ਕੇ ਦੇ ਰਿਹਾ ਹੋਏਗਾ। ਇਥੇ ਤਾਂ ਇਹ ਪੌੜੀਆਂ ਧੋ ਰਿਹਾ ਹੈ। ਕੀ ਇਥੇ ਵੀ ਇਹ ਘਰ ਦਾ ਕੰਮ ਹੀ ਕਰਦਾ ਹੈ? ਭਰਾ ਤਾਂ ਆਖਦਾ ਸੀ ਤੁਲਸੀ ਵੈਦ ਬਣੇਗਾ।

ਲਗਭਗ ਵੀਹ ਕੁ ਲੰਮੀਆਂ-ਲੰਮੀਆਂ ਪੌੜੀਆਂ ਹਨ। ਤੁਲਸੀ ਛਲਕਦੀਆਂ ਬਾਲਟੀਆਂ ਚੁੱਕੀ ਚੌਂਤਰੇ ਉਤੇ ਜਾ ਪਹੁੰਚਿਆ ਹੈ। ਉਲਝੇ ਵਾਲਾਂ ਵਾਲੀ ਔਰਤ ਨੇ ਸਲਵਾਰ ਦਾ ਦੂਜਾ ਪੌਂਚਾ ਵੀ ਥੋੜ੍ਹਾਂ ਕੁ ਉਪਰ ਚੁੱਕ ਲਿਆ ਹੈ। ਤੁਲਸੀ ਪਾਣੀ ਪਾਉਂਦਾ ਹੈ ਅਤੇ ਉਹ ਪੌੜੀਆਂ ਉਤ ਬਹੁਕਰ ਫੇਰਨ ਲੱਗ ਗਈ। ਮੈਲੇ ਪਾਣੀ ਦੀਆਂ ਨਿਕੀਆਂ ਨਿੱਕੀਆਂ ਧਾਰਾਂ ਚੌਂਤਰੇ ਤੇ ਹੇਠਾਂ ਪੌੜੀਆਂ ਉਤੇ ਆ ਰਹੀਆਂ ਹਨ। ਦੋਵੇਂ ਬਾਲਟੀਆਂ ਸੁਟਣ ਮਗਰੋਂ ਤੁਲਸੀ ਬਾਲਟੀਆਂ ਚੁੱਕੀ ਵਾਪਸ ਆ ਗਿਆ ਅਤੇ ਉਹ ਔਰਤ ਫਿਰ ਪੌਂਚੇ ਗੋਡਿਆਂ ਤੱਕ ਚੁਕੀ, ਦਾਤਨ ਚਬਾਉਂਦੀ ਹੋਈ ਜਬਾੜੇ ਹਿਲਾਉਣ ਲਗ ਪਈ। "ਜਲਦੀ ਕਰੀਂ, ਉਥੇ ਹੀ ਨਾ ਬੈਠ ਜਾਈਂ।" ਉਹ ਉੱਚੀ ਜਿਹੇ ਆਖਦੀ ਹੈ।

ਮੈਂ ਪਿਛਲੇ ਪਾਸਿਓਂ ਅੰਦਰ ਆ ਜਾਂਦਾ ਹਾਂ ਅਤੇ ਪੌੜੀਆਂ ਚੜਕੇ ਹੌਲੀ ਹੌਲੀ ਤੀਜੀ ਮੰਜ਼ਲ ਉਤੇ ਪਹੁੰਚ ਜਾਂਦਾ ਹਾਂ ਜਿੱਥੇ ਤੁਲਸੀ ਦਾ ਕਮਰਾ ਹੈ।

ਮੇਰੇ ਅੰਦਰ ਪੈਰ ਰਖਦਿਆਂ ਹੀ ਇਕ ਛਾਂ ਜਹੀ ਖਿੜਕੀ ਤੋਂ ਪਾਸੇ ਹਟ ਜਾਂਦੀ ਹੈ ਅਤੇ ਕਮਰਾ ਲੰਘਕੇ ਅਗਲੇ ਪਾਸੇ ਇਕ ਨੁੱਕਰ 'ਚ ਦਬਕੇ ਜਿਹੇ ਬੈਠ ਜਾਂਦੀ ਹੈ। ਮੇਰੀਆਂ

ਅੱਖਾਂ ਸਾਹਮਣੇ ਪੀਲੇ ਰੰਗ ਦੀ ਚੁੰਨੀ ਉਡਦੀ ਹੈ ਅਤੇ ਕੱਚ ਦੀਆਂ ਚੂੜੀਆਂ ਖੜਕਦੀਆਂ ਹਨ। ਇਹ ਦੇਵਕੀ ਤੁਲਸੀ ਰਾਮ ਦੀ ਘਰ ਵਾਲੀ ਹੈ। ਕੁਝ ਚਿਰ ਪਹਿਲਾਂ ਹੀ ਤੁਲਸੀ ਪਿੰਡੋਂ ਵਿਆਹ ਕਰਵਾ ਕੇ ਮੁੜਿਆ ਹੈ।

ਮੈਂ ਦੇਹਲੀ ਕੋਲ ਅਟਕ ਜਾਂਦਾ ਹਾਂ। ਦੇਵਕੀ ਮੇਰੇ ਵੱਲ ਪਿੱਠ ਕਰੀ, ਨੁੱਕਰ 'ਚ ਕੰਧ ਵੱਲ ਮੂੰਹ ਕਰੀ ਖੜੀ ਹੈ।

"ਮਾਤਾ ਜੀ ਨੇ ਇਹ ਕੱਪੜੇ ਭੇਜੇ ਹਨ।" ਮੈਂ ਹੌਲੀ ਕੁ ਜਿਹੇ ਆਖਦਾ ਹਾਂ। ਇਹ ਗੱਲ ਸੁਣ ਕੇ ਉਹ ਆਪਣੀ ਪਿੱਠ ਭੁਆਂ ਲੈਂਦੀ ਹੈ ਪਰ ਸ਼ਰਮਾਉਂਦੀ ਹੋਈ ਉਥੇ ਹੀ ਖੜ੍ਹੀ ਰਹਿੰਦੀ ਹੈ। ਮੈਂ ਗਠੜੀ ਨੂੰ ਫਰਸ਼ ਉਤੇ ਰੱਖ ਦਿੰਦਾ ਹਾਂ। ਇਕ ਵਾਰ ਪਹਿਲਾਂ ਵੀ ਮੈਂ ਦੇਵਕੀ ਨੂੰ ਵੇਖ ਚੁਕਿਆ ਹਾਂ, ਜਦ ਤੁਲਸੀ ਉਸ ਨੂੰ ਪਿੰਡੋਂ ਵਿਆਹ ਕੇ ਲੈ ਆਇਆ ਸੀ ਤੇ ਮਾਤਾ ਜੀ ਨੇ ਉਦੋਂ ਵੀ ਇਹਨਾਂ ਨੂੰ ਕਪੜੇ ਦਿਤੇ ਸਨ। ਦੇਵਕੀ ਨੇ ਅੱਜ ਵੀ ਵਿਦਿਆ ਭੈਣ ਵਾਲੇ ਹੀ ਕਪੜੇ ਪਾਏ ਹੋਏ ਹਨ।

“ਉਹ ਹੇਠਾਂ ਹਨ ਜੀ ਤੁਸੀਂ ਬੈਠੋ।”

ਇੰਜ ਆਖਦੀ ਹੋਈ ਉਹ ਇਕ ਪਾਸੇ ਕੰਧ ਕੋਲ ਵਿਛੀ ਹੋਈ ਚਟਾਈ ਵੱਲ ਇਸ਼ਾਰਾ ਕਰਦੀ ਹੈ।

ਕਮਰੇ ਵਿਚ ਇਕ ਹੋਰ ਚਟਾਈ ਵਿਛੀ ਹੋਈ ਹੈ, ਚਟਾਈ ਦੇ ਸਾਹਮਣੇ ਹੀ ਕੁਝ ਕੁ ਚਮਕਦੇ ਭਾਂਡੇ ਰੱਖੇ ਹੋਏ ਹਨ, ਉਥੇ ਹੀ ਇਕ ਪਾਸੇ ਮਿੱਟੀ ਦਾ ਇਕ ਚੁੱਲ੍ਹਾ ਪਿਆ ਹੈ। ਚਟਾਈ ਦੇ ਹੀ ਦੂਜੇ ਪਾਸੇ ਕੰਧ ਨਾਲ ਲੱਗੀਆਂ ਕੁਝ ਕੁ ਕਿਤਾਬਾਂ ਫ਼ਰਸ਼ ਉਤੇ ਹੀ ਪਈਆਂ ਹਨ। ਇਹ ਤੁਲਸੀ ਦਾ ਆਪਣਾ ਘਰ ਹੈ।

“ਉਹ ਤਾਂ ਜੀ ਪੌੜੀਆਂ ਘੋਣ ਗਏ ਹਨ ਜੀ, ਹੁਣੇ ਆ ਜਾਣਗੇ।"

ਉਹ ਕੁਝ ਦੇਰ ਤੱਕ ਤਾਂ ਕੋਨੇ 'ਚ ਹੀ ਠਠੰਬਰੀ ਜਹੀ ਖੜ੍ਹੀ ਰਹਿੰਦੀ ਹੈ, ਫਿਰ ਸੱਜੇ ਹੱਥ ਛੱਤ ਉਤੇ ਖੁੱਲ੍ਹਣ ਵਾਲੇ ਦਰਵਾਜ਼ੇ 'ਚੋਂ ਕੁੱਦ ਕੇ ਬਾਹਰ ਚਲੀ ਜਾਂਦੀ ਹੈ ਅਤੇ ਬਨੇਰੇ ਦੇ ਹੇਠਾਂ ਬਣੇ ਝਰੋਖਿਆਂ ਵਿਚ ਦੀ ਬਾਹਰ ਵੱਲ ਵੇਖਣ ਲਗ ਜਾਂਦੀ ਹੈ। ਮੈਂ ਸਮਝ ਗਿਆ। ਝਰੋਖਿਆਂ ਵਿਚ ਦੀ ਵੈਦ ਜੀ ਦਾ ਘਰ ਦਿਸਦਾ ਹੈ ਅਤੇ ਉਥੋਂ ਦੇਵਕੀ ਤੁਲਸੀ ਨੂੰ ਵੇਖ ਰਹੀ

ਹੈ। ਮੈਂ ਵੀ ਚਟਾਈ ਤੋਂ ਉੱਠਕੇ ਖਿੜਕੀ ਕੋਲ ਆ ਗਿਆ ਅਤੇ ਹੇਠਾਂ ਵੱਲ ਵੇਖਣ ਲੱਗ ਜਾਂਦਾ ਹਾਂ।

ਤੁਲਸੀ ਪਾਣੀ ਡੋਲ੍ਹ ਕੇ ਖਾਲ੍ਹੀ ਬਾਲਟੀਆਂ ਚੁੱਕੀ ਪੌੜੀਆਂ ਉੱਤਰ ਰਿਹਾ ਹੈ। ਹੇਠਲੀ ਪੌੜੀ ਤੇ ਪੁੱਜ ਕੇ ਉਹ ਅੱਖਾਂ ਚੁੱਕ ਸਾਹਮਣੇ ਵੱਲ ਵੇਖਦਾ ਹੈ ਅਤੇ ਮੁਸਕਰਾ ਪੈਂਦਾ ਹੈ। ਉਸ ਦੀਆਂ ਅੱਖਾਂ ਸ਼ਾਇਦ ਖਿੜਕੀ 'ਚ ਦੇਵਕੀ ਨੂੰ ਲੱਭ ਰਹੀਆਂ ਹਨ।

ਦੋ ਬਾਲਟੀਆਂ ਨਾਲ ਇਕ ਪੌੜੀ ਸਾਫ਼ ਹੁੰਦੀ ਹੈ, ਪਰ ਉਹ ਅਜਿਹੀ ਸਾਫ਼ ਹੁੰਦੀ ਹੈ ਕਿ ਚਮਕਣ ਲੱਗ ਪੈਂਦੀ ਹੈ। ਕੁਝ ਇੱਟਾਂ ਤਾਂ ਬਿਲਕੁਲ ਲਾਲ-ਲਾਲ ਨਿਕਲ ਆਉਂਦੀਆਂ ਹਨ।

ਤੁਲਸੀ ਦਾ ਚਿਹਰਾ ਚਮਕ ਰਿਹਾ ਹੈ। ਹਰ ਵਾਰ ਉਹ ਪੌੜੀਆਂ ਉਤਰਦਾ ਹੋਇਆ, ਉੱਪਰ ਵੱਲ ਵੇਖ ਮੁਸਕਰਾ ਪੈਂਦਾ ਹੈ। ਇਹ ਮੁਸਕਾਨ ਮੇਰੇ ਲਈ ਨਹੀਂ ਸਗੋਂ ਦੇਵਕੀ ਲਈ ਹੈ, ਜਿਹੜੀ ਕਿ ਕਾਫੀ ਦੇਰ ਤੋਂ ਝਰੋਖਿਆਂ ਨਾਲ ਬੈਠੀ ਤੁਲਸੀ ਨੂੰ ਵੇਖ ਰਹੀ ਹੈ।

ਵੈਦ ਡਾਕਟਰ ਸਾਫ਼ ਸੁਥਰਾ ਰਹਿਣਾ ਪਸੰਦ ਕਰਦੇ ਹਨ, ਇਸ ਵਾਸਤੇ ਹੀ ਵੈਦ ਜੀ ਰੋਜ਼ ਪੌੜੀਆਂ ਧੁਆਂਦੇ ਹਨ। ਹੁਣ ਤੁਲਸੀ ਪੌੜੀਆਂ ਵਿਚਕਾਰ ਪੁਜ ਚੁਕਿਆ ਹੈ ਉਹ ਹੁਣ ਆਪ ਹੀ ਪਾਣੀ ਡੋਲ੍ਹਦਾ ਅਤੇ ਝਾੜੂ ਲਾਉਂਦਾ ਹੈ। ਵੈਦ ਜੀ ਦੀ ਪਤਨੀ ਹੁਣ ਵੀ ਜਬਾੜੇ ਹਲਾਉਂਦੀ, ਚੌਂਤਰੇ ਉਤੇ ਖੜ੍ਹੀ ਤੁਲਸੀ ਨੂੰ ਬੁਰਾ ਭਲਾ ਆਖੀ ਜਾ ਰਹੀ ਹੈ।

ਤੁਲਸੀ ਨੂੰ ਮੁੜ੍ਹਕਾ ਆ ਗਿਆ। ਉਸ ਦਾ ਕੁੜਤਾ ਪਿੱਠ ਕੋਲੋਂ ਭਿੱਜ ਗਿਆ। ਧੁੱਪ ਤੇਜ਼ ਹੋ ਰਹੀ ਹੈ।

ਕਾਫੀ ਚਿਰ ਮਗਰੋਂ ਤੁਲਸੀ ਕਮਰੇ 'ਚ ਆਉਂਦਾ ਹੈ। ਪੌੜ੍ਹੀਆਂ ਧੋਣ ਮਗਰੋਂ ਉਹ ਦੋ ਗੇੜੇ ਵੈਦ ਜੀ ਦੇ ਅੰਦਰ ਪਾਣੀ ਦੇ ਵੀ ਪਾ ਆਇਆ ਹੈ।

‘‘ਦੇਵਕੀ ਜੀ, ਥੋੜ੍ਹਾ ਕੁ ਪਾਣੀ ਦਿਓ।" ਆਪਣੀ ਬਾਂਹ ਨਾਲ ਮੱਥੇ ਦਾ ਪਸੀਨਾ ਪੂੰਜਦਾ ਹੋਇਆ ਤੁਲਸੀ ਆਖਦਾ ਹੈ। ਉਹ ਆਪਣੀ ਘਰ ਵਾਲੀ ਨੂੰ 'ਦੇਵੀ ਜੀ' ਕਹਿ ਕੇ ਬੁਲਾਉਂਦਾ ਹੈ, ਜਿਵੇਂ ਕਿ ਕੁਝ ਕੁ ਆਰੀਆ ਸਮਾਜੀ ਘਰਾਂ ਵਿਚ ਰਿਵਾਜ਼ ਹੈ।

"ਮੰਤਰੀ ਜੀ ਦਾ ਬੰਦਾ ਆਇਆ ਸੀ, ਤੁਲਸੀ ਦੇ ਹੱਥ 'ਚ ਪਾਣੀ ਦਾ ਗਿਲਾਸ ਫੜਾਉਂਦੀ ਹੋਈ, ਦੇਵਕੀ ਉਲਾਂਭੇ ਦੇ ਸੁਰ 'ਚ ਆਖਦੀ ਹੈ, "ਮੰਤਰੀ ਜੀ ਨੇ ਆਖਿਐ, ਪ੍ਰਧਾਨ ਜੀ ਦੇ ਘਰੋਂ ਹਵਨ-ਕੁੰਡ ਲੈ ਕੇ ਮੇਰੇ ਘਰ ਪਹੁੰਚਾ ਦਿਓ।"

"ਕਦੋਂ ਆਇਆ ਸੀ?"

''ਹੁਣੇ ਹੀ ਆਇਆ ਸੀ।”

ਤੁਲਸੀ ਕਮਰੇ ਦੇ ਵਿਚਕਾਰ ਖੜ੍ਹਾ ਬਹੁਤ ਛੋਟਾ ਜਿਹਾ ਲੱਗਣ ਲੱਗਾ। ਹੁਣ ਮੈਨੂੰ ਉਹ ਬਹੁਤ ਵੱਡਾ ਨਹੀਂ ਲਗਦਾ।

'ਅੱਜ ਵੀਹ ਤੇ ਚਾਰ ਬਾਲਟੀਆਂ ਸਨ", ਦੇਵਕੀ ਗੁੱਸੇ ਵਿਚ ਆਖਦੀ ਹੈ। ਤੁਲਸੀ ਹੱਸਦਾ ਹੋਇਆ ਮੇਰੇ ਵੱਲ ਮੂੰਹ ਕਰਕੇ ਆਖਦਾ ਹੈ, “ਮੈਂ ਬਾਲਟੀਆਂ ਭਰ-ਭਰਕੇ ਉਪਰ ਲੈ ਜਾਂਦਾ ਰਹਿੰਦਾ ਹਾਂ, ਅਤੇ ਇਹ ਉਥੇ ਖੜ੍ਹੀ ਗਿਣਦੀ ਰਹਿੰਦੀ ਹੈ।"

"ਕੱਲ੍ਹ ਵੀਹ ਤੇ ਅੱਠ ਸਨ, ਪਰਸੋਂ ਵੀਹ ਅਤੇ ਨੌਂ।" ਕਹਿੰਦਿਆਂ ਦੇਵਕੀ ਦੀ ਆਵਾਜ਼ ਲੜਖੜਾ ਜਾਂਦੀ ਹੈ, ''ਮੈਂ ਏਥੇ ਘਰ 'ਚ ਵਿਹਲੀ ਬੈਠੀ ਰਹਿੰਦੀ ਹਾਂ ਜੀ, ਮੈਂ ਪੌੜੀਆਂ ਧੋ ਸਕਦੀ ਹਾਂ। ਪਰ ਇਹ ਮੈਨੂੰ ਧੋਣ ਨਹੀਂ ਦਿੰਦੇ।" ਉਹਦਾ ਗੱਚ ਭਰ ਆਉਂਦਾ ਹੈ ਅਤੇ ਆਪਣੇ ਗੋਡਿਆਂ ਵਿਚ ਆਪਣਾ ਸਿਰ ਲੁਕਾ ਲੈਂਦੀ ਹੈ।

"ਪਰ ਮੈਂ ਕੋਈ ਥੱਕਦਾ ਹਾਂ? ਮੈਂ ਤਾਂ ਪੰਜਾਹ ਬਾਲਟੀਆਂ ਢੋਅ ਸਕਦਾ ਹਾਂ।”

ਤੁਲਸੀ ਮੈਨੂੰ ਮੁਖਾਤਿਬ ਹੋ ਕੇ ਆਖਦਾ ਹੈ। "ਵੈਦ ਜੀ ਦੀ ਪਤਨੀ ਨੂੰ ਸਫ਼ਾਈ ਦਾ ਬਹੁਤ ਸ਼ੌਕ ਹੈ। ਵੀਹ ਪੰਝੀ ਬਾਲਟੀਆਂ ਤਾਂ ਰੋਜ਼ ਹੀ ਭਰਨੀਆਂ ਪੈਂਦੀਆਂ ਨੇ। ਪੜ੍ਹਨ ਲਈ ਸਮਾਂ ਹੀ ਨਹੀਂ ਮਿਲਦਾ।”

ਤੁਲਸੀ ਨੇ ਦੇਵਕੀ ਨੂੰ ਸੰਧਿਆ ਦੇ ਮੰਤਰ ਸਿਖਾ ਦਿਤੇ ਹਨ, ਸ਼ਾਂਤੀ ਪਾਠ ਵੀ ਜਾਣਦੀ ਹੈ ਅਤੇ ਉਹ ਉਸਨੂੰ ਪਹਿਲੀ ਪੋਥੀ ਵੀ ਪੜ੍ਹਾਉਂਦਾ ਹੈ।

ਮੈਂ ਮਾਤਾ ਜੀ ਦੁਆਰਾ ਭੇਜੀ ਗਈ ਛੋਟੀ ਜਹੀ ਗਠੜੀ ਦੇਵਕੀ ਦੇ ਅੱਗੇ ਕਰ ਦਿੰਦਾ ਹਾਂ, "ਮਾਤਾ ਜੀ ਨੇ ਕੁਝ ਕਪੜੇ ਭੇਜੇ ਹਨ।" ਮੈਂ ਫੇਰ ਕਹਿੰਦਾ ਹਾਂ।

ਦੇਵਕੀ ਦੀਆਂ ਅੱਖਾਂ ਵਿਚ ਚਾਅ ਅਤੇ ਖੁਸ਼ੀ ਭਰ ਜਾਂਦੀ ਹੈ। ਉਹ ਇਕ ਦਮ ਅੱਗੇ ਵਧਕੇ ਪੋਟਲੀ ਫੜ ਲੈਂਦੀ ਹੈ ਅਤੇ ਗੱਠ ਖੋਲ੍ਹ ਕੇ ਕੱਪੜੇ ਵੇਖਣ ਲਗਦੀ ਹੈ। ਪੁਰਾਣੇ ਕੱਪੜੇ ਹਨ, ਸ਼ਾਇਦ ਬਿਮਲਾ ਦੇ ਹਨ ਜਾਂ ਵਿਦਿਆ ਦੇ। ਉਨ੍ਹਾਂ 'ਚ ਕੁਝ ਕਪੜੇ ਛੋਟੇ ਬੱਚੇ ਦੇ ਵੀ ਹਨ, ਜਿਨ੍ਹਾਂ ਨੂੰ ਖੋਲ੍ਹ ਕੇ ਵੇਖਦਿਆਂ ਦੇਵਕੀ ਸ਼ਰਮ ਨਾਲ ਲਾਲ ਹੋ ਜਾਂਦੀ ਹੈ ਅਤੇ ਉਨ੍ਹਾਂ ਕੱਪੜਿਆਂ 'ਚ ਹੀ ਆਪਣਾ ਮੂੰਹ ਛੁਪਾ ਲੈਂਦੀ ਹੈ। ਉਸ ਦੀਆਂ ਚੂੜੀਆਂ ਖੜਕ ਪੈਂਦੀਆਂ ਹਨ।

"ਹੁਣ ਮੈਂ ਚੱਲਾਂ, ਹਵਨ-ਕੁੰਡ ਪੁਚਾਉਣਾ ਹੈ।"

ਫੇਰ ਸਾਢੇ ਅੱਠ ਵਜੇ ਦਵਾਈ-ਖਾਨਾ ਖੁੱਲ੍ਹ ਜਾਂਦਾ ਹੈ। ਮੈਨੂੰ ਦੇਰ ਹੋ ਜਾਵੇਗੀ।" ਤੁਲਸੀ ਦੀਆਂ ਅੱਖਾਂ 'ਚ ਭਾਰ ਜਿਹਾ ਹੈ। ਉਹ ਚਟਾਈ ਉਤੇ ਕੰਧ ਨਾਲ ਪਿੱਠ ਲਾਈ ਬੈਠਾ ਹੈ, ਅਤੇ ਲਗਦਾ ਇੰਝ ਹੈ ਜਿਵੇਂ ਹੁਣੇ ਉਸ ਨੂੰ ਨੀਂਦ ਦਾ ਟੂਲਾ ਆ ਜਾਵੇਗਾ।

“ਹਾਏ, ਮੈਂ ਮਰ ਗਈ,” ਦੇਵਕੀ ਅਚਾਨਕ ਕਹਿ ਉਠਦੀ ਹੈ ਅਤੇ ਉੱਠਕੇ ਚੁੱਲ੍ਹੇ ਕੋਲ ਜਾ ਪੁੱਜੀ।

"ਇਹ ਕੀ ਕਰਨ ਲੱਗੀ ਐ ਦੇਵੀ?"

"ਮੈਂ ਹੁਣੇ ਦੋ ਰੋਟੀਆਂ ਪਕਾ ਦਿੰਦੀ ਹਾਂ। ਰੋਟੀ ਖਾ ਕੇ ਜਾਣਾ।"

"ਰੋਟੀ ਹੁਣ ਕਦੋਂ ਖਾਵਾਂਗਾ? ਇਹ ਕੋਈ ਵੇਲਾ ਹੈ? ਪ੍ਰਧਾਨ ਜੀ ਦਾ ਘਰ ਨਵੇਂ ਮੁਹੱਲੇ ’ਚ ਹੈ। ਉਥੋਂ ਹਵਨ-ਕੁੰਡ ਲੈ ਕੇ ਸੰਦਪੁਰੀ ਮੁਹੱਲੇ 'ਚ ਜਾਣੇ। ਇਧਰ ਦਵਾਈ-ਖਾਨਾ ਖੁੱਲ੍ਹਣ ਦਾ ਵੀ ਸਮਾਂ ਹੋ ਜਾਵੇਗਾ।”

ਤੁਲਸੀ ਸਾਡੇ ਘਰ ਸੀ ਤਾਂ ਇਕ ਟੱਬਰ ਦਾ ਨੌਕਰ ਸੀ। ਹੁਣ ਉਹ ਇਥੇ ਆਰੀਆ-ਸਮਾਜ ਦੇ ਕਿੰਨੇ ਮੈਂਬਰਾਂ ਦਾ ਨੌਕਰ ਹੈ।

"ਇਕ ਰੋਟੀ ਤਾਂ ਖਾ ਜਾਵੋ ਜੀ, ਮੁੜਨ ਨੂੰ ਕਿੰਨੀ ਦੇਰ ਹੋ ਜਾਂਦੀ ਹੈ।" ਫੇਰ ਮੇਰੇ ਵੱਲ ਵੇਖ ਕੇ ਕਹਿੰਦੀ ਹੈ, "ਇਹ ਰੋਜ਼ ਹੀ ਕੁਵੇਲੇ ਰੋਟੀ ਖਾਂਦੇ ਹਨ ਜੀ। ਕਦੇ ਕਦੇ ਤਾਂ ਸਾਰਾ ਦਿਨ ਹੀ ਨਿਕਲ ਜਾਂਦਾ ਹੈ, ਖਾਂਦੇ ਹੀ ਨਹੀਂ। ਕਦੇ ਕੋਈ ਸੱਦ ਕੇ ਲੈ ਜਾਂਦਾ ਹੈ, ਕਦੇ ਕੋਈ। ਤੁਸੀਂ ਵੱਡੇ ਬਾਬੂ ਜੀ ਨੂੰ ਆਖੋ ਨਾ ਜੀ ਉਹ ਵੈਦ ਜੀ ਨੂੰ ਸਮਝਾਉਣ।"

"ਮੈਂ ਕੁਝ ਨਹੀਂ ਖਾਵਾਂਗਾ।" ਤੁਲਸੀ ਦੀ ਆਵਾਜ਼ ਵਿਚ ਕੁਝ ਕੁਝ ਪਿਤਾ ਜੀ ਦੀ ਅਵਾਜ਼ ਦਾ ਲਹਿਜਾ ਆ ਗਿਆ ਹੈ। ਉਹ ਚਟਾਈ ਤੋਂ ਉਠ ਕੇ ਅੰਗੜਾਈ ਲੈਂਦਾ ਹੋਇਆ ਖਿੜਕੀ ਕੋਲ ਜਾ ਪੁੱਜਿਆ ਹੈ। "ਵੈਦ ਜੀ ਆ ਰਹੇ ਹਨ," ਉਹ ਕਹਿੰਦਾ ਹੈ। ਦੇਵਕੀ ਵੀ ਭੱਜ ਕੇ ਝਰੋਖੇ ਵਿਚੋਂ ਬਾਹਰ ਵੇਖਦੀ ਹੈ। ਮੈਂ ਵੀ ਖਿੜਕੀ ਕੋਲ ਆ ਗਿਆ। ਵੈਦ ਜੀ ਹੀ ਹਨ, ਘਰੋਂ ਨਿਕਲ ਹੌਲੀ ਹੌਲੀ ਪੌੜੀਆਂ ਉਤਰਨ ਲੱਗੇ ਹਨ। ਗੋਡਿਆ ਤੋਂ ਹੇਠਾਂ ਤੱਕ ਦਾ ਕੋਟ ਹੈ, ਸਿਰ ਉਤੇ ਪਗੜੀ ਅਤੇ ਅੱਖਾਂ ਉਤੇ ਐਨਕ ਹੈ।

"ਵੇਖਣਾ ਜੀ," ਦੇਵਕੀ ਚਾਅ-ਮੱਤੀ ਕਹਿੰਦੀ ਹੈ, "ਹੁਣੇ ਵੈਦ ਜੀ ਅੱਧੀਆਂ ਪੌੜੀਆਂ ਉਤਰ ਕੇ ਫੇਰ ਮੁੜ ਜਾਣਗੇ। ਉਹ ਇਕ ਵਾਰ ਜ਼ਰੂਰ ਮੁੜਦੇ ਹਨ।"

ਐਨ ਉਹ ਹੀ ਗੱਲ ਹੋਈ। ਵੈਦ ਜੀ ਦਸ ਕੁ ਪੌੜੀਆਂ ਉੱਤਰ ਕੇ ਅਚਾਨਕ ਅਟਕ ਗਏ ਅਤੇ ਮੁੜ ਪੌੜੀਆਂ ਚੜ੍ਹਨ ਲਗੇ। ਦੇਵਕੀ ਜੁਆਕਾਂ ਵਾਂਗ ਖਿੜਖਿੜਾ ਕੇ ਹੱਸਣ ਲੱਗ ਪਈ।

"ਹੁਣ ਦੱਸਾਂ ਜੀ।" ਦੇਵਕੀ ਚਹਿਕਦੀ ਹੋਈ ਆਖਦੀ ਹੈ, "ਵੈਦ ਜੀ, ਥੈਲਾ ਲੈਣ ਗਏ ਹਨ।" ਅਤੇ ਫਿਰ ਉਹ ਝਰੋਖਿਆਂ ਨਾਲ ਚਿਪਕੀ ਬਾਹਰ ਵੱਲ ਵੇਖਣ ਲੱਗ ਜਾਂਦੀ ਹੈ।

ਉਸਦਾ ਇਹ ਅੰਦਾਜ਼ਾ ਵੀ ਠੀਕ ਨਿਕਲਿਆ। ਵੈਦ ਜੀ ਮੁੜ ਰਹੇ ਹਨ ਅਤੇ ਸੱਚ-ਮੁੱਚ ਹੀ ਉਨ੍ਹਾਂ ਦੇ ਹੱਥ ਵਿਚ ਹਰੇ ਰੰਗ ਦਾ ਵੱਡਾ ਸਾਰਾ ਥੱਲਾ ਹੈ, ਜਿਵੇਂ ਘੋੜਿਆਂ ਦੇ ਮੂੰਹ ਅੱਗੇ ਬੰਨਿਆ ਹੋਇਆ ਹੁੰਦਾ ਹੈ। ਦੇਵਕੀ ਹੁਣ ਤਾੜੀ ਮਾਰ ਕੇ ਹੱਸ ਰਹੀ ਹੈ।

"ਵੱਡਿਆਂ ਉਤੇ ਹੱਸੀਦਾ ਨਹੀਂ ਦੇਵੀ ਜੀ, ਮੈਂ ਕਈ ਵਾਰ ਤੁਹਾਨੂੰ ਸਮਝਾ ਚੁੱਕਾ ਹਾਂ।"

ਤੁਲਸੀ ਆਪਣੀ ਉੱਚੀ ਖਰਵੀ ਅਵਾਜ਼ ਵਿਚ ਕਹਿੰਦਾ ਹੈ। ਤੁਲਸੀ ਦਾ ਦਾ ਲਹਿਜਾ ਸੱਚ-ਮੁੱਚ ਪਿਤਾ ਜੀ ਦੇ ਲਹਿਜੇ ਨਾਲ ਮੇਲ ਖਾਣ ਲੱਗ ਪਿਆ ਹੈ।

ਵੈਦ ਜੀ ਦੇ ਘਰ ਦੇ ਚੌਂਤਰੇ ਉਤੇ ਉਨ੍ਹਾਂ ਦੀ ਪਤਨੀ ਵੀ ਆ ਕੇ ਖੜ੍ਹੀ ਹੋ ਗਈ ਹੈ, ਅਤੇ ਹੁਣ ਉਹ ਵੈਦ ਜੀ ਨੂੰ ਕੁਝ ਕਹਿ ਰਹੀ ਹੈ। ਦੇਵਕੀ ਉਸੇ ਵੇਲੇ ਝਰੋਖੇ ਕੋਲੋਂ ਮੁੜ ਆਈ ਤੇ ਉਸ ਦਾ ਮੂੰਹ ਉਤਰਿਆ ਹੋਇਆ ਹੈ।

“ਉਹ ਤਾਂ ਅੱਜ ਤੁਹਾਨੂੰ ਸੌਦਾ ਲੈਣ ਮੰਡੀ ਭੇਜਣਗੇ ਜੀ। ਵੇਖ ਲੈਣਾ। ਤੁਸੀਂ ਹੁਣੇ ਛੇਤੀ ਛੇਤੀ ਪੌੜੀਆਂ ਉਤਰ ਜਾਓ ਜੀ, ਨਹੀਂ ਤਾਂ ਵੈਦ ਜੀ ਹੁਣੇ ਆ ਕੇ ਸੱਦ ਲੈਣਗੇ।"

"ਕੀ ਆਖਿਆ ਦੇਵੀ ਜੀ, ਵੈਦ ਜੀ ਦਾ ਸੌਦਾ ਨਾ ਲਿਆਵਾਂ? ਅਜਿਹੀਆਂ ਗੱਲਾਂ ਨਹੀਂ ਕਰੀ ਦੀਆਂ।” ਉਹ ਝਿੜਕਦਾ ਹੋਇਆ ਆਖਦਾ ਹੈ। ਅਸੀਂ ਪੌੜੀਆਂ ਉਤਰਨ ਲੱਗੇ ਹਾਂ। ਦੇਵਕੀ ਦੁਖੀ ਜਹੀ ਦਰਵਾਜ਼ੇ 'ਚ ਖੜ੍ਹੀ ਹੈ।

"ਤੁਲਸੀ, ਤੂੰ ਵੈਦ ਬਣ ਜਾਵੇਂਗਾ?" ਹੇਠਲੀ ਮੰਜ਼ਲ ਦੀਆਂ ਪੌੜੀਆਂ ਉਤਰਦਾ ਹੋਇਆ ਮੈਂ ਉਸ ਤੋਂ ਪੁੱਛਦਾ ਹਾਂ।

"ਵੈਦ ਜੀ ਕਦੇ ਪੜ੍ਹਾਉਂਦੇ ਹਨ, ਕਦੇ ਨਹੀਂ। ਮੈਨੂੰ ਤਾਂ ਵਕਤ ਹੀ ਨਹੀਂ ਮਿਲਦਾ। ਫਿਰ ਜਿਵੇਂ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ ਕਹੀ ਜਾਂਦਾ ਹੈ, 'ਦੇਵਕੀ ਨੂੰ ਪਿੰਡ ਛੱਡ ਆਵਾਂਗਾ। ਆਪਣੇ ਵਾਸਤੇ ਦੋ ਰੋਟੀਆਂ ਬਣਾ ਲਿਆ ਕਰਾਂਗਾ। ਫਿਰ ਸ਼ਾਇਦ ਪੜ੍ਹ ਸਕਾਂ।"

ਪੌੜੀਆਂ ਦੇ ਹੇਠਾਂ ਵੈਦ ਜੀ ਆਪਣਾ ਥੈਲਾ ਲਈ ਖੜ੍ਹੇ ਹਨ। ਤੁਲਸੀ ਹੱਥ ਜੋੜਕੇ ਉਨ੍ਹਾਂ ਕੋਲ ਜਾ ਖੜ੍ਹਾ ਹੁੰਦਾ ਹੈ।

"ਤੁਲਸੀ ਰਾਮ, ਇਹ ਥੈਲਾ ਫੜੋ ਤੇ ਮੰਡੀ 'ਚੋਂ ਕੁਝ ਸੌਦਾ ਪੱਤਾ ਲੈ ਆਓ...।" ਵੈਦ ਜੀ ਇਹ ਆਖਦੇ ਹੋਏ ਉਸ ਨੂੰ ਇਕ ਕਾਗਜ਼ ਫੜਾ ਦਿੰਦੇ ਹਨ।

0

ਦੁਪਹਿਰ ਦਾ ਵੇਲਾ ਹੈ। ਰਸੋਈ ਘਰ ਦੇ ਬਾਹਰ ਟੀਨ ਦੇ ਛੱਪਰ ਹੇਠਾਂ ਮੈਂ ਅਤੇ ਮੇਰਾ ਭਰਾ ਗੱਲਾਂ ਕਰ ਰਹੇ ਹਾਂ। ਮੇਰਾ ਭਰਾ ਖੰਭੇ ਦਾ ਸਹਾਰਾ ਲਈ ਖੜ੍ਹਾ ਹੈ, ਅਤੇ ਉਸ ਨੇ ਖਾਕੀ ਰੰਗ ਦਾ ਟੋਪ ਲਿਆ ਹੋਇਆ ਹੈ। ਭਰਾ ਲਾਹੌਰ ਤੋਂ ਛੁੱਟੀਆਂ 'ਚ ਆਇਆ ਹੈ, ਉਹਨੇ ਸਫੈਦ ਰੰਗ ਦੀ ਪਤਲੂਨ ਪਾਈ ਹੋਈ ਹੈ। ਮੈਂ ਉਸਦੇ ਟੋਪ ਨੂੰ ਵੇਖੀ ਜਾ ਰਿਹਾ ਹਾਂ, "ਅਸੀਂ ਇਸ ਨੂੰ ਉਥੇ ਟੇਢਾ ਕਰਕੇ ਲੈਂਦੇ ਹਾਂ।" ਅਤੇ ਉਹ ਟੱਪ ਨੂੰ ਥੋੜ੍ਹਾ ਕੁ ਸੱਜੇ ਪਾਸੇ ਕੰਨ ਵੱਲ ਝੁਕਾ ਦਿੰਦਾ ਹੈ। ਭਰਾ ਹੁਣ ਬਹੁਤ ਗੋਰਾ ਲਗਦਾ ਹੈ ਅਤੇ ਉਸ ਦਾ ਚਿਹਰਾ ਚਮਕ ਰਿਹਾ ਹੈ।

"ਇਹ ਸਾਡੇ 'ਕਾਲਜ' ਦਾ 'ਕਲਰ' ਹੈ।" ਓਹ ਸੂਟਕੇਸ 'ਚੋਂ ਇਕ ਨਕਟਾਈ ਕੱਢ ਕੇ ਵਿਖਾਉਂਦਾ ਹੈ। ਉਸ ਵਿਚ ਸੁਨਹਿਰੀ ਅਤੇ ਲਾਲ ਰੰਗ ਦੀਆਂ ਪੱਟੀਆਂ ਜਹੀਆਂ ਬਣੀਆਂ ਹੋਈਆਂ ਹਨ "ਮੁੰਡੇ ਇਸੇ ਰੰਗ ਦਾ ਬਲੇਜ਼ਰ ਵੀ ਪਹਿਣਦੇ ਹਨ।"

"ਬਲੇਜ਼ਰ ਕੀ ਹੁੰਦਾ ਹੈ?"

"ਇਕ ਖਾਸ ਕੱਪੜੇ ਦਾ ਕੋਟ ਹੁੰਦਾ ਹੈ। ਉਹ ਮੈਂ ਨਾਲ ਲੈ ਕੇ ਨਹੀਂ ਆਇਆ।"

ਭਰਾ ਦੀਆਂ ਗੱਲਾਂ ਸੁਣਦਿਆਂ ਪਹਿਲਾਂ ਵਾਂਗ ਹੀ ਮੇਰੀਆਂ ਅੱਖਾਂ ਸਾਹਮਣੇ ਇਕ ਨਵੀਂ ਦੁਨੀਆਂ ਆ ਖੜੀ ਹੁੰਦੀ ਹੈ।

"ਖੇਡਣ ਵਾਲੀ ਕਮੀਜ਼ ਵੀ ਇਨ੍ਹਾਂ ਦੋ ਰੰਗਾਂ ਦੀ ਹੀ ਹੁੰਦੀ ਹੈ, ਤੌਲੀਆ ਵੀ, ਜਰਸੀ ਵੀ, ਲੰਮੇ ਬੂਟ ਵੀ......" ਭਾਈ ਕਹਿੰਦਾ ਹੈ, "ਉਥੇ ਸਾਨੂੰ ਅੰਗਰੇਜ਼ ਪ੍ਰੋਫੈਸਰ ਪੜ੍ਹਾਉਂਦੇ ਹਨ। ਸਾਡੇ ਦੋ ਪ੍ਰੋਫੈਸਰ ਅੰਗਰੇਜ਼ ਹਨ।"

'ਮੈਂ ਵੀ ਹਜ਼ਾਮਤ ਕੀਤੀ ਹੈ।" ਮੈਂ ਵੀ ਬਦਲੇ ਵਿਚ ਹੈਂਕੜੀ ਮਾਰਨ ਲਈ ਆਖਦਾ ਹਾਂ। ਦੋ ਕੁ ਦਿਨ ਪਹਿਲਾਂ ਹੀ ਮੈਂ ਪਹਿਲੀ ਵਾਰ ਹਜ਼ਾਮਤ ਕੀਤੀ ਸੀ, ਨਵੇਂ ਬਲੇਡ ਨੇ ਮੇਰੀਆਂ ਗੱਲ੍ਹਾਂ ਤੇ ਪੱਛ ਲਾ ਦਿੱਤੇ, ਕਈ ਥਾਵਾਂ ਤੋਂ ਖ਼ੂਨ ਨਿਕਲ ਆਇਆ ਸੀ।

"ਤੂੰ ਏਨੀ ਛੇਤੀ ਹਜ਼ਾਮਤ ਕਿਉਂ ਕਰਨ ਲੱਗ ਪਿਆ।" ਭਾਈ ਨੇ ਬੜੀ ਗੰਭੀਰਤਾ ਨਾਲ ਪੁਛਿਆ ਅਤੇ ਮੇਰੇ ਕੋਲ ਮੰਜੇ ਉਤੇ ਬੈਠ ਗਿਆ।

“ਠੋਡੀ ਉਤੇ ਕਾਲੇ ਕਾਲੇ ਵਾਲ ਨਿਕਲ ਆਉਂਦੇ ਸਨ। ਮੈਂ ਉਨ੍ਹਾਂ ਨੂੰ ਖਿੱਚ ਦਿੰਦਾ ਅਤੇ ਫੇਰ ਹੋਰ ਮੋਟੇ ਮੋਟੇ ਵਾਲ ਨਿਕਲ ਆਉਂਦੇ ਸਨ।”

"ਕਿਸ ਤੋਂ ਪੁੱਛ ਕੇ ਹਜ਼ਾਮਤ ਕੀਤੀ ਸੀ? ਪਹਿਲਾਂ ਪਹਿਲਾਂ ਤਾਂ ਸਿਰਫ ਕੈਂਚੀ ਨਾਲ ਵਾਲ ਕਟਦੇ ਹੁੰਦੇ ਨੇ। ਹੁਣ ਤੇਰੀ ਹਜਾਮਤ ਬਹੁਤ ਸਖਤ ਹੋ ਜਾਵੇਗੀ, ਵੇਖ ਲਈ ਮੂੰਹ ਤੇ ਦਾੜ੍ਹੀ ਹੀ ਦਾੜ੍ਹੀ ਹੋ ਜਾਵੇਗੀ।" ਮੈਂ ਹਰਾਸਿਆ ਜਿਹਾ ਉਸਦੇ ਮੂੰਹ ਵੱਲ ਵੇਖਦਾ ਹਾਂ। ਭਰਾ ਜੀ ਨੂੰ ਮੇਰਾ ਕੋਈ ਵੀ ਕੰਮ ਪਸੰਦ ਨਹੀਂ। ਜਿਹੜੀ ਹਲਕੀ ਜਹੀ ਉਮੰਗ ਮਨ 'ਚ ਪੈਦਾ ਹੋਈ ਸੀ ਉਹ ਨਿਰਾਸ਼ਾ 'ਚ ਡੁੱਬਣ ਲੱਗੀ।

"ਵੇਖ ਮੇਰੀ ਹਜ਼ਾਮਤ ਕਿੰਨੀ ਮੁਲਾਇਮ ਹੈ?" ਅਤੇ ਉਹ ਮੇਰਾ ਹੱਥ ਫੜ ਕੇ ਆਪਣੀਆਂ ਗੱਲ੍ਹਾਂ ਉੱਤੇ ਫੇਰਦਾ ਹੈ। ਉਸ ਦੀਆਂ ਗੱਲ੍ਹਾਂ ਸੱਚ-ਮੁੱਚ ਮੁਲਾਇਮ ਹਨ ਅਤੇ ਮੇਰੀਆਂ ਗੱਲ੍ਹਾ ਖੁਰਦਰੀਆਂ ਹੋ ਰਹੀਆਂ ਹਨ ਭਰਾ ਦੇ ਸਾਹਮਣੇ ਮੈਂ ਫਿਰ ਆਪਣੇ ਆਪ ਨੂੰ ਹੀਣ ਸਮਝਣ ਲੱਗ ਪਿਆ ਹਾਂ।

"ਰਾਤ ਨੂੰ ਮੇਰਾ ਸੁਪਨ-ਦੋਸ਼ ਹੋ ਜਾਂਦਾ ਹੈ। ਮੈਂ ਹੌਲੀ ਜਿਹੀ ਦੁਖੀ ਆਵਾਜ਼ ਆਖਦਾ ਹਾਂ।"

ਭਰਾ ਮੇਰੇ ਮੂੰਹ ਵੱਲ ਵੇਖਦਾ ਹੀ ਰਹਿ ਗਿਆ। ਮਨੁੱਖ ਦੀਆਂ ਅੱਖਾਂ ਐਨੀਆਂ ਵੱਡੀਆਂ ਰਹਿ ਸਕਦੀਆਂ ਹਨ, ਮੈਨੂੰ ਇਸ ਦਾ ਖਿਆਲ ਵੀ ਨਹੀਂ ਸੀ।

"ਕਿੰਨੀ ਵਾਰ ਸੁਪਨ-ਦੋਸ਼ ਹੋਇਆ ਹੈ।"

"ਤਿੰਨ ਵਾਰ। ਪਹਿਲੀ ਵਾਰ ਗਰਮੀਆਂ 'ਚ ਹੋਇਆ ਸੀ। ਮੈਂ ਮਾਂ ਨੂੰ ਦਸਿਆ ਸੀ। ਮੈਨੂੰ ਇੰਜ ਲਗਿਆ ਜਿਵੇਂ ਮੇਰੇ ਅੰਦਰੋਂ ਪਾਕ ਨਿਕਲੀ ਹੈ। ਮੈਂ ਬਹੁਤ ਡਰ ਗਿਆ ਸੀ।”

"ਮਾਂ ਨੇ ਕੀ ਆਖਿਆ?"

"ਮਾਂ ਕੁਝ ਨਹੀਂ ਬੋਲੀ, ਪਰ ਉਨ੍ਹਾਂ ਨੇ ਪਿਤਾ ਜੀ ਨੂੰ ਦੱਸ ਦਿਤਾ।”

“ਫੇਰ? ਪਿਤਾ ਜੀ ਨੇ ਕੀ ਆਖਿਆ?"

“ਪਿਤਾ ਜੀ ਨੇ ਬਹੁਤ ਝਾੜ ਪਾਈ" ਮੇਰੀ ਆਵਾਜ਼ 'ਚ ਸਹਿਮ ਹੈ "ਉਹ ਕਹਿਣ ਲੱਗੇ ਤੂੰ ਜ਼ਰੂਰ ਗੰਦੇ ਨਾਵਲ ਪੜ੍ਹਦਾ ਹੋਵੇਂਗਾ। ਉਨ੍ਹਾਂ ਮੇਰੇ ਕੋਰਸ ਦਾ ਨਾਵਲ ਚੁੱਕ ਲਿਆ ਅਤੇ ਖਿੜਕੀ ਵਿਚ ਦੀ ਬਾਹਰ ਸੁੱਟ ਦਿੱਤਾ ਹੈ। ਹੁਣ ਉਹ ਹਰ ਰੋਜ਼ ਮੈਨੂੰ ਚਾਰ ਵਜੇ ਤੜਕੇ ਹੀ ਉਠਾ ਦਿੰਦੇ ਹਨ ਅਤੇ ਠੰਡੇ ਪਾਣੀ ਨਾਲ ਨਹਾਉਣ ਲਈ ਆਖਦੇ ਹਨ।”

"ਫੇਰ?"

ਉਨ੍ਹਾਂ ਨੇ ਮੈਨੂੰ ਇਕ ਕਿਤਾਬ ਪੜ੍ਹਨ ਲਈ ਦਿੱਤੀ ਹੈ। ਉਸ ਵਿਚ ਹੀ ਲਿਖਿਆ ਸੀ ਕਿ ਉਹ ਵੀਰਜ਼ ਹੁੰਦਾ ਹੈ!

“ਉਸਨੂੰ ਮੈਂ ਵੀ ਪੜ੍ਹਿਆ ਹੈ।" 'ਅੰਮ੍ਰਿਤ ਬਿੰਦੂ ਹੈ ਨਾ?"

“ਹਾਂ! ਉਸ ਵਿਚ ਇਹ ਵੀ ਲਿਖਿਆ ਹੈ ਕਿ ਖਾਣਾ ਚਬਾ ਕੇ ਖਾਇਆ ਕਰੋ ਅਤੇ ਸ਼ਾਮ ਨੂੰ ਠੰਡੇ ਪਾਣੀ ਨਾਲ ਨਹਾਇਆ ਕਰੋ।”

“ਤੂੰ ਕਿੰਨੀ ਵਾਰ ਖਾਣਾ ਚਬਾਉਂਦਾ ਹੈ?”

“ਸੱਤਰ-ਵਾਰ। ਤਦ ਹੀ ਅੰਦਰ ਲੈ ਜਾਂਦਾ ਹਾਂ ਜਦੋਂ ਬੁਰਕੀ ਪਾਣੀ ਬਣ ਜਾਂਦੀ ਹੈ। ਮੈਂ ਸਵੇਰੇ-ਸ਼ਾਮ ਠੰਡੇ ਪਾਣੀ ਨਾਲ ਨਹਾਉਂਦਾ ਹਾਂ।`”

“ਦੁੱਧ ਪੀਨੈਂ? ਰਾਤ ਨੂੰ ਦੁੱਧ ਨਹੀਂ ਪੀਣਾ ਚਾਹੀਦਾ।”

"ਨਹੀਂ! ਮਾਂ ਜੇ ਦੁੱਧ ਪੀਣ ਲਈ ਦਿੰਦੀ ਹੈ ਤਾਂ ਵੀ ਨਹੀਂ ਪੀਂਦਾ। ਪਹਿਲਾਂ ਤਾਂ ਰਾਤ ਨੂੰ ਚਾਰ ਰੋਟੀਆਂ ਖਾਂਦਾ ਹੁੰਦਾ ਸੀ, ਹੁਣ ਸਿਰਫ ਇਕ ਖਾਂਦਾ ਹਾਂ।"

"ਕਸਰਤ ਕਰਦੈਂ?"

"ਹਾਂ, ਮੈਂ ਤੇ ਮੇਰਾ ਦੋਸਤ ਭੱਜਦੇ ਭੱਜਦੇ ਚਕਲਾਲਾ ਤੱਕ ਜਾਂਦੇ ਹਾਂ ਤੇ ਭੱਜਦੇ ਹੀ ਮੁੜ ਕੇ ਆਉਂਦੇ ਹਾਂ।

‘"ਫੇਰ ਤਾਂ ਤੇਰਾ ਸੁਪਨ-ਦੋਸ਼ ਹੋਣਾ ਨਹੀਂ ਚਾਹੀਦਾ।" ਮੇਰੇ ਵਲੋਂ ਨਜ਼ਰ ਹਟਾ ਕੇ ਭਰਾ ਡਾਕਟਰ ਵਾਂਗ ਵੇਖਦਾ ਹੋਇਆ ਕਹਿੰਦਾ ਹੈ।

"ਇਹ ਤੇਰਾ ਦੋਸਤ ਕਿਹੜਾ ਹੈ?"

"ਤੁਸੀਂ ਉਸ ਨੂੰ ਜਾਣਦੇ ਹੋ। ਕੁਲਦੀਪ! ਧਰਮ ਦੇਵ ਦਾ ਛੋਟਾ ਭਾਈ।'

"ਉਸ ਦਾ ਵੀ ਸੁਪਨ-ਦੋਸ਼ ਹੁੰਦਾ ਹੈ?"

"ਮੈਨੂੰ ਪਤਾ ਨਹੀਂ, ਮੈਂ ਆਪਣੇ ਸੁਪਨ-ਦੋਸ਼ ਦੀ ਗੱਲ ਕਿਸੇ ਨਾਲ ਨਹੀਂ ਕਰਦਾ।"

ਮੇਰੀ ਆਵਾਜ਼ ਹੁਣ ਹੋਰ ਠੰਡੀ ਪੈ ਗਈ ਹੈ। ਮੈਂ ਫਿਰ ਉਸੇ ਕਿਤਾਬ ਦੀ ਗੱਲ ਕਰਦਾ ਹਾਂ।

…..ਅਤੇ ਉਸ ਵਿਚ ਲਿਖਿਆ ਹੈ ਔਰਤ ਵੱਲ ਨਹੀਂ ਵੇਖਣਾ ਚਾਹੀਦਾ।"

"ਤੂੰ ਵੇਖਦਾ ਹੁੰਦੈਂ?"

"ਕਦੇ ਕਦੇ ਵੇਖਦਾ ਹਾਂ, ਪਰ ਜਾਣ-ਬੁੱਝ ਕੇ ਨਹੀਂ ਵੇਖਦਾ।" ਮੈਂ ਆਪਣੀ ਸਫ਼ਾਈ ਪੇਸ਼ ਕਰਦਾ ਹਾਂ, 'ਜਦੋਂ ਗਲੀ 'ਚ ਕੋਈ ਔਰਤ ਬੁਰਕਾ ਚੁੱਕਦੀ ਹੈ ਤਾਂ ਉਸ ਵੱਲ ਜ਼ਰੂਰ ਨਿਗਾਹ ਚਲੀ ਜਾਂਦੀ ਹੈ। ਗੁਨਾਹਗਾਰ ਵਰਗੀ ਅਵਾਜ਼ 'ਚ ਆਖਦਾ ਹਾਂ।

"ਇਕ ਦਿਨ ਮੈਂ ਛੱਤ ਤੇ ਖੜ੍ਹਾ ਸੀ। ਮੈਂ ਹੇਠਾਂ ਖੜ੍ਹੀ ਆਪਣੀ ਮਾਂ ਨੂੰ ਆਵਾਜ਼ ਮਾਰੀ, ਪਿਛਵਾੜੇ ਦੇ ਘਰੋਂ ਅਕਰਾਂ ਨੇ ਮੇਰੀ ਨਕਲ ਲਾਹੀ। ਬੋਲੀ, "ਮਾਤਾ ਜੀ!" ਮੈਂ ਵੇਖਿਆ ਤਾਂ ਮੁਰਤਜ਼ਾ ਦੀ ਭੈਣ ਅਕਰਾਂ ਨਿਕਲੀ। ਬਹੁਤ ਵੱਡੀ ਹੋ ਗਈ ਹੈ। ਮੇਰੇ ਵੱਲ ਵੇਖ ਵੇਖ ਹੱਸ ਰਹੀ ਸੀ।

ਭਰਾ ਫਿਰ ਮੇਰੇ ਵੱਲ ਵੇਖਣ ਲੱਗਿਆ।

"ਪਰ ਮੈਂ ਉਸੇ ਵੇਲੇ ਪੌੜੀਆਂ ਉਤਰ ਕੇ ਹੇਠਾਂ ਚਲਿਆ ਗਿਆ।" ਭਾਈ ਅਜੇ ਵੀ ਚੁੱਪ ਹੈ।

"ਆਪਣੀਆਂ ਸਾਰੀਆਂ ਕਿਤਾਬਾਂ 'ਚੋਂ ਮੈਂ ਔਰਤਾਂ ਦੀਆਂ ਤਸਵੀਰਾਂ ਪਾੜ ਦਿੱਤੀਆਂ ਹਨ।"

"ਕਿੰਨੇ ਦਿਨਾਂ ਮਗਰੋਂ ਸੁਪਨ-ਦੋਸ਼ ਹੁੰਦਾ ਹੈ?”

"ਦੂਜਾ ਸਤਾਈ ਦਿਨ ਮਗਰੋਂ ਹੋਇਆ ਸੀ। ਤੀਜਾ ਛੱਬੀ ਦਿਨ ਮਗਰੋਂ।"

"ਤੈਨੂੰ ਕਿਵੇਂ ਪਤਾ?” ਤੂੰ ਦਿਨ ਗਿਣਦਾ ਰਹਿੰਦੈਂ?’’

"ਹਾਂ, ਮੈਂ ਇਕ ਇਕ ਦਿਨ ਗਿਣਦਾ ਰਹਿੰਦਾ ਹਾਂ।”

"ਤੂੰ ਹੱਥਰਸੀ ਕਰਦਾ ਹੈਂ?" ਅਚਾਨਕ ਭਾਈ ਪੁੱਛਦਾ ਹੈ। ਭਰਾ ਟਿਕਟਿਕੀ ਲਾਈ ਮੇਰੇ ਵੱਲ ਵੇਖ ਰਿਹਾ ਹੈ।

“ਨਹੀਂ, ਮੈਂ ਤਾਂ ਆਪਣੇ ਲਿੰਗ ਨੂੰ ਛੂੰਹਦਾ ਤੱਕ ਵੀ ਨਹੀਂ।”

"ਤੂੰ ਪਿਤਾ ਜੀ ਦੀ ਸਹੁੰ ਖਾ ਕੇ ਕਹਿ ਕਿ ਤੂੰ ਹਥ-ਰਸੀ ਨਹੀਂ ਕਰਦਾ?"

"ਮੈਂ ਹਥ-ਰਸੀ ਨਹੀਂ ਕਰਦਾ, ਇਹ ਮੈਂ ਪਿਤਾ ਜੀ ਦੀ ਖਾ ਸਹੁੰ ਕੇ ਆਖਦਾ ਹਾਂ।"

ਭਰਾ ਨੂੰ ਵਿਸ਼ਵਾਸ ਨਹੀਂ ਹੋ ਰਿਹਾ।

"ਮੇਰੇ ਦਿਲ ਉਤੇ ਹੱਥ ਰੱਖਕੇ ਕਹਿ ਕਿ ਤੂੰ ਹਥ-ਰਸੀ ਨਹੀਂ ਕਰਦਾ।""

ਮੈਂ ਭਰਾ ਦੇ ਦਿਲ ਉਤੇ ਹੱਥ ਰੱਖ ਕੇ ਕਹਿੰਦਾ ਹਾਂ, "ਨਹੀਂ ਕਰਦਾ।"

"ਕਹਿ ਹਥ-ਰਸੀ ਨਹੀਂ ਕਰਦਾ।"

“ਹਥ-ਰਸੀ ਨਹੀਂ ਕਰਦਾ।”

"ਸੁਰਿੰਦਰ ਹੈ ਨਾ,? ਸੁਰਿੰਦਰ ਨੂੰ ਜਾਣਦੇ ਹੋ?"

"ਹਾਂ"

“ਉਹ ਹਥ-ਰਸੀ ਕਰਦਾ ਸੀ। ਉਸ ਦਾ ਲਿੰਗ ਨੀਲਾ ਪੈ ਗਿਆ ਹੈ।"

ਮੈਂ ਭਰਾ ਵੱਲ ਵੇਖੀ ਜਾ ਰਿਹਾ ਹਾਂ।

“ਡਾਕਟਰ ਨੇ ਉਸ ਦੇ ਲਿੰਗ ਉਤੇ ਟੈਚਾਡੀਨ ਲਾਣੀ ਹੈ। ਹੁਣ ਉਹ ਜੇਕਰ ਹਥ-ਰਸੀ ਕਰਨ ਲੱਗੇ ਤਾਂ ਉਸਦੇ ਲਿੰਗ 'ਚ ਦਰਦ ਹੋਣ ਲੱਗ ਪੈਂਦਾ ਹੈ। ਇਸ ਵਾਸਤੇ ਉਹ ਹਥ-ਰਸੀ ਨਹੀਂ ਕਰ ਸਕਦਾ।"

ਭਰਾ ਕੁਝ ਦੇਰ ਮਗਰੋਂ ਕਹਿੰਦਾ ਹੈ "ਉਨ੍ਹਾਂ ਦੀਆਂ ਅੱਖਾਂ ਦੇ ਹੇਠਾਂ ਕਾਲੇ ਧੱਬੇ ਪੈ ਜਾਂਦੇ ਹਨ ਅਤੇ ਦੰਦ ਕਚੀਚਦਾ ਹੈ?" "ਜਿਹੜੇ ਬੰਦੇ ਹਥ-ਰਸੀ ਕਰਦੇ ਹਨ, ਉਹ ਆਪਣੇ ਦੰਦ ਕਰੀਚਦੇ ਰਹਿੰਦੇ ਹਨ। ਕੀ ਤੂੰ ਦੰਦ ਕਰੀਚਦਾ ਹੈ? "

"ਨਹੀਂ ਤਾਂ।"

ਮੈਂ ਡਰਿਆ ਜਿਹਾ ਆਪਣੇ ਭਰਾ ਤੋਂ ਪੁੱਛਦਾ ਹਾਂ, "ਕੀ ਤੇਰਾ ਸੁਪਨ-ਦੋਸ਼ ਹੁੰਦਾ ਹੈ?"

"ਨਹੀ। ਪੰਜ-ਛੇ ਮਹੀਨਿਆਂ 'ਚ ਕਦੇ ਇਕ-ਅੱਧ ਵਾਰ ਹੁੰਦਾ ਹੈ। ਪਰ ਜਦੋਂ ਵੀਰਜ-ਪਾਤ ਹੋਣ ਲੱਗੇ ਤਾਂ ਲੰਮੇ ਸਾਹ ਖਿੱਚਦਾ ਹਾਂ ਤੇ ਉਹ ਰੁਕ ਜਾਂਦਾ ਹੈ। ਫੇਰ ਮੈਂ ਝੱਟ ਮੰਜੇ ਤੋਂ ਉਠ ਪੈਂਦਾ ਹਾਂ ਅਤੇ ਡੰਡ ਬੈਠਕਾਂ ਕੱਢਣ ਲੱਗ ਜਾਂਦਾ ਹਾਂ। ਤਦ ਵੀਰਜ-ਪਾਤ ਨਹੀਂ ਹੁੰਦਾ।”

ਭਾਈ ਦੇ ਚਿਹਰੇ ਉਤੇ ਰੌਣਕ ਹੈ, ਜਿਹੜੀ ਇਕ ਸੱਚੇ ਬ੍ਰਹਮਚਾਰੀ ਦੇ ਚਿਹਰੇ ਉਤੇ ਹੁੰਦੀ ਹੈ। ਚਮਕਦੀਆਂ ਅੱਖਾਂ, ਗੋਰੇ ਗੋਰੇ ਲਾਲ ਲਾਲ ਗੱਲ੍ਹ, ਮੈਂ ਸੋਚਦਾ ਹਾਂ, ਮੇਰਾ ‘ਨੈਤਿਕ-ਪਤਨ ਹੋ ਚੁਕਿਆ ਹੈ। ਇਸ ਕਾਰਨ ਮੇਰਾ ਚਿਹਰਾ ਕਾਲਾ ਤੇ ਪੀਲਾ ਹੈ ਅਤੇ ਉਸ ਉਤੇ ਕੋਈ ਰੌਣਕ ਨਹੀਂ।

"ਮੈਨੂੰ ਦੱਸੋ, ਮੈਂ ਕੀ ਕਰਾਂ?" ਮੈਂ ਦੁਖ ਤੇ ਦਰਦ ਭਰੀ ਆਵਾਜ਼ ਵਿਚ ਆਖਦਾ ਹਾਂ।

ਭਾਈ ਸਾਹਮਣੇ ਬੈਠਾ ਸੋਚ ਰਿਹਾ ਹੈ। ਅਜੇ ਵੀ ਉਸਦੀਆਂ ਅੱਖਾਂ ਡਾਕਟਰ ਵਾਂਗ ਵੇਖ ਰਹੀਆਂ ਹਨ। ਉਸ ਨੂੰ ਇਸ ਗੱਲ ਦਾ ਵਿਸ਼ਵਾਸ ਦਵਾਉਣ ਲਈ ਕਿ ਮੈਂ ਕਿੰਨਾ ਪਰੇਸ਼ਾਨ ਰਹਿੰਦਾ ਹਾਂ, ਹੌਲੀ ਜਿਹੇ ਕਹਿੰਦਾ ਹਾਂ, "ਮੈਂ ਤਾਂ ਰਾਤ ਨੂੰ ਸੌਣਾ ਵੀ ਛੱਡ ਦਿਤਾ ਹੈ।”

"ਕੀ ਮਤਲਬ?” ਉਹ ਮੇਰੇ ਵੱਲ ਹੈਰਾਨ ਹੋ ਵੇਖਦਾ ਹੈ।

"ਜੇਕਰ ਸੌਂਵੇਂ ਨਾ ਤਾਂ ਸੁਪਨ-ਦੋਸ਼ ਨਹੀਂ ਹੋ ਸਕਦਾ। ਜਦੋਂ ਘਰ ਵਿਚ ਸਾਰੇ ਸੌਂ ਜਾਂਦੇ ਹਨ। ਤਾਂ ਮੈਂ ਮੰਜੇ ਤੋਂ ਉੱਠ ਕੇ ਹੇਠਾਂ ਪਿਤਾ ਜੀ ਦੇ ਦਫਤਰ ਵਿਚ ਚਲਿਆ ਜਾਂਦਾ ਹਾਂ, ਅਤੇ ਉਥੇ ਹੀ ਕੰਧ ਵਾਲੀ ਘੜੀ ਦੇ ਸਾਹਮਣੇ ਬੈਠਾ ਰਹਿੰਦਾ ਹਾਂ।"

"ਸਾਰੀ ਸਾਰੀ ਰਾਤ ਬੈਠਾ ਰਹਿੰਦੇਂ?"

"ਹਾਂ, ਚਾਰ ਵਜੇ ਤੱਕ।"

"ਨੀਂਦ ਨਹੀਂ ਆਉਂਦੀ?"

"ਨੀਂਦ ਤਾਂ ਬਹੁਤ ਆਉਂਦੀ ਹੈ, ਪਰ ਉਸ ਨੂੰ ਰੋਕਣ ਲਈ ਕਦੇ ਘੜੀ ਦੇ ਸੈਕਿੰਡ ਗਿਣਨ ਲਗਦਾ ਹਾਂ, ਅਤੇ ਕਦੀ ਉਂਜ ਹੀ ਗਿਣਤੀ ਕਰਨ ਲਗਦਾ ਹਾਂ, ਕਦੇ ਟਹਿਲਣ ਲੱਗ ਪੈਂਦਾ ਹਾਂ।"

"ਹਰ ਰੋਜ਼ ਇੰਜ ਹੀ ਕਰਦੇ?"

"ਨਹੀਂ, ਸੁਪਨ-ਦੋਸ਼ ਤੋਂ ਕੁਝ ਦਿਨ ਪਿੱਛੋਂ ਤੱਕ ਨਹੀਂ ਕਰਦਾ। ਪਰ ਦਸ ਕੁ ਦਿਨ ਮਗਰੋਂ ਮੈਨੂੰ ਡਰ ਲੱਗਣ ਲਗਦਾ ਹੈ ਕਿ ਕਿਸੇ ਦਿਨ ਵੀ ਸੁਪਨ-ਦੋਸ਼ ਹੋ ਸਕਦਾ ਹੈ, ਉਦੋਂ ਮੈਂ ਸੌਂਦਾ ਨਹੀਂ।"

ਭਾਈ ਅਜੇ ਵੀ ਮੇਰੇ ਵੱਲ ਵੇਖੀ ਜਾ ਰਿਹਾ ਹੈ।

"ਹੁਣ ਤਾਂ ਮੈਂ ਸਾਈਕਲ ਚਲਾਉਣਾ ਵੀ ਛੱਡ ਦਿੱਤਾ ਹੈ।"

ਮੈਂ ਦੱਸੀ ਜਾ ਰਿਹਾ ਹਾਂ, 'ਕਿਤਾਬ 'ਚ ਲਿਖਿਆ ਹੈ ਕਿ ਜੇ ਸਾਈਕਲ ਚਲਾਓ ਤਾਂ ਸੁਪਨ-ਦੋਸ਼ ਵੱਧ ਹੋਣ ਲੱਗ ਜਾਂਦਾ ਹੈ," ਫਿਰ ਮੈਂ ਇਹ ਵੀ ਦੱਸਦਾ ਹਾਂ, "ਮੈਂ ਤਾਂ ਹੁਣ ਲੰਗੋਟ ਵੀ ਬੰਨ੍ਹਦਾ ਹਾਂ।"

ਭਾਈ ਚੁੱਪ ਹੈ।

"ਤੁਸੀਂ ਦੱਸੋ ਮੈਂ ਕੀ ਕਰਾਂ?" ਮੈਂ ਬੜਾ ਆਤਰ ਜਿਹਾ ਭਰਾ ਵੱਲ ਵੇਖ ਆਖਦਾ ਹਾਂ।

ਉਹ ਥੋੜ੍ਹੀ ਦੇਰ ਤੱਕ ਸੋਚਦਾ ਰਹਿੰਦਾ ਹੈ, ਫਿਰ ਹੋਲੀ ਜਿਹੇ ਕਹਿੰਦਾ ਹੈ, "ਮੈਂ ਆਪਣੇ ਪ੍ਰੋਫੈਸਰ ਕੋਲੋਂ ਪੁੱਛਾਂਗਾ ਜਿਵੇਂ ਉਹ ਕਹਿਣਗੇ, ਉਵੇਂ ਕਰਾਂਗੇ। ਇਨ੍ਹਾਂ ਛੁੱਟੀਆਂ 'ਚ ਤੇਰਾ ਸੁਪਨ-ਦੋਸ਼ ਬੰਦ ਕਰਕੇ ਹੀ ਜਾਵਾਂਗਾ।"

ਵਿਹੜੇ ਵਿਚ ਮੰਜੇ ਵਿਛੇ ਹੋਏ ਹਨ ਅਤੇ ਟੱਬਰ ਦੇ ਸਾਰੇ ਜੀਅ ਮੌਜ ਨਾਲ ਸੌਂ ਰਹੇ ਹਨ। ਮਿੱਠੀ ਮਿੱਠੀ ਹਵਾ ਚੱਲ ਰਹੀ ਹੈ ਅਤੇ ਅਣਗਿਣਤ ਤਾਰੇ ਝਿਲਮਿਲਾ ਰਹੇ ਹਨ, ਚਿੱਟੇ ਚਿੱਟੇ, ਜਿਵੇਂ ਕੱਚੇ ਦੁੱਧ ਵਿਚ ਨਹਾਤੇ ਹੋਣ। ਮੈਂ ਆਪਣੇ ਬਿਸਤਰੇ ਉਤੇ, ਸਾਹ ਖਿੱਚੀ ਪਿਆ ਹਾਂ। ਉਡੀਕ ਕਰ ਰਿਹਾ ਹਾਂ ਕਿ ਕਦੋਂ ਪਿਤਾ ਜੀ ਦੀ ਅੱਖ ਲੱਗੇ ਤੇ ਮੈਂ ਚੁੱਪ ਕਰਕੇ ਹੇਠਾਂ ਚਲਿਆ ਜਾਵਾਂ। ਗੁਆਂਢ 'ਚੋਂ ਚੂੜੀਆਂ ਦੇ ਖੜਕਣ ਦੀ ਆਵਾਜ਼ ਆਈ ਹੈ। ਥੋੜ੍ਹੇ ਕੁ ਚਿਰ ਮਗਰੋਂ ਕੋਈ ਆਦਮੀ ਪਾਣੀ ਪੀਣ ਲਈ ਉੱਠਿਆ ਹੈ। ਚੰਗਾ ਹੋਇਆ ਖੜਕਾ ਹੋਇਆ ਹੈ, ਨਹੀਂ ਤਾਂ ਮੈਨੂੰ ਗੂੜੀ ਨੀਂਦ ਨੇ ਦੱਬ ਲੈਣਾ ਸੀ। ਮੈਂ ਕੂਹਣੀਆਂ ਭਾਰ ਹੋ ਕੇ ਥੋੜ੍ਹਾ ਕੁ ਉਠਿਆ ਹਾਂ। ਬਿਸਤਰ ਉੱਤੇ ਪਏ ਪਏ ਨੂੰ ਪਤਾ ਨਹੀਂ ਨੀਂਦ ਕਦੋਂ ਆ ਕੇ ਦੱਬ ਲੈਂਦੀ ਹੈ। ਪਰ ਜੇਕਰ ਹਿਲਦੇ ਰਹੋ, ਪਾਸੇ ਲੈਂਦੇ ਰਹੋ, ਸਿਰ ਚੁੱਕ ਲਵੋ ਜਾਂ ਥੋੜ੍ਹੇ ਚਿਰ ਲਈ ਉਠ ਕੇ ਬੈਠ ਜਾਵੇ ਤਾਂ ਨੀਂਦ ਦੂਰ ਰਹਿੰਦੀ ਹੈ। ਜੇਕਰ ਖੜਕਾ ਹੋ ਜਾਵੇ ਤਾਂ ਸਮਝੋ ਡੁੱਬਦੇ ਲਈ ਤਿਨਕੇ ਦੇ ਸਹਾਰੇ ਵਾਲੀ ਗੱਲ ਬਣ ਜਾਂਦੀ ਹੈ।

ਪਿਤਾ ਜੀ ਘੁਰਾੜੇ-ਮਾਰਨ ਲੱਗ ਪਏ ਹਨ। ਮੈਂ ਝੱਟ ਉਠ ਪਿਆ। ਨਾਲ ਵਾਲੀ ਮੰਜੀ ਉਤੇ ਮੇਰਾ ਭਰਾ ਡੂੰਘੀ ਨੀਂਦਰੇ ਸੁੱਤਾ ਪਿਆ ਹੈ। ਮੇਰੇ ਮਨ 'ਚ ਚੀਸ ਜਿਹੀ ਉਠਦੀ ਹੈ, ਕਾਸ਼ ਮੈਂ ਵੀ ਡੂੰਘੀ ਨੀਂਦ ਸੌਂ ਸਕਦਾ। ਭਰਾ ਕਦੇ ਵੀ ਹਾਬੜਿਆ ਜਿਹਾ ਨਹੀਂ ਉਠਦਾ, ਜਿਵੇਂ ਮੈਂ ਵਾਰ ਵਾਰ ਉਠ ਪੈਂਦਾ ਹਾਂ। ਸਵੇਰ ਵੇਲੇ ਜਦੋਂ ਧੁੱਪ ਨਿਕਲ ਆਉਂਦੀ ਹੈ ਉਹ ਉਦੋਂ ਵੀ ਸੁੱਤਾ ਪਿਆ ਰਹੇਗਾ। ਦੱਬੇ ਪੈਰੀਂ ਮੈਂ ਪੌੜੀਆਂ ਉਤਰ ਕੇ ਹੇਠਾਂ ਆ ਗਿਆ ਅਤੇ ਦਫ਼ਤਰ ਦੀ ਕੁੰਡੀ ਖੋਲ੍ਹ ਕੇ ਅੰਦਰ ਪਹੁੰਚ ਗਿਆ। ਅੰਦਰ ਵੜ੍ਹਦਿਆਂ ਹੀ ਘੜੀ ਨੇ ਟੰਨ ਕੀਤੀ, ਇਹ ਅੱਧੇ ਘੰਟੇ ਦਾ ਸੰਕੇਤ ਸੀ। ਸਿਰਫ ਇਕ ਵਾਰ ਹੀ ਟੰਨ ਹੋਈ। ਕੀ ਡੇਢ ਵੱਜਿਆ ਹੈ ਜਾਂ ਇਕ ਦਾ ਸਮਾਂ ਹੋਇਆ ਹੈ? ਕਮਰੇ ਵਿਚ ਘੁੱਪ ਹਨੇਰਾ ਹੈ। ਮੈਨੂੰ ਆਪਣੇ ਸਾਹ ਤੱਕ ਦੀ ਆਵਾਜ਼ ਸੁਣਾਈ ਦਿੰਦੀ ਹੈ। ਇਕ ਵਾਰ ਇਕ ਮਿੰਟ ਲਈ ਬਿਜਲੀ ਜਗਾ ਲਵਾਂ ਤਾਂ ਘੜੀ ਤੋਂ ਠੀਕ ਵਕਤ

ਦਾ ਪਤਾ ਲੱਗ ਜਾਵੇਗਾ ਪਰ ਪਿਤਾ ਜੀ ਨੂੰ ਹੇਠਾਂ ਰੌਸ਼ਨੀ ਨਜ਼ਰ ਪੈ ਗਈ ਤਾਂ ਉਹ ਉਠ ਬੈਠਣਗੇ ਅਤੇ ਕਿੰਨੇ ਹੀ ਸੁਆਲ ਪੁੱਛਣਗੇ।

ਪੈਂਡੂਲਮ ਦੀ ਟਿਕ-ਟਿਕ ਲਗਤਾਰ ਸੁਣਾਈ ਦਿੰਦੀ ਹੈ। ਮੈਂ ਦਫਤਰ ਵਿਚ ਟਹਿਲਣ ਲੱਗ ਪਿਆ। ਪਿਤਾ ਜੀ ਦੀ ਮੇਜ਼ ਤੋਂ ਪਿਛਲੀ ਕੰਧ ਤੱਕ ਬਾਰਾਂ ਕਦਮ ਬਣਦੇ ਹਨ, ਕਦੇ ਇਹ ਸਾਢੇ ਗਿਆਰਾਂ ਰਹਿ ਜਾਂਦੇ ਹਨ। ਇਕ ਵਾਰ ਮੈਂ ਪੂਰੇ ਸੋਲਾਂ ਸੌ ਕਦਮ ਘੁੰਮਿਆ। ਤਦ ਸੜਕ ਵੱਲ ਖੁੱਲ੍ਹਣ ਵਾਲੇ ਰੋਸ਼ਨ ਦਾਨ 'ਚੋਂ ਪਹੁੰ-ਫਟਣ ਦਾ ਪਤਾ ਲੱਗਿਆ। ਮੈਨੂੰ ਘੱਟ ਤੋਂ ਘੱਟ ਘੰਟੀ ਵੱਜਣ ਤੱਕ ਚਲਦੇ ਰਹਿਣਾ ਚਾਹੀਦਾ ਹੈ ਤਾਂ ਕਿ ਸਮੇਂ ਦਾ ਪੱਕਾ ਪਤਾ ਲੱਗ ਜਾਵੇ। ਢਾਈ ਤੋਂ ਚਾਰ ਵਜੇ ਤੱਕ ਦਾ ਸਮਾਂ ਖਤਰਨਾਕ ਹੁੰਦਾ ਹੈ, ਉਸ ਵੇਲੇ ਮੈਂ ਚੌਕੰਨਾ ਨਾ ਰਹਾਂ ਅਤੇ ਸੌਂ ਜਾਵਾਂ ਤਾਂ ਸੁਪਨ-ਦੋਸ਼ ਹੋ ਜਾਣ ਦਾ ਬਹੁਤ ਖਤਰਾ ਰਹਿੰਦਾ ਹੈ।

ਗਰਮੀਆਂ 'ਚ ਕਮਰੇ ਦੇ ਸਾਰੇ ਦਰਵਾਜ਼ੇ ਬੰਦ ਕਰ ਕੇ ਟਹਿਲਣ ਨਾਲ ਦਮ-ਘੁੱਟਣ ਲੱਗ ਜਾਂਦਾ ਹੈ। ਗੱਲ ਉਤੇ ਮੁੜਕਾ ਆ ਜਾਂਦਾ ਹੈ ਅਤੇ ਕਮੀਜ਼ ਗਲ ਨੂੰ ਚੁੱਭਣ ਲਗ ਪੈਂਦੀ ਹੈ।

ਥੋੜਾ ਕੁ ਚਿਰ ਕੌਚ ਤੇ ਬੈਠ ਜਾਵਾਂ? ਮੈਂ ਆਪਣੇ ਮਨ ਨੂੰ ਬਚਨ ਦਿੰਦਾ ਹਾਂ ਕਿ ਮੈਂ ਸਿੱਧਾ ਬੈਠਾਂਗਾ, ਕੌਚ ਦੀ ਢੋ ਨਾਲ ਪਿੱਠ ਨਹੀਂ ਲਾਵਾਂਗਾ ਅਤੇ ਪੂਰੇ ਪੰਜਾਹ ਗਿਣ ਕੇ ਉਠ ਪਵਾਂਗਾ ਅਤੇ ਮੁੜ-ਟਹਿਲਣ ਲੱਗਾਂਗਾ। ਬੱਸ ਸਿਰਫ਼ ਇਕ ਵਾਰ ਥੋੜ੍ਹਾ ਕੁ ਬੈਠ ਲਵਾਂ। ਪਰ ਅੰਦਰਲਾ ਡਰ ਇਜ਼ਾਜ਼ਤ ਨਹੀਂ ਦਿੰਦਾ। ਨਹੀਂ, ਦੋ ਸੌ ਕਦਮ ਹੋਰ ਤੁਰਾਂ, ਫਿਰ ਭਾਵੇਂ ਥੋੜ੍ਹੀ ਦੇਰ ਲਈ ਬੈਠ ਜਾਵਾਂ, ਪਰ ਅਜੇ ਨਹੀਂ। ਹਨੇਰੇ ਵਿਚ ਟਹਿਲਦਿਆਂ, ਦਫ਼ਤਰ ਦੇ ਕੁਝ ਹਿੱਸੇ ਬਹੁਤ ਕਾਲੇ ਅਤੇ ਕੁਝ ਘੱਟ ਕਾਲੇ ਲਗਦੇ ਹਨ, ਪਰ ਸਮੁੱਚੇ ਤੌਰ ਤੇ ਕਮਰਾ ਹਨੇਰੇ ਟੁਕੜਿਆਂ ਵਿਚ ਵੰਡਿਆ ਜਿਹਾ ਲਗਦਾ ਹੈ।

ਅਜੇ ਮੈਂ ਸਿਰਫ਼ ਡੇਢ ਸੌ ਕਦਮ ਹੀ ਚੱਲ ਸਕਿਆ ਹਾਂ, ਪਿੱਠ ਦੁਖਣ ਲੱਗ ਪਈ। ਕਦੇ ਕਦੇ ਤਾਂ ਪੈਰ ਵੀ ਥਿੜਕ ਜਾਂਦੇ ਹਨ ਤੇ ਮੈਂ ਕੁਰਸੀ ਨੂੰ ਫੜਕੇ ਖੜ੍ਹਾ ਹੋ ਜਾਂਦਾ ਹਾਂ। ਮੈਂ ਆਪਣੀਆਂ ਅੱਖਾਂ ਨੂੰ ਝਮਕਦਾ ਹਾਂ, ਇਸ ਨਾਲ ਵੀ ਨੀਂਦ ਤੋਂ ਬਚਿਆ ਜਾਂਦਾ ਹੈ।

ਘੜੀ ਨੇ ਦੋ ਵਜਾਏ ਹਨ। ਮੈਂ ਸਮਝਦਾ ਸੀ ਫਿਰ ਇਕ ਵਾਰ ਟੰਨ ਹੋਵੇਗੀ ਜਿਸ ਦਾ ਭਾਵ ਸੀ ਡੇਢ ਦਾ ਸਮਾਂ ਹੋ ਚਲਿਆ ਹੈ। ਹੁਣ ਤਾਂ ਅੱਧਾ ਘੰਟਾ ਹੋਰ ਵੀ ਬੀਤ ਗਿਆ, ਲਗਦਾ ਸੀ ਜਿਵੇਂ ਇਹ ਅੱਧਾ ਘੰਟਾ ਮੁਫਤ 'ਚ ਹੀ ਕੱਟਿਆ ਗਿਆ। ਹੁਣ ਮੈਂ ਥੋੜ੍ਹਾ ਕੁ ਚਿਰ ਬੈਠ ਸਕਦਾ ਹਾਂ।

ਨਹੀਂ, ਕੌਚ ਉਤੇ ਨਹੀਂ ਬੈਠਦਾ, ਕੌਚ ਨਰਮ ਹੈ, ਗੁਦਗੁਦਾ ਹੈ। ਹੁਣ ਮੈਂ ਫਰਸ਼ ਉਤੇ ਬੈਠ ਜਾਂਦਾ ਹਾ ਅਤੇ ਸਿਰ ਕੌਚ ਨਾਲ ਲਾ ਲੈਂਦਾ ਹਾਂ। ਇਸ ਤਰ੍ਹਾਂ ਬੈਠਿਆਂ ਜੇਕਰ ਨੀਂਦ ਦਾ ਟੂਲਾ ਆ ਵੀ ਜਾਵੇ ਤਾਂ ਸੁਪਨ-ਦੱਸ਼ ਦਾ ਡਰ ਨਹੀਂ ਰਹਿੰਦਾ, ਕਿਉਂਕਿ ਉਸ ਵੇਲੇ ਮੈਂ ਪਿਆ ਤਾਂ ਨਹੀਂ ਨਾ ਹੋਵਾਂਗਾ, ਮੈਂ ਤਾਂ ਬੈਠਾ ਹੋਵਾਂਗਾ। ਕੌਚ ਸੱਚ-ਮੁੱਚ ਬੜਾ ਨਰਮ ਹੈ। ਮਿੰਟ ਕੁ ਵਾਸਤੇ ਉਸ ਉੱਤੇ ਬੈਠ ਜਾਵਾਂ? ਗਰਦਨ ਉਤੇ ਮੁੜ੍ਹਕਾ ਆਉਣ ਲੱਗ ਪਿਆ। ਸਿਰ ਕੌਚ ਉਤੇ ਲੁੜਕਦਾ ਜਾਂਦਾ ਹੈ, ਲੁੜਕਦਾ ਹੀ ਜਾ ਰਿਹਾ ਹੈ ਮੈਥੋਂ ਇਹ ਚੁੱਕਿਆ ਨਹੀਂ ਜਾਂਦਾ। ਸਿਰ ਨੂੰ ਸਿੱਧਾ ਨਹੀਂ ਕਰ ਸਕਦਾ। ਮੈਨੂੰ ਲਗਦਾ ਹੈ ਜਿਵੇਂ ਮੈਂ ਡੁੱਬ ਰਿਹਾ ਹਾਂ, ਸੁਖ ਅਤੇ ਮੌਜ ਭਿੱਜੀਆਂ ਡੂੰਘਾਣਾਂ ਵੱਲ ਜਾ ਰਿਹਾ ਹਾਂ। ਭਮੱਤਰਿਆ ਜਿਹਾ ਮੈਂ ਉਠ ਬੈਠਦਾ ਹਾਂ। ਮੈਨੂੰ ਕੋਈ ਸੁਪਨਾ ਆਇਆ ਸੀ। ਕੀ ਸੀ ਉਹ ਸੁਪਨਾ? ਮੈਂ ਮੰਜੇ ਉਤੇ ਪਿਆ ਹਾਂ, ਚੰਦ ਚਾਨਣੀ ਰਾਤ ਹੈ ਅਤੇ ਕਿਸੇ ਦੂਰ ਪਰਬਤ-ਵਿਚਕਾਰ ਸੋਹਣੀ ਜਹੀ ਵਿਸ਼ਾਲ ਘਾਟੀ ਵਿਚ ਪੁੰਨਿਆਂ ਦਾ ਚਾਨਣ ਵਿਛਿਆ ਹੋਇਆ ਹੈ। ਮੇਰਾ ਸਰ੍ਹਾਣਾ, ਬਹੁਤ ਨਰਮ ਨਰਮ ਗੁਦਗੁਦਾ ਹੈ। ਉਸ ਸਰ੍ਹਾਣੇ ਦੀ ਨਰਮੀ ਅਤੇ ਚਾਰੇ ਪਾਸੇ ਖਿਲਰੇ ਚੰਨ ਦੇ ਚਾਨਣੇ ਨਾਲ ਮੇਰਾ ਸਰੀਰ ਆਨੰਦ 'ਚ ਡੁਬਿਆ ਹੋਇਆ ਹੈ। ਮੈਂ ਇਕ-ਦਮ ਉਠ ਖੜੋਤਾ ਅਤੇ ਲੰਮੇ ਲੰਮੇ ਸਾਹ ਲੈ ਰਿਹਾ ਹਾਂ, ਵੀਰਜ-ਪਾਤ ਟਲ ਗਿਆ। ਮੈਂ ਅਜੇ ਵੀ ਲੰਮੇ ਲੰਮੇ ਸਾਹ ਖਿੱਚ ਰਿਹਾ ਹਾਂ। ਅਤੇ ਮੁੜ ਉੱਠਕੇ ਤੁਰਨ ਫਿਰਨ ਲੱਗ ਪਿਆ, ਹੁਣ ਨੀਂਦ ਕਦੇ ਵੀ ਨਹੀਂ ਆਉਂਦੀ। ਮੈਂ ਜ਼ਰਾ ਸੌਂ ਵੀ ਲਿਆ ਹੈ। ਦੁਰਘਟਨਾ ਹੁੰਦੇ ਹੁੰਦੇ ਟਲ ਗਈ ਅਤੇ ਮੈਂ ਵਾਲ ਵਾਲ ਬਚ ਗਿਆ। ਸੁਪਨ-ਦੋਸ਼ ਹੋ ਜਾਂਦਾ ਤਾਂ ਹੁਣ ਨੂੰ ਕੰਧ ਨਾਲ ਸਿਰ ਮਾਰ ਰਿਹਾ ਹੁੰਦਾ। ਜਾਂ ਘਰ ਤੋਂ ਭੱਜ ਜਾਣ ਦੀ ਵਿਉਂਤ ਬਣਾਉਂਦਾ।

ਇੱਕ ਵਾਰ ਰੋਸ਼ਨੀ ਕਰਕੇ ਵਕਤ ਵੇਖ ਲਵਾਂ? ਨੀਂਦ ਦਾ ਟੂਲਾ ਨਾ ਆਉਂਦਾ ਤਾਂ ਸਮੇਂ ਦਾ ਅੰਦਾਜ਼ਾ ਲਗਿਆ ਰਹਿੰਦਾ। ਵਕਤ ਦਾ ਅੰਦਾਜ਼ਾ ਨਾ ਰਹੇ ਤਾਂ ਲਗਦਾ ਜਿਵੇਂ ਡੂੰਘੇ ਪਾਣੀ 'ਚ ਗੋਤੇ ਖਾ ਰਿਹਾ ਹੋਵਾਂ। ਗਰਦਨ ਵਿਚ ਥੋੜ੍ਹਾ ਥੋੜ੍ਹਾ ਦਰਦ ਹੋ ਰਿਹਾ ਹੈ, ਇਸ ਦਾ ਮਤਲਬ ਇਹ ਹੋਇਆ ਕਿ ਮੈਨੂੰ ਨੀਂਦ ਦਾ ਲੰਮਾ ਝੂਟਾ ਆ ਗਿਆ ਸੀ।

"ਹੇ ਈਸ਼ਵਰ! ਹੇ ਸੱਚਿਦਾ ਨੰਦ ਪ੍ਰਭੂ।" ਇਹ ਪਿਤਾ ਜੀ ਦੀ ਆਵਾਜ਼ ਹੈ। ਹੁਣ ਪਿਤਾ ਜੀ ਉੱਠਣਗੇ। ਢਾਈ ਵਜੇ ਮਗਰੋਂ ਇਕ ਵਾਰ ਜ਼ਰੂਰ ਉੱਠਦੇ ਹਨ। ਮੈਂ ਡਰ ਰਿਹਾ ਹਾਂ, ਕਿਤੇ ਪਿਤਾ ਜੀ ਦੀ ਨਜ਼ਰ ਮੇਰੇ ਖਾਲ੍ਹੀ ਬਿਸਤਰੇ ਉਤੇ ਨਾ ਜਾ ਪਵੇ। ਮੈਂ ਦਫਤਰ ਵਿਚਕਾਰ ਆਪਣਾ ਸਾਹ ਰੋਕੀ ਖੜ੍ਹਾ ਹਾਂ। ਪਿਤਾ ਜੀ ਉਠ ਕੇ ਭਾਰੀ ਭਾਰੀ ਕਦਮਾਂ ਨਾਲ ਗੁਸਲਖਾਨੇ ਵੱਲ ਜਾ ਰਹੇ ਹਨ। ਮੇਰੇ ਕੰਨ ਛੱਤ ਉਤੇ ਲੱਗੇ ਹੋਏ ਹਨ। ਪਿਤਾ ਜੀ ਨੇ ਬਿਸਤਰਾ ਖਾਲ੍ਹੀ ਵੇਖ ਆਵਾਜ਼ ਮਾਰ ਦਿੱਤੀ ਤਾਂ ਕੀ ਹੋਵੇਗਾ। ਮੈਂ ਚੁੱਪ ਕਰ ਕੇ ਪੌੜੀਆਂ ਚੜ੍ਹ ਕੇ ਵਿਹੜੇ 'ਚ ਚਲਾ ਜਾਵਾਂਗਾ ਅਤੇ ਕਹਿ ਦੇਵਾਂਗਾ ਕਿ ਕੋਠੇ ਉਤੇ ਗਿਆ ਸੀ। ਪਰ ਪਿਤਾ ਜੀ ਮੁੜ ਕੇ ਝੱਕਰੀ 'ਚੋਂ ਪਾਣੀ ਪਾ ਪੀ ਰਹੇ ਹਨ, "ਹੇ ਈਸ਼ਵਰ! ਹੇ ਸੱਚਿਦਾ ਨੰਦ ਪ੍ਰਭੂ।" ਉਨ੍ਹਾਂ ਇਕ ਵਾਰ ਇਹ ਸ਼ਬਦ ਫੇਰ ਕਹੇ ਅਤੇ ਆਪਣੇ ਮੰਜੇ ਉਤੇ ਪੈ ਗਏ, ਉਨ੍ਹਾਂ ਦੀ ਨਜ਼ਰ ਮੇਰੇ ਮੰਜੇ ਵਲ ਨਹੀਂ ਗਈ।

ਮੈਂ ਮੁੜ ਟਹਿਲਣ ਲੱਗ ਪਿਆ। ਅਤੇ ਫਿਰ ਆਪਣੇ ਕਦਮ ਗਿਣਨ ਲੱਗ ਪਿਆ। ਕਮਰੇ 'ਚ ਰੋਸ਼ਨੀ ਹੋਵੇ ਤਾਂ ਨੀਂਦ ਆਉਣ ਦੀ ਸੰਭਾਵਨਾ ਹੋ ਜਾਂਦੀ ਹੈ। ਰੋਸ਼ਨੀ ਵਿਚ ਮੇਰੀ ਨਜ਼ਰ ਘੜੀ ਦੀਆਂ ਸੂਈਆਂ ਉਤੇ ਟਿਕੀ ਰਹਿੰਦੀ ਹੈ। ਹੌਲੀ ਹੌਲੀ ਗਿਣਤੀ ਕਰਾਂ ਤਾਂ ਅਠਵਿੰਜਾ ਗਿਣ ਚੁੱਕਣ ਤੇ ਮਿੰਟ ਦੀ ਸੂਈ ਝਟਕਾ ਖਾ ਕੇ ਅਗਲੀ ਲਕੀਰ ਵੱਲ ਵੱਧ ਜਾਦੀ ਹੈ। ਜੇਕਰ ਥੋੜ੍ਹਾ ਕੁ ਗਿਣਤੀ ਜਲਦੀ ਕਰਾਂ ਤਾਂ ਪੈਂਹਠ ਗਿਣਨ ਤੇ ਸੂਈ ਅੱਗੇ ਵੱਧਦੀ ਹੈ। ਜਾਂ ਫ਼ੇਰ ਕਾਨਸ ਕਪੜੇ ਉਤੇ ਬਣੇ ਮੋਰ ਗਿਣ ਸਕਦਾ ਹਾਂ। ਕੁੱਲ ਅਠਾਈ ਹਨ। ਮੋਰ ਗਿਣਨ ਮਗਰੋਂ ਹੇਠਲੀਆਂ ਫੁੱਲ ਪੱਤੀਆਂ ਗਿਣ ਸਕਦਾ ਹਾਂ। ਪਰ ਹਨੇਰੇ ਵਿਚ ਤਾਂ ਮੈਂ ਕੇਵਲ ਆਪਣੇ ਕਦਮ ਹੀ ਗਿਣ ਸਕਦਾ ਹਾਂ, ਟਹਿਲਦਿਆਂ ਟਹਿਲਦਿਆਂ ਮੇਰੀਆਂ ਟੰਗਾਂ ਥੱਕਣ ਲੱਗੀਆਂ ਹਨ ਅਤੇ ਸਿਰ ਭਾਰੀ ਹੋ ਰਿਹਾ ਹੈ। ਪਰ ਮੈਂ ਬੈਠਾਂਗਾ ਨਹੀਂ। ਕੀ ਇਹ ਨਹੀਂ ਹੋ

ਸਕਦਾ ਕਿ ਕੋਈ ਖੜ੍ਹਾ ਖੜ੍ਹਾ ਸੌਂ ਸਕੇ? ਲਗਦਾ ਹੈ ਜਿਵੇਂ ਮੇਰਾ ਸਿਰ ਮਣ ਭਾਰਾ ਹੋ ਰਿਹਾ ਹੋਵੇ।

ਬਾਹਰ ਖੜਕਾ ਹੋਇਆ ਹੈ। ਚੀਚਰਰ ਰਰ ਰਰ ਦੀ ਆਵਾਜ਼ ਹੈ। ਕੋਈ ਦਰਵਾਜ਼ਾ ਖੁੱਲ੍ਹਿਆ ਹੈ। ਇਕ ਆਦਮੀ ਖੰਘਿਆ ਹੈ। ਸਾਹਮਣੇ ਵਾਲੇ ਘਰ ਦੇ ਚੌਂਤਰੇ ਉਤੋਂ ਖੂੰਡੀ ਸੁੱਟਣ ਦੀ ਆਵਾਜ਼ ਆਈ ਹੈ। ਪਹੁ ਫੁੱਟਣ ਲੱਗੀ ਹੈ। ਬਾਬੂ ਮੰਗਤ ਰਾਮ ਪੂਰੇ ਚਾਰ ਵਜੇ ਘੁੰਮਣ ਲਈ ਜਾਂਦਾ ਹੈ। ਗਲੀ ਦਾ ਨਲ ਵੀ ਸ੍ਹੂੰ-ਸੁੰ ਕਰਨ ਲੱਗਿਆ ਹੈ। ਰੋਸ਼ਨਦਾਨ ਵਿਚੋਂ ਹਲਕੇ ਜਿਹੇ ਚਾਨਣ ਦਾ ਡਾਉਲਾ ਪੈਂਦਾ ਹੈ। ਮੈਂ ਹੁਣ ਬਾਗੋ-ਬਾਗ ਹਾਂ। ਰਾਤ ਨਿਕਲ ਗਈ, ਛੱਬੀ ਦਿਨ ਨਿਕਲ ਗਏ। ਇਸ ਵਾਰ ਪੂਰਾ ਮਹੀਨਾ ਨਿਕਲ ਗਿਆ ਤਾਂ ਮੈਂ ਆਪਣੇ ਆਪ ਨੂੰ ਇੰਨਾ ਪਤਿਤ ਨਹੀਂ ਸਮਝਾਂਗਾ। ਹੁਣ ਹੌਲੀ ਹੌਲੀ ਮੁਹੱਲੇ 'ਚੋਂ ਇਕ-ਇਕ ਕਰਕੇ ਬਹੁਤ ਸਾਰੀਆਂ ਆਵਾਜ਼ਾਂ ਉਠਣ ਲੱਗ ਪਈਆਂ ਹਨ। ਇਹ ਆਵਾਜ਼ਾਂ ਮੇਰੇ ਵੱਲ ਮਦਦ ਦਾ ਹੱਥ ਵਧਾ ਰਹੀਆਂ ਹਨ, 'ਹੁਣ ਤੂੰ ਨਿਸਚਿੰਤ ਹੋ ਜਾ। ਅਸੀਂ ਤੈਨੂੰ ਹੁਣ ਸੌਣ ਨਹੀਂ ਦੇਵਾਂਗੀਆਂ। ਅੱਜ ਤੇਰਾ-ਵੀਰਜ-ਪਾਤ ਨਹੀਂ ਹੋਵੇਗਾ।"

ਮੈਂ ਚੁੱਪ ਕਰ ਕੇ ਦਫਤਰ 'ਚੋਂ ਨਿਕਲਦਾ ਹਾਂ ਪੌੜੀਆਂ ਚੜ੍ਹਦਾ ਹੋਇਆ ਫੇਰ ਆਪਣੇ ਬਿਸਤਰੇ ਉਤੇ ਜਾ ਪੈਂਦਾ ਹੈ। ਸਾਰੇ ਲੋਕ ਅਜੇ ਵੀ ਸੌਂ ਰਹੇ ਹਨ। ਕੁਝ ਦੇਰ ਮਗਰੋਂ ਪਿਤਾ ਜੀ ਪਾਸਾ ਲੈ ਕੇ ਉਠ ਪੈਂਦੇ ਹਨ ਅਤੇ ਕਹਿੰਦੇ ਹਨ, ਉਠੋ ਉਠੋ, ਪੁੱਤਰੋ, ਉਠੋ ਨਹਾਓ ਧੋਵੋ। ਉਠੋ ਚਾਰ ਵੱਜ ਗਏ।"

0

ਦਵਾਈ ਖਾਨੇ ਦੇ ਬਾਹਰ ਖੜ੍ਹਾ ਹਾਂ। ਸਮਾਜ-ਮੰਦਰ ਦੇ ਵਿਹੜੇ 'ਚ ਖੜ੍ਹਾ ਕੋਈ ਆਦਮੀ ਉੱਚੀ ਉੱਚੀ ਬੋਲ ਰਿਹਾ ਹੈ।

"ਮੈਂ ਇਕ ਇਕ ਨਾਲ ਨਜਿੱਠ ਲਵਾਂਗਾ। ਮੈਂ ਇੱਟ ਨਾਲ ਇੱਟ ਵਜਾ ਦੇਵਾਂਗਾ! ਮੈਂ ਇਕ ਇਕ ਦੇ ਗਲ੍ਹ ਅੰਗੂਠਾ ਦੇ ਪੁੱਛਾਂਗਾ। ਮੈਂ ਵੀ ਆਤਮਦਰਸ਼ੀ ਹਾਂ।..... ਮੈਂ...।"

ਬੰਦ ਗਲੇ ਵਾਲਾ ਲੰਮਾ ਕੋਟ, ਸਿਰ ਤੇ ਪੱਗ ਬੰਨ੍ਹੀ, ਇਹ ਆਦਮੀ ਮੂੰਹ ਉੱਚਾ ਕਰੀ, ਬਿਨਾ ਕਿਸੇ ਨੂੰ ਸਿੱਧਾ ਕੁਝ ਆਖਿਆਂ, ਜਿਵੇਂ ਹਵਾ 'ਚ ਕੂਕੀ ਜਾ ਰਿਹਾ ਹੋਵੇ "ਮੈਂ ਇਕ ਇਕ ਨੂੰ ਪੁੱਛਾਂਗਾ, ਇਕ ਇਕ ਤੋਂ ਜਵਾਬ ਮੰਗਾਂਗਾ! ਨੌ ਵੱਜ ਗਏ, ਅਜੇ ਤੱਕ ਦਵਾਈਖਾਨੇ ਦੇ ਦਰਵਾਜ਼ੇ ਨਹੀਂ ਖੋਲ੍ਹੇ ਨਾ ਵੈਦ ਹੈ, ਨਾ ਵੈਦ ਦਾ ਕੰਪਾਊਡਰ! ਸਭ ਤੋਂ ਉਤਲੀ ਮੰਜਲ ਦੇ ਬਨੇਰੇ ਦੇ ਪਿਛਿਓਂ ਪੀਲੇ ਰੰਗ ਦੀ ਚੁੰਨੀ ਦੀ ਝਲਕ ਪੈਂਦੀ ਹੈ। ਦੇਵਕੀ ਬਨੇਰੇ ਨਾਲ ਲੱਗੀ ਖੜ੍ਹੀ ਹੈ।

"ਮੈਂ ਇਕ ਇਕ ਨਾਲ ਸਮਝ ਲਵਾਂਗਾ! ਮੇਰਾ ਨਾਂ ਵੀ ਆਤਮਦਰਸ਼ੀ ਹੈ। ਇਥੇ ਹਨੇਰਗਰਦੀ ਪਈ ਹੋਈ ਹੈ। ਅਖਾੜਾ ਸ਼ੁਰੂ ਕੀਤਾ, ਉਹ ਬੰਦ ਹੋ ਗਿਆ। ਗੁਰੂਕੁਲ ਖੋਲ੍ਹਿਆ, ਬ੍ਰਹਮਚਾਰੀ ਪੱਚੀ ਤੋਂ ਤੇਰਾਂ ਹੀ ਰਹਿ ਗਏ- ਕਿਸੇ ਦੇ ਕੰਨ ਤੇ ਜੂੰ ਨਹੀਂ ਸਰਕਦੀ। ਦਵਾਈਖਾਨਾ ਖੋਲ੍ਹਿਆ, ਵੈਦ ਜੀ ਨੇ ਨੌ ਵਜੇ ਤੱਕ ਸੁੱਤੇ ਰਹਿੰਦੇ ਹਨ। ਆਰੀਆ-ਸਮਾਜ ਦਾ ਧਨ ਬਰਬਾਦ ਹੋ ਰਿਹਾ ਹੈ ...।"

ਵਿਹੜਾ ਤਾਂ ਸੁੰਨਾ ਪਿਆ ਹੈ, ਪਰ ਪਤਾ ਨਹੀਂ ਇਹ ਆਦਮੀ ਕਿਸ ਨੂੰ ਸੁਣਾਉਣ ਲਈ ਬੋਲੀ ਜਾਂਦਾ ਹੈ।

ਅਜੇ ਵੀ ਉਹ ਮੂੰਹ-ਉੱਚਾ ਕਰੀ ਆਪਣੇ ਹੱਥ ਵਾਲੀ ਸੋਟੀ ਨੂੰ ਕਦੇ ਕਦੇ ਧਰਤੀ ਤੇ ਮਾਰਦਾ ਹੋਇਆ, ਉਸੀ ਥਾਂ ਉਤੇ ਪਤਾ ਨਹੀਂ ਕਿੰਨੀ ਦੇਰ ਤੋਂ ਬੋਲੀ ਜਾ ਰਿਹਾ ਹੈ, "ਮੈਂਬਰਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ। ਸਾਨੂੰ ਸਾਰਾ ਕੁਝ ਦਿੱਸਦਾ ਹੈ। ਆਤਮਦਰਸ਼ੀ ਤੋਂ ਕੁਝ ਵੀ ਲੁਕਿਆ ਹੋਇਆ ਨਹੀਂ। ਮੈਂ ਜਵਾਬ ਤਲਬੀ ਕਰਵਾਵਾਂਗਾ। ਇਕ ਇਕ ਨੂੰ ਸਮਝਾਂਗਾ, ਦਵਾਈ ਖਾਨੇ ਦੇ ਨੌਕਰ ਤੋਂ ਘਰ ਦਾ ਕੰਮ ਕਰਵਾਇਆ ਜਾਂਦਾ ਹੈ। ਸਾਰੀਆਂ ਗੱਲਾਂ ਖੁਲ੍ਹਣਗੀਆਂ ਇਕ ਇਕ ਕਰਕੇ ਸਾਹਮਣੇ ਆਉਣਗੀਆਂ....... "

ਆਤਮਦਰਸ਼ੀ ਦਾ ਗਲ ਬੈਠਣ ਲੱਗ ਗਿਆ, ਪਰ ਉਹ ਬਿਨਾ ਸੱਜੇ ਖੱਬੇ ਵੇਖਿਆ, ਸਿਰ ਉੱਚਾ ਕਰੀ ਇਕ ਥਾਵੇਂ ਹੀ ਖੜਾ ਉੱਚੀ ਉੱਚੀ ਬੋਲੀ ਜਾ ਰਿਹਾ ਹੈ। ਝਰੋਖੇ ਪਿੱਛੇ ਦੇਵਕੀ ਅਜੇ ਵੀ ਬਨੇਰੇ ਨਾਲ ਲਗੀ ਖੜ੍ਹੀ ਹੈ।

ਮੈਂ ਫਾਟਕ ਕੋਲੋਂ ਹਟਕੇ ਸੜਕ ਉੱਤੇ ਆ ਜਾਂਦਾ ਹੈ। ਮੈਂ ਤੁਲਸੀ ਕੋਲੋਂ ਸੁਪਨ-ਦੋਸ਼ ਦੀ ਦਵਾਈ ਲੈਣ ਆਇਆ ਸੀ, ਪਰ ਇਸ ਵੇਲੇ ਇਥੇ ਠਹਿਰਣਾ ਠੀਕ ਨਹੀਂ। ਚੌਂਕ 'ਚ ਪੁੱਜਣ ਤੋਂ ਵੀ ਆਤਮਦਰਸ਼ੀ ਦੀ ਉੱਚੀ ਆਵਾਜ਼ ਸੁਣਾਈ ਦਿੰਦੀ ਹੈ। ਐਵੇਂ ਹੀ ਮੈਂ ਸੜਕਾਂ ਉਤੇ ਮਟਰ ਗਸ਼ਤੀ ਕਰਨ ਲੱਗ ਪਿਆ। ਕੁਝ ਕੁ ਮਹੀਨਿਆਂ ਤੋਂ ਮੈਂ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਨ ਲੱਗ ਪਿਆ ਹਾਂ। ਆਪਣੇ ਆਪ 'ਚ ਹੀ ਗੁਆਚਿਆ ਗੁਆਚਿਆ, ਇਕ ਪਾਸੇ ਇਕਲਵਾਜੇ ਬੈਠਾ ਰਹਿੰਦਾ ਹਾਂ। ਰਾਹ ਜਾਂਦੇ ਹਰ ਮੁੰਡੇ ਦੇ ਚਿਹਰੇ ਵੱਲ ਵੇਖਦਾ ਹਾਂ ਅਤੇ ਅਨੁਮਾਨ ਲਾਉਣ ਬੈਠ ਜਾਂਦਾ ਹਾਂ ਕਿ ਇਸ ਨੂੰ ਸੁਪਨ-ਦੱਸ਼ ਹੁੰਦਾ ਹੈ ਜਾਂ ਨਹੀਂ। ਮੈਨੂੰ ਜਿਵੇਂ ਅੰਦਰੋਂ ਅੰਦਰੀਂ ਕੋਈ ਘੁਣ ਖਾ ਰਿਹਾ ਹੋਵੇ। ਪਿਤਾ ਜੀ ਦਾ ਕੋਈ ਦੋਸਤ ਮਿੱਤਰ ਸਾਹਮਣੇ ਆ ਜਾਵੇ ਤਾਂ ਮੈਂ ਮੂੰਹ ਫੇਰ ਲੈਂਦਾ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ ਉਹ ਰੁਕ ਕੇ ਆਖੇਗਾ :

"ਤੂੰ ਕਿੰਨਾ ਮਾੜਾ ਹੋ ਗਿਆ।" ਅਤੇ ਉਸ ਨੂੰ ਮੇਰੇ ਚਿਹਰੇ ਤੋਂ ਮੇਰੇ ਰੋਗ ਦਾ ਪਤਾ ਲੱਗ ਜਾਵੇਗਾ, ਅਤੇ ਫਿਰ ਉਹ ਮੇਰੇ ਭਾਈ ਨਾਲ ਮੇਰਾ ਮੁਕਾਬਲਾ ਕਰਨ ਲੱਗ ਪਵੇਗਾ, ਉਹ ਚਰਿੱਤਰ ਸ਼ੀਲ ਹੈ, ਤੇ ਮੈਂ ਚਰਿੱਤਰਹੀਣ ਹਾਂ।

ਤੁਰਦਾ-ਤੁਰਦਾ ਮੈਂ ਟਾਂਗਿਆਂ ਦੇ ਅੱਡੇ ਕੋਲ ਪੁੱਜ ਜਾਂਦਾ ਹਾਂ, ਜਿੱਥੇ ਸ਼ਹਿਰ ਦਾ ਵੱਡਾ ਗਿਰਜ਼ਾ-ਘਰ ਹੈ। ਗਿਰਜ਼ੇ ਦੀ ਚਾਰ-ਦੀਵਾਰੀ ਦੇ ਬਾਹਰਲੇ ਪਾਸੇ ਦੇ ਦਰਖਤਾਂ ਵਿਚ ਚਿੱਟੇ ਕੱਪੜੇ ਦੀ ਚੌੜੀ ਪੱਟੀ ਲਾ ਕੇ ਉਸ ਉਤੇ ਲਿਖਿਆ ਹੋਇਆ ਹੈ, "ਦੁਨੀਆਂ ਦੇ ਦੁਖੀ ਲੋਕੋ, ਮੇਰੇ ਉਤੇ ਵਿਸ਼ਵਾਸ ਕਰੋ, ਮੈਂ ਤੁਹਾਨੂੰ ਆਰਾਮ ਦੇਵਾਂਗਾ।"

ਮੈਂ ਖੜਾ ਉਸ ਨੂੰ ਪੜ੍ਹ ਰਿਹਾ ਹਾਂ ਅਤੇ ਸੋਚ ਰਿਹਾ ਹਾਂ ਸ਼ਾਇਦ ਗਿਰਜ਼ੇ ਦੇ ਵੱਡੇ ਪਾਦਰੀ ਕੋਲ ਸੁਪਨ-ਦੋਸ਼ ਦਾ ਕੋਈ ਇਲਾਜ ਹੋਵੇ।

"ਕਿਉਂ, ਬਈ ਏਥੇ ਖੜਾ ਕੀ ਕਰ ਰਿਹੈਂ?" ਪਿਛਲੇ ਪਾਸਿਓਂ ਆਵਾਜ਼ ਆਉਂਦੀ ਹੈ। ਮੈਂ ਮੁੜਕੇ ਵੇਖਿਆ, ਕੁਲਦੀਪ ਹੈ। ਉਹ ਚਮਕਦੀ ਸਾਈਕਲ ਤੇ ਸਵਾਰ, ਮੇਰੇ ਪਿੱਛੇ ਆ ਕੇ ਰੁਕ ਗਿਆ ਅਤੇ ਬੜੇ ਅੰਦਾਜ਼ ਵਿਚ ਗੱਦੀ ਤੇ ਬੈਠੇ ਬੈਠੇ, ਉਸ ਨੇ ਇਕ ਪੈਰ ਜ਼ਮੀਨ ਉੱਤੇ

ਲਾਇਆ ਹੋਇਆ ਹੈ। ਉਸ ਨੂੰ ਵੇਖਦਿਆਂ ਹੀ ਮੇਰਾ ਕਲੇਸ਼ ਅੱਧਾ ਰਹਿ ਗਿਆ। ਬੜੇ ਦਿਨਾਂ ਮਗਰੋਂ ਕੋਈ ਗੱਲਾਂ ਕਰਨ ਵਾਲਾ ਮਿਲਿਆ ਹੈ।

'ਚੱਲ ਪਿਕਚਰ ਵੇਖਣ ਚੱਲੀਏ।" ਉਹ ਕਹਿੰਦਾ ਹੈ। ਮੈਂ ਸੁਣਦਿਆਂ ਹੀ ਸ਼ਸ਼ੋਪੰਜ 'ਚ ਪੈ ਜਾਂਦਾ ਹਾਂ।

'ਨਹੀਂ, ਮੈਨੂੰ ਕੰਮ ਹੈ, "ਮੈਂ ਜਵਾਬ 'ਚ ਕਹਿੰਦਾ ਹਾਂ, ਪਰ ਇਕੱਲਿਆਂ ਸੜਕਾਂ ਤੇ ਵੀ ਫਿਰਨਾ ਨਹੀਂ ਚਾਹੁੰਦਾ।

“ਆ ਯਾਰ, ਮੇਰੇ ਕੋਲ ਦੋ ਟਿਕਟਾਂ ਹਨ। ਮਦਨ ਨਹੀਂ ਆਇਆ।" ਸਾਹਮਣੇ ਹੀ ਸਿਨਮਾ ਘਰ ਹੈ। ਉਹ ਮੈਨੂੰ ਸ਼ਸ਼ੋਪੰਜ ਵਿਚ ਪੈਣ ਦਾ ਮੌਕਾ ਹੀ ਨਹੀਂ ਦਿੰਦਾ ਅਤੇ ਥੋੜੀ ਦੇਰ ਮਗਰੋਂ ਅਸੀਂ ਹਨੇਰੇ ਹਾਲ 'ਚ ਆਪਣੀਆਂ ਸੀਟਾਂ ਲੱਭ ਰਹੇ ਹਾਂ।" ਸ਼ੀਰੀ ਫਰਿਹਾਦ' ਦਾ ਖੇਲ ਹੈ। ਮੇਰੀਆਂ ਅੱਖਾਂ ਪਰਦੇ ਉਤੇ ਲੱਗੀਆਂ ਹੋਈਆਂ ਹਨ। ਹਾਲ ਵਿਚ ਪਹੁੰਚ ਕੇ ਮੈਨੂੰ ਘਬਰਾਹਟ ਜਹੀ ਹੋਈ ਹੈ। ਮੈਨੂੰ ਇਥੋਂ ਆਉਣਾ ਨਹੀਂ ਸੀ ਚਾਹੀਦਾ। ‘ਅੰਮ੍ਰਿਤ-ਬਿੰਦੂ’ ਕਿਤਾਬ 'ਚ ਸਾਫ਼ ਲਿਖਿਆ ਹੈ, ਕਿ ਜਿਨ੍ਹਾਂ ਮੁੰਡਿਆਂ ਦਾ ਸੁਪਨ-ਦੋਸ਼ ਹੁੰਦਾ ਹੈ, ਉਨ੍ਹਾਂ ਨੂੰ ਸਿਨਮਾ ਨਹੀਂ ਵੇਖਣਾ ਚਾਹੀਦਾ ਪਰ ਭਾਈ ਤਾਂ ਸਿਨਮਾ ਵੇਖਦਾ ਹੈ, ਅਤੇ ਉਸ ਦੇ ਸਾਰੇ ਦੋਸਤ ਵੀ ਵੇਖਦੇ ਹਨ। ਇਕ ਚਟਾਨ ਉਤੇ ਬੈਠਾ ਫ਼ਰਿਹਾਦ ਪੱਥਰ ਤੋੜ ਰਿਹਾ ਹੈ ਅਤੇ ਨਾਲ ਨਾਲ ਗਾ ਵੀ ਰਿਹਾ ਹੈ। ਪਰਦੇ ਉਤੇ ਬੜੀ ਤੇਜ਼ ਰੋਸ਼ਨੀ ਪੈਂਦੀ ਹੈ। ਅਸੀਂ ਦੇਰ ਨਾਲ ਪਹੁੰਚੇ ਹਾਂ, ਫਿਲਮ ਦਾ ਬਹੁਤ ਸਾਰਾ ਹਿੱਸਾ ਵਿਖਾਇਆ ਜਾ ਚੁੱਕਾ ਹੈ।

ਅਚਾਨਕ ਹਾਲ 'ਚ ਬੱਤੀਆਂ ਬਲ ਪਈਆਂ ਹਨ, ਪਾਨ-ਸਿਗਰਿਟ ਵੇਚਣ ਵਾਲੇ ਮੁੰਡੇ, ਆਵਾਜ਼ਾਂ ਲਗਾਉਂਦੇ ਹਾਲ 'ਚ ਆ ਗਏ ਹਨ।

"ਮੈਂ ਜਾ ਰਿਹਾ ਹਾਂ।" ਉਠਦਿਆਂ ਮੈਂ ਆਖਦਾ ਹਾਂ, “ਹੁਣ ਕਿੱਥੇ ਜਾਵੇਂਗਾ? ਅਜੇ ਤਾਂ ਬਹੁਤ ਵਧੀਆ ਪ੍ਰੋਗ੍ਰਾਮ ਹੋਵੇਗਾ।"

ਕੁਲਦੀਪ ਮੇਰਾ ਹੱਥ ਫੜਕੇ ਮੈਨੂੰ ਬੈਠਾ ਲੈਂਦਾ ਹੈ, ‘ਹੁਣੇ ਹੀ ਬਹੁਤ ਵਧੀਆ ਪ੍ਰੋਗ੍ਰਾਮ ਹੋਵੇਗਾ, ਜਿਹੜਾ ਤੂੰ ਪਹਿਲਾਂ ਕਦੀ ਨਹੀਂ ਵੇਖਿਆ।"

"ਕੀ ਹੋਵੇਗਾ?"

"ਜ਼ਿੰਦਾ ਨਾਚ ਹੋਵੇਗਾ," ਉਹ ਕਹਿੰਦਾ ਹੈ, ''ਈਰਾਨੀ ਕੁੜੀ ਨੱਚੇਗੀ। ਬੈਠਾ ਰਹਿ! ਮੈਂ ਇਕ ਵਾਰ ਫਿਰ ਉਠਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਅਚੰਭੇ ਅਤੇ ਉਡੀਕ ਨਾਲ ਦਿਲ ਧੜਕ ਰਿਹਾ ਹੈ। ਇਸੇ ਜੱਕੋ-ਤਕੀ ਵਿਚ ਹਾਲ ਦੀਆਂ ਬੱਤੀਆਂ ਬੁਝ ਗਈਆਂ। ਸਿਨਮਾ ਦੇ ਪਰਦੇ ਅੱਗੇ ਕਾਲਾ ਪਰਦਾ ਖਿੱਚ ਦਿੱਤਾ ਗਿਆ ਹੈ ਅਤੇ ਹਾਲ ਵਿਚ ਹਨੇਰਾ ਛਾ ਗਿਆ। ਮੈਂ ਤੇਜ਼ ਤੇਜ਼ ਸਾਹ ਲੈਂਦਾ ਹੋਇਆ, ਸਟੇਜ ਵੱਲ ਟਿਕ ਟਿਕੀ ਲਾਈ ਵੇਖੀ ਜਾ ਰਿਹਾ ਹਾਂ। ਕੁਲਦੀਪ ਨੇ ਅਜੇ ਵੀ ਮੇਰਾ ਹੱਥ ਫੜਿਆ ਹੋਇਆ ਹੈ।

ਅਚਾਨਕ ਸੱਜੇ ਪਾਸਿਓਂ ਲਾਲ ਰੋਸ਼ਨੀ ਦੀ ਇਕ ਕਿਰਨ ਸਟੇਜ ਉਤੇ ਪੈਂਦੀ ਹੈ ਅਤੇ ਉਸ ਰੋਸ਼ਨੀ ਦੇ ਗੋਲ ਘਰੇ ਵਿਚ ਇਕ ਕੁੜੀ ਖੜੀ ਦਿੱਸਦੀ ਹੈ। ਲਗਦੈ, ਜਿਵੇਂ ਰੋਸ਼ਨੀ ਦੀ ਲਾਲ ਕਿਰਨ ਹੀ ਉਸ ਨੂੰ ਸਟੇਜ ਉਤੇ ਲਿਆਈ ਹੋਵੇ। ਉਸ ਦੇ ਹੱਥ ਵਿਚ ਤਫ਼ਲੀ ਹੈ ਅਤੇ ਉਸਦੇ ਲੰਮੇ ਲੰਮੇ ਸੁਨਹਿਰੀ ਵਾਲ ਉਸ ਦੇ ਮੋਢਿਆਂ ਉਤੇ ਲਟਕਦੇ ਸਨ। ਇਲਾਹੀ ਜਿਹਾ ਦ੍ਰਿਸ਼ ਹੈ। ਕੁੜੀ ਨੇ ਗੋਡਿਆਂ ਤੱਕ ਚੋਣਾਂ ਵਾਲਾ ਲਾਲ ਘੱਗਰਾ ਪਾਇਆ ਹੋਇਆ ਹੈ। ਮੇਰਾ ਦਿਲ ਅਜੇ ਵੀ ਧੱਕ-ਧੱਕ ਕਰ ਰਿਹਾ ਹੈ, ਪਰ ਲਗਦਾ ਇੰਜ ਹੈ ਜਿਵੇਂ ਕਿਸੇ ਹੋਰ ਦੁਨੀਆਂ 'ਚ ਪਹੁੰਚ ਗਿਆ ਹੋਵਾਂ।

ਕੁੜੀ ਦਾ ਇਕ ਹੱਥ ਢਾਕ ਉਤੇ ਹੈ ਅਤੇ ਦੂਜਾ ਕਮਾਨ ਦੀ ਤਰ੍ਹਾਂ ਮੋਢੇ ਉਤੇ ਰੱਖਿਆ ਹੋਇਆ ਹੈ। ਅਤੇ ਉਸ ਹੱਥ 'ਚ ਗੋਲ ਜਹੀ ਡਫ਼ਲੀ ਹੈ। ਉਹ ਥੋੜ੍ਹੀ ਕੁ ਟੇਢੀ ਜਹੀ ਖੜੀ ਹੈ ਅਤੇ ਮੁਸਕਰਾਉਂਦੀ ਹੋਈ ਦਰਸ਼ਕਾਂ ਵੱਲ ਵੇਖੀ ਜਾ ਰਹੀ ਹੈ।

ਅਚਾਨਕ ਉਹ ਸਿਰ ਨੂੰ ਝਟਕ ਕੇ ਅਤੇ ਪੈਰ ਨਾਲ ਫਰਸ਼ ਉਤੇ ਠੋਕਰ ਮਾਰ ਨੱਚਣ ਲੱਗ ਪਈ। ਡਫਲੀ ਵੱਜ ਪਈ। ਪਿਛਲੇ ਪਾਸਿਓਂ ਕਿਤੋਂ ਹਨੇਰੇ ਪਰਦੇ ਪਿਛੋਂ ਸਾਜ-ਸੰਗੀਤ ਵੱਜ ਪਿਆ। ਰੋਸ਼ਨੀ ਦਾ ਗੋਲ ਚੱਕਰ ਅਜੇ ਵੀ ਉਸ ਨੂੰ ਆਪਣੇ ਵਿਚਕਾਰ ਘੇਰੀ ਬੈਠਾ ਹੈ।

ਰੋਸ਼ਨੀ ਦਾ ਚੱਕਰ ਹਰੇ ਰੰਗ ਵਿਚ ਬਦਲ ਗਿਆ। ਉਹ ਪਹਿਲਾਂ ਨਾਲੋਂ ਵੀ ਸੁਹਣੀ ਲੱਗਣ ਲੱਗ ਪਈ ਹੈ। ਕਦੇ ਉਹ ਡਫਲੀ ਨੂੰ ਸੱਜੇ ਗੋਡੇ ਉਤੇ ਠਕਰਦੀ ਹੈ, ਕਦੇ ਸਿਰ ਦੇ ਉਪਰ ਕਰਕੇ ਵਜਾਉਂਦੀ ਹੈ। ਕਦੇ ਕਦੇ ਉਸ ਦਾ ਸਾਰਾ ਸਰੀਰ ਕਮਾਨ ਵਾਂਗ ਖਿੱਚਿਆ

ਜਾਂਦਾ ਹੈ। ਕਦੇ ਉਹ ਥਿਰਕ-ਥਿਰਕ ਕੇ ਗੋਲ ਚੱਕਰਾਂ 'ਚ ਨੱਚਣ ਲਗਦੀ ਹੈ। ਉਸ ਵੇਲੇ ਉਸ ਦਾ ਵਲਾਂ ਵਾਲਾ ਘੱਗਰਾ ਗੋਡਿਆਂ ਤੱਕ ਉੱਠ ਜਾਂਦਾ ਹੈ, ਜਿਸ ਕਾਰਨ ਉਸ ਦੀਆਂ ਪਿੰਜਣੀਆਂ ਦਿਸਣ ਲੱਗ ਜਾਂਦੀਆਂ ਕੀ ਪਰੀਆਂ ਅਜਿਹੀਆਂ ਹੁੰਦੀਆਂ ਹਨ?

ਅਚਾਨਕ ਮੇਰਾ ਮਨ ਮੈਨੂੰ ਫਿਟ ਲਾਹਨਤ ਪਾਉਣ ਲੱਗਦਾ ਹੈ। ਮੈਂ ਅੱਖਾਂ ਟੱਡ ਟੱਡ ਇਕ ਔਰਤ ਦੇ ਚਿਹਰੇ ਨੂੰ ਵੇਖੀ ਜਾ ਰਿਹਾ ਹਾਂ, ਜਦੋਂ ਕਿ 'ਅੰਮ੍ਰਿਤ-ਬਿੰਦੂ' 'ਚ ਸਾਫ਼ ਲਿਖਿਆ ਹੈ....। ਮੈਂ ਉਸ ਔਰਤ ਤੋਂ ਅੱਖਾਂ ਹਟਾ ਕੇ, ਹੇਠਾਂ ਵੱਲ ਵੇਖਣ ਲਗਦਾ ਹਾਂ, ਪਰ ਅੱਖਾਂ ਮੱਲੋ-ਮੱਲੀ ਫਿਰ ਸਟੇਜ ਵੱਲ ਹੋ ਜਾਂਦੀਆਂ ਹਨ। ਅਜਿਹੀ ਔਖੀ ਸਥਿਤੀ ਦਾ ਸਾਹਮਣਾ ਪਹਿਲਾਂ ਕਦੀ ਵੀ ਨਹੀਂ ਸੀ ਕਰਨਾ ਪਿਆ। ਅਜਿਹੀ ਸੁਹਣੀ ਔਰਤ ਮੈਂ ਪਹਿਲਾਂ ਕਦੀ ਵੀ ਨਹੀਂ ਸੀ ਵੇਖੀ। ਕੁਲਦੀਪ ਨੇ ਮੈਨੂੰ ਅਜੇ ਵੀ ਕਸ ਕੇ ਫੜਿਆ ਹੋਇਆ ਹੈ।

ਡਫ਼ਲੀ ਦੀ ਆਖਰੀ ਠੋਕਰ ਨਾਲ ਨਾਚ ਖਤਮ ਹੋ ਜਾਂਦਾ ਹੈ। ਹਾਲ ਤਾੜੀਆਂ ਨਾਲ ਗੂੰਜ ਉਠਦਾ ਹੈ। ਵਨਸ ਮੋਰ! ਵਨਸ ਮੋਰ! ਦੀਆਂ ਆਵਾਜ਼ਾਂ ਆਉਣ ਲੱਗੀਆ ਕੁੜੀ ਅੱਗੇ ਵੱਲ ਝੁਕ ਕੇ, ਦਰਸ਼ਕਾਂ ਨੂੰ ਸਲਾਮ ਕਰਦੀ ਹੋਈ ਉਨ੍ਹਾਂ ਦਾ ਸੁਆਗਤ ਕਰਦੀ ਹੈ, ਉਸ ਦੇ ਚਮਕਦੇ ਸੁਨਹਿਰੀ ਵਾਲ ਲਹਿਰਾਂ ਵਾਂਗ ਉਸ ਦੇ ਮੱਥੇ ਅਤੇ ਮੋਢਿਆਂ ਉਤੇ ਝੂਲਦੇ ਹਨ। ਕੁਝ ਲੋਕ ਸਟੇਜ ਉਤੇ ਪੈਸੇ ਸੁਟਦੇ ਹਨ!

ਇਸ ਮਗਰੋਂ ਉਹ ਦਿਲ ਉਤੇ ਹੱਥ ਰੱਖ ਕੇ, ਝੁਕਦਿਆਂ ਸਤਿਕਾਰ ਅਤੇ ਸੁਆਗਤ ਕਰਦੀ ਹੈ, ਫੇਰ ਮੁਸਕਰਾਉਂਦੀ ਹੋਈ, ਸੱਜਾ ਹੱਥ ਆਪਣੇ ਲਾਲ ਲਾਲ ਬੁੱਲ੍ਹਾਂ ਉਤੇ ਰੱਖ, ਦਰਸ਼ਕਾਂ ਵੱਲ ਚੁੰਮਣ ਸੁੱਟਦੀ ਹੈ। ਹਾਲ ਮੁੜ ਆਵਾਜ਼ਾਂ ਅਤੇ ਤਾੜੀਆਂ ਨਾਲ ਗੂੰਜ ਉਠਦਾ ਹੈ, ਅਤੇ ਅਚਾਨਕ ਹੀ ਉਹ ਅੱਖਾਂ ਤੋਂ ਓਝਲ ਹੋ ਜਾਂਦੀ ਹੈ। ਸਟੇਜ ਅਤੇ ਸਾਰੇ ਹਾਲ ਵਿਚ ਹਨੇਰਾ ਛਾ ਜਾਂਦਾ ਹੈ।

"ਉਹ ਫਿਰ ਆਵੇਗੀ" ਅੱਗੇ ਬੈਠਾ ਹੋਇਆ ਇਕ ਆਦਮੀ ਆਖਦਾ ਹੈ।

"ਹੁਣ ਨਹੀਂ ਆਉਂਦੀ।" ਉਸ ਦੇ ਨਾਲ ਦਾ ਜਵਾਬ ਦਿੰਦਾ ਹੈ।

ਮੇਰਾ ਦਿਲ ਪਹਿਲਾਂ ਵਾਂਗ ਹੀ ਧੜਕ ਰਿਹਾ ਹੈ। ਜੀ ਤਾਂ ਚਾਹੁੰਦਾ ਹੈ, ਉਹ ਇਕ ਵਾਰ ਫਿਰ ਸਟੇਜ ਉੱਤੇ ਆਏ। ਇਸ ਇੱਛਾ ਦੇ ਨਾਲ ਨਾਲ ਮੈਂ ਆਪਣੇ ਦਿਲ ਨੂੰ ਫਟਕਾਰ ਵੀ ਰਿਹਾ ਹਾਂ ਅਤੇ ਉਥੋਂ ਉਠ ਜਾਣਾ ਲੋਚਦਾ ਹਾਂ।

ਪਰਦੇ ਉਤੇ ਮੁੜ ਕੇ ਫ਼ਿਲਮ ਵਿਖਾਈ ਜਾਣ ਲੱਗ ਪਈ ਹੈ। ਫਰਿਹਾਦ ਮੁੜ ਪੱਥਰ ਕੁੱਟਣ ਅਤੇ ਗਾਉਣ ਲੱਗ ਪਿਆ।

ਸਿਨਮਾ-ਘਰ 'ਚੋਂ ਨਿਕਦਿਆਂ ਹੀ ਮੈਂ ਪਛਤਾਵੇ ਦੀ ਅੱਗ ਨਾਲ ਝੁਲਸ ਰਿਹਾ ਹਾਂ। ਇਸ ਅੱਗ ਦੀਆਂ ਲਾਟਾਂ ਵਿਚਕਾਰ ਹੀ ਉਸ ਬੇਹੱਦ ਹੀ ਸੁਹਣੀ ਨਾਚੀ ਦਾ ਚਿਹਰਾ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲੱਗ ਪਿਆ। ਲਗਦਾ ਹੈ ਜਿਵੇਂ ਅੱਗ ਦੀਆਂ ਲਾਟਾਂ ਵਿਚਕਾਰ ਉਹ ਬੇਹੋਸ਼ ਜਹੀ ਹੋਈ ਨੱਚੀ ਜਾ ਰਹੀ ਹੈ।

ਮੇਰਾ ਮੱਥਾ ਭੱਖਦਾ ਪਿਆ ਹੈ, ਸਿਨਮਾ-ਘਰ 'ਚੋਂ ਨਿਕਲ ਕੇ ਕੁਝ ਦੂਰ ਤੱਕ ਦੋਵੇਂ ਕੁਲਦੀਪ ਦੀ ਸਾਈਕਲ ਤੇ ਜਾਂਦੇ ਹਾਂ, ਫਿਰ ਨਵੇਂ ਮੁਹੱਲੇ ਦੀ ਢਲਾਨ ਕੋਲ ਪਹੁੰਚ ਕੇ ਪੈਦਲ ਤੁਰਨ ਲਗਦੇ ਹਾਂ। ਅਚਾਨਕ ਕਿਸੇ ਅਣਜਾਣੀ ਭਾਵਨਾ ਨਾਲ ਮੈਂ ਕੁਲਦੀਪ ਨੂੰ ਧੱਕਦਾ ਹੋਇਆ ਇਕ ਹਨੇਰੀ ਜਹੀ ਗਲੀ 'ਚ ਲੈ ਜਾਂਦਾ ਹਾਂ, ਜਿੱਥੇ ਕੁਝ ਕੁ ਖੋਲੇ ਬਣੇ ਘਰ ਅਤੇ ਗਲੀ ਦੇ ਸਿਰੇ ਤੇ ਇਕ-ਦੋ ਦੁਕਾਨਾਂ ਹਨ।

"ਇਥੇ ਕੀ ਕਰਨ ਆਇਐਂ?" ਕੁਲਦੀਪ ਮੈਨੂੰ ਪੁੱਛਦੇ।

"ਇਕ ਗੱਲ ਦੱਸੀਂ! ਸੱਚ ਸੱਚ ਆਖੀਂ! ਕੀ ਤੇਰੀ ਧਾਤ ਡਿਗਦੀ ਐ?"

ਉਹ ਮੇਰੇ ਵੱਲ ਵੇਖ ਹੱਸਦਾ ਹੈ, "ਤੇਰੀ ਡਿਗਦੀ ਐ।"

"ਮੈਂ ਤੈਨੂੰ ਪੁੱਛ ਰਿਹਾ ਹਾਂ।" ਮੈਂ ਬੜੀ ਗੰਭੀਰ ਆਵਾਜ਼ 'ਚ ਆਖਦਾ ਹਾਂ। ਮੈਨੂੰ ਉਸ ਨੂੰ ਇਹ ਮਨਾਉਣ ਨਾਲ ਖਾਸ ਸੰਤੁਸ਼ਟਤਾ ਹੁੰਦੀ ਹੈ ਕਿ ਉਸ ਦਾ ਵੀਰਜ-ਡਿਗਦਾ ਹੈ।

"ਹਾਂ, ਕਦੇ ਕਦੇ ਡਿਗਦਾ ਹੈ।"

"ਵੇਖਿਆ ਮੈਨੂੰ ਪਤਾ ਸੀ ਤੇਰਾ ਵੀਰਜ-ਡਿਗਦਾ ਹੈ। ਤੂੰ ਮੈਥੋਂ ਲੁਕਾਉਂਦਾ ਸੀ। ਕਿੰਨੇ ਦਿਨਾਂ ਮਗਰੋਂ ਡਿਗਦਾ ਹੈ?"

"ਇਹ ਮੈਨੂੰ ਨਹੀਂ ਪਤਾ। ਕਦੇ ਕਦੇ ਡਿਗ ਪੈਂਦਾ ਹੈ।”

“ਤੂੰ ਝੂਠ ਬੋਲਦੈਂ।” ਮੈਂ ਆਕੜ ਕੇ ਬੋਲਦਾ ਹਾਂ ਅਤੇ ਹਨੇਰੀ ਗਲੀ 'ਚ ਉਸ ਨੂੰ ਹੋਰ ਅੱਗੇ ਧੱਕ ਕੇ ਲੈ ਜਾਂਦਾ ਹਾਂ। ਉਹ ਕੁਝ ਡਰ ਜਿਹਾ ਗਿਆ ਹੈ।

ਮੈਂ ਉਸ ਦੇ ਮੂੰਹੋਂ ਇਹ ਸੁਣਨਾ ਚਾਹੁੰਦਾ ਹਾਂ ਕਿ ਉਸ ਨੂੰ ਮੇਰੇ ਨਾਲੋਂ ਵੱਧ ਸੁਪਨ ਦੋਸ਼ ਹੁੰਦਾ ਹੈ, ਤਾਂਕਿ ਮੈਂ ਉਸ ਨੂੰ ਉਪਦੇਸ਼ ਦੇ ਕੇ, ਠੀਕ ਰਾਹ ਤੇ ਲਿਆ ਸਕਾਂ।

"ਮੈਂ ਕਿਸੇ ਹੋਰ ਨੂੰ ਦੱਸਦਾ ਨਹੀਂ, ਤੂੰ ਸੱਚ-ਸੱਚ ਦੱਸ ਦੇ, ਤੈਨੂੰ ਸੁਪਨ-ਦੋਸ਼ ਕਿੰਨੇ ਦਿਨਾਂ ਮਗਰੋਂ ਹੁੰਦਾ ਹੈ।"

“ਕਦੇ ਮਹੀਨੇ ਦੋ ਮਹੀਨਿਆਂ 'ਚ ਇਕ ਅੱਧ-ਵਾਰ ਹੋ ਜਾਂਦਾ ਹੈ।”

"ਤੂੰ ਦਿਨ ਨਹੀਂ ਗਿਣਦਾ?"

"ਤੂੰ ਗਿਣ ਕੇ ਰੱਖਦੈਂ?" ਉਹ ਹੱਸ ਕੇ ਆਖਦਾ ਹੈ।

"ਮੈਂ ਤਾਂ ਤੈਥੋਂ ਪੁੱਛਦਾ ਹਾਂ।"

"ਮੈਂ ਨਹੀਂ ਗਿਣਦਾ।”

ਉਹ ਮੇਰੀ ਸੰਜੀਦਗੀ ਤੋਂ ਅਜੇ ਤੱਕ ਪ੍ਰਭਾਵਿਤ ਨਹੀਂ ਹੋ ਸਕਿਆ। ਮੈਂ ਗੁੱਸੇ ਹੋ ਕੇ ਆਖਦਾ ਹਾਂ, "ਤੂੰ ਹੱਸਦਾ ਐਂ, ਤੈਨੂੰ ਨਹੀਂ ਪਤਾ ਵੀਰਜ ਕਿੰਨੀ ਕੀਮਤੀ ਵਸਤੂ ਹੈ। ਇਸ ਨੂੰ ਇਸ ਕਾਰਣ ਹੀ 'ਅੰਮ੍ਰਿਤ-ਬਿੰਦੂ' ਆਖਦੇ ਹਨ। ਚਾਰ ਸੌ ਖ਼ੂਨ ਦੀਆਂ ਬੂੰਦਾਂ ਤੋਂ ਇਕ ਬੂੰਦ ਵੀਰਜ ਦੀ ਬਣਦੀ ਹੈ ਅਤੇ ਇਹ ਰੀੜ੍ਹ ਦੀ ਹੱਡੀ 'ਚ ਇਕੱਠਾ ਹੁੰਦਾ ਰਹਿੰਦਾ ਹੈ। ਜੇਕਰ ਵੀਰਜ-ਡਿੱਗਣ ਲੱਗ ਪਵੇ ਤਾਂ ਰੀੜ ਦੀ ਹੱਡੀ ਕਮਜ਼ੋਰ ਹੋਣ ਲੱਗ ਪੈਂਦੀ ਹੈ। ਇਸ ਨਾਲ ਸਾਰਾ ਸਰੀਰ ਕਮਜ਼ੋਰ ਹੋਣ ਲੱਗ ਜਾਂਦਾ ਹੈ।"

ਮੈਨੂੰ ਇੰਜ ਲਗਦਾ ਹੈ ਜਿਵੇਂ ਮੇਰੇ ਗਿਆਨ ਦਾ ਉਸ ਉਤੇ ਅਸਰ ਹੋ ਰਿਹਾ ਹੈ। ਮੈਂ ਉਪਦੇਸ਼ ਕਰੀ ਜਾ ਰਿਹਾ ਹਾਂ, "ਕੁਝ ਲੋਕ ਹਥ-ਰਸੀ ਕਰਦੇ ਹਨ। ਇਹ ਬਹੁਤ ਬੁਰੀ ਗੱਲ ਹੈ, ਉਹਨਾਂ ਦਾ ਲਿੰਗ ਨੀਲਾ ਹੋ ਜਾਂਦਾ ਹੈ। ਕੀ ਤੂੰ ਹਥ-ਰਸੀ ਕਰਦਾ ਹੈ?"

"ਤੂੰ ਕਰਦੇ?" ਉਹ ਪਹਿਲਾਂ ਵਾਂਗ ਵਿਅੰਗ ਨਾਲ ਪੁੱਛਦਾ ਹੈ।

"ਮੈਂ ਤੈਨੂੰ ਪੁੱਛਦਾ ਹਾਂ। ਜੇ ਤੂੰ ਸੱਚੀ-ਸੱਚੀ ਦੱਸ ਦੇਵੇਂਗਾ, ਤਾਂ ਮੈਂ ਤੇਰੀ ਮਦਦ ਕਰਾਂਗਾ। ਮੈਨੂੰ ਅਜਿਹੇ ਤਰੀਕਿਆਂ ਦਾ ਪਤਾ ਜਿਨ੍ਹਾਂ ਨਾਲ ਸੁਪਨ-ਦੋਸ਼ ਬੰਦ ਹੋ ਜਾਂਦਾ ਹੈ। ਜੇਕਰ ਤੂ ਸੱਚ ਦੱਸੇਗਾ ਤਾਂ ਤੇਰੀ ਰੀੜ੍ਹ ਦੀ ਹੱਡੀ ਸਿੱਧੀ ਰਹੇਗੀ ਤੇਰਾ ਚਿਹਰਾ ਵੀ ਪੀਲਾ ਨਹੀਂ ਹੋਵੇਗਾ; ਜਿਵੇਂ ਹੁਣ ਹੈ।"

ਕੁਲਦੀਪ ਚੁਪ-ਚਾਪ ਮੇਰੇ ਵੱਲ ਵੇਖੀ ਜਾ ਰਿਹਾ ਹੈ। ਥੋੜ੍ਹੀ ਕੁ ਗੱਲ ਬਣਨ ਲੱਗੀ ਹੈ। ਉਸ ਦਾ ਅੰਦਾਜ਼ ਵੀ ਸੰਜੀਦਾ ਹੋਣ ਲੱਗ ਪਿਆ। ਮੈਂ ਬੋਲੀ ਜਾ ਰਿਹਾ ਹਾਂ, 'ਤੈਨੂੰ ਸਾਈਕਲ ਨਹੀਂ ਚਲਾਉਣਾ ਚਾਹੀਦਾ। ਰਾਤ ਨੂੰ ਠੰਡੇ ਪਾਣੀ ਨਾਲ ਨਹਾਉਣਾ ਚਾਹੀਂਦਾ ਹੈ। ਖਾਣਾ ਚਬਾ-ਚਬਾ ਕੇ ਖਾਣਾ ਚਾਹੀਂਦਾ ਹੈ।'

ਉਸਦੇ ਬੁੱਲਾਂ 'ਚ ਮੋੜ ਜਿਹਾ ਪਿਆ ਹੈ। ਸ਼ਾਇਦ ਉਹ ਫ਼ਿਰ ਮੁਸਕਰਾਉਣ ਲੱਗਿਆ ਹੈ।

"ਸੱਚ-ਸੱਚ ਦੱਸ, ਤੂੰ ਹਥ-ਰਸੀ ਕਰਦੈਂ?''

"ਤੂੰ ਕਰਦੈਂ?"

"ਮੈਂ ਤਾਂ ਤੈਥੋਂ ਪੁੱਛ ਰਿਹਾ ਹਾਂ। ਮੈਂ ਕਦੇ ਵੀ ਹਥ-ਰਸੀ ਨਹੀਂ ਕਰਦਾ। ਮੈਂ ਆਪਣੇ ਅੰਗ ਨੂੰ ਹੱਥ ਤੱਕ ਨਹੀਂ ਲਾਉਂਦਾ। ਤੇਰਾ ਅੰਗ ਨੀਲਾ ਹੋ ਜਾਵੇਗਾ। ਤੂੰ ਜ਼ਰੂਰ ਹਥ-ਰਸੀ ਕਰਦਾ ਹੋਵੇਗਾ। ਮੈਨੂੰ ਸਹੀ ਸਹੀ ਦੱਸ ਦੇ ਮੈਂ ਹੋਰ ਕਿਸੇ ਨੂੰ ਨਹੀਂ ਦੱਸਦਾ।" ਮੇਰੀ ਆਵਾਜ਼ ਉੱਚੀ ਹੁੰਦੀ ਜਾ ਰਹੀ ਹੈ। ਉਹ ਅਜੇ ਵੀ ਮੇਰੇ ਵੱਲ ਬੜੀ ਲਾਪਰਵਾਹੀ ਨਾਲ ਵੇਖੀ ਜਾ ਰਿਹਾ ਹੈ। "ਤੇਰਾ ਲਿੰਗ ਨੀਲਾ ਪੈ ਗਿਆ ਹੋਵੇਗਾ। ਨੀਲਾ ਹੋ ਗਿਆ ਹੈ ਜਾਂ ਨਹੀਂ?"

ਹੁਣ ਉਹ ਹੱਸਣ ਲੱਗ ਪਿਆ, "ਉਹ ਤਾਂ ਕਾਲਾ ਜਿਹਾ ਹੈ। ਵੇਖੇਂਗਾ, ਵਿਖਾਵਾਂ?" ਅਤੇ ਉਹ ਮੇਰੇ ਹੱਥ ਨੂੰ ਝਟਕ ਹਨੇਰੀ ਗਲੀ 'ਚੋਂ ਬਾਹਰ ਜਾਣ ਲੱਗਦਾ ਹੈ।

"ਚਲ ਹਟ, ਮੈਨੂੰ ਦੇਰ ਹੋ ਰਹੀ ਹੈ। ਮੂਰਖ ਕਿਤੋਂ ਦਾ ਵੀਰਜ-ਡਿੱਗਣ ਦੇ ਦਿਨ ਗਿਣਦਾ ਹੈ।" ਅਤੇ ਉਹ ਸਾਈਕਲ ਉਤੇ ਚੜ੍ਹ ਕੇ ਗਲੀ ਪਾਰ ਕਰਨ ਲਗਦਾ ਹੈ।

ਮੈਂ ਸੜਕ ਦੇ ਕੰਢੇ ਕੰਢੇ ਸਿਰ-ਸੁੱਟੀ ਜਾ ਰਿਹਾ ਹਾਂ। ਕੁਲਦੀਪ ਨੂੰ ਵੀ ਸੁਪਨ-ਦੋਸ਼ ਹੁੰਦਾ ਹੈ। ਉਹ ਕਹਿੰਦਾ ਸੀ, ਮਹੀਨੇ ਦੋ-ਮਹੀਨਿਆਂ 'ਚ ਇਕ ਅੱਧ-ਵਾਰ ਹੋ ਜਾਂਦਾ ਹੈ। ਪਰ ਉਸ ਨੂੰ ਕੋਈ ਪਰਵਾਹ ਨਹੀਂ, ਉਹ ਦਿਨ ਵੀ ਨਹੀਂ ਗਿਣਦਾ। ਅਚਾਨਕ ਨਾਚੀ ਦਾ ਚੰਨ-ਵਰਗਾ ਸੁਹਣਾ ਮੁੱਖੜਾ ਮੇਰੀਆਂ ਅੱਖਾਂ ਅੱਗੇ ਘੁੰਮਣ ਲਗਦਾ ਹੈ। ਮੈਂ ਸਿਰ ਨੂੰ ਝਟਕਾ ਜਿਹਾ ਦਿੰਦਾ ਹਾਂ, ਜਿਵੇਂ ਬੇਬੱਸ ਘੋੜਾ ਆਪਣੇ ਉਤੇ ਭਿਣਭਿਣਾਉਂਦੀਆਂ ਮੱਖੀਆਂ ਨੂੰ ਉਠਾਉਣ ਲਈ ਸਿਰ ਮਾਰਦਾ ਹੈ। ਮੈਂ ਮੁੜ-ਮੁੜ ਸਿਰ ਨੂੰ ਝਟਕਾ ਜਿਹਾ ਦਿੰਦਾ ਹਾਂ, ਪਰ ਨੱਚਣ ਵਾਲੀ ਦਾ ਚਿਹਰਾ ਮੁੜ ਮੁੜ ਅੱਖਾਂ ਸਾਹਮਣੇ ਆ ਜਾਂਦਾ ਹੈ, ਕਦੇ ਹੱਸਦਾ ਹੋਇਆ ਕਦੇ ਮੁਸਕਰਾਉਂਦਾ ਹੋਇਆ, ਕਦੇ ਇਸ਼ਾਰੇ ਕਰਦਾ ਅਤੇ ਕਦੇ ਦਰਸ਼ਕਾਂ ਉਤੇ ਹੱਸ ਹੱਸ ਕੇ ਚੁੰਮਣ ਸੁਟਦਾ ਹੋਇਆ। ਮੇਰਾ ਸਿਰ ਫਿਰ ਭਾਰੀ ਹੋਣ ਲੱਗ ਪਿਆ। ਪਾਗਲਾਂ ਵਾਂਗ ਸਿਰ ਨੂੰ ਝਟਕਦਾ ਹੋਇਆ ਮੈਂ ਘਰ ਵੱਲ ਤੁਰੀ ਜਾ ਰਿਹਾ ਹਾਂ।

0

ਘੋੜੇ ਦੇ ਸਿਰ ਉਤੇ ਲੱਗੀ ਕਲਗੀ ਹਵਾ ਵਿਚ ਝੂਮ ਰਹੀ ਹੈ। ਟਾਂਗਾ ਬੜੀ ਤੇਜ਼ ਰਫ਼ਤਾਰ ਨਾਲ ਸਟੇਸ਼ਨ ਤੋਂ ਘਰ ਵੱਲ ਭੱਜਿਆ ਜਾ ਰਿਹਾ ਹੈ। ਲਾਹੌਰ ਦੇ ਟਾਂਗੇ ਖਸਤਾ ਪੁਰਾਣੇ ਤੇ ਘੋੜੇ ਥੱਕੇ ਹਾਰੇ ਹੁੰਦੇ ਹਨ, ਜਦ ਕਿ ਮੇਰੇ ਸ਼ਹਿਰ ਦਾ ਘੋੜਾ ਹਵਾ ਨੂੰ ਗੰਢਾਂ ਦਿੰਦਾ ਹੋਇਆ ਜਾਂਦਾ ਹੈ। ਟਾਂਗਾ ਇੰਨਾ ਚੌੜਾ ਕਿ ਸੀਟ ਉਤੇ ਟੰਗ ਫੈਲਾ ਕੇ ਬੈਠ ਜਾਵੇ। ਇੰਨਾ ਸੋਹਣਾ ਬਣਿਆ ਹੋਇਆ ਕਿ ਮੀਲਾਂ ਤੱਕ ਵੀ ਉਸ 'ਚ ਇਕ ਵੀ ਧੱਕਾ ਨਾ ਲੱਗੇ।

ਮੈਂ ਕਈ ਵਰ੍ਹਿਆਂ ਮਗਰੋਂ ਘਰ ਪਰਤ ਰਿਹਾ ਹਾਂ। ਤਰਸੀਆਂ ਅੱਖਾਂ, ਆਪਣੇ ਸ਼ਹਿਰ ਦੀਆਂ ਸੜਕਾਂ ਅਤੇ ਮਕਾਨਾਂ ਨੂੰ ਬੜੀ ਨੀਝ ਨਾਲ ਤੱਕ ਰਹੀਆਂ ਹਨ। ਸ਼ਹਿਰ ਦਾ ਬਹੁਤ ਕੁਝ ਬਦਲ ਗਿਆ ਹੈ, ਰੇਲ ਦਾ ਪੁਲ ਜਿਹੜਾ ਪਹਿਲਾਂ ਕਦੀ ਬਹੁਤ ਵੱਡਾ ਲੱਗਦਾ ਸੀ, ਹੁਣ ਮਾਮੂਲੀ ਜਿਹਾ ਲਗਦਾ ਹੈ। ਸੜਕਾਂ ਵੀ ਜਿਵੇਂ ਸੁੰਗੜ ਗਈਆਂ ਹੋਣ। ਹੁਣ ਉਹ ਘੱਟ

ਲੰਮੀਆਂ, ਘੱਟ ਚੌੜੀਆਂ ਲਗਦੀਆਂ ਹਨ। ਦੁਪਹਿਰ ਦੀ ਧੁੱਪ ਉਵੇਂ ਹੀ ਸਾਫ਼-ਸਾਫ਼ ਖਿੜੀ-ਖਿੜੀ ਹੈ ਜਿਵੇਂ ਪਹਿਲਾਂ ਹੋਇਆ ਕਰਦੀ ਸੀ।

ਟਾਂਗੇ ਵਾਲਾ ਮੁਰਤਜ਼ਾ ਪੁਰਾਣਾ ਮੁਹੱਲੇਦਾਰ ਹੈ, ਉਹ ਹੀ ਜਿਹੜਾ ਇਸ਼ਕੀਆ ਟੱਪੇ ਗਾਇਆ ਕਰਦਾ ਸੀ ਅਤੇ ਅਸੀਂ ਉਸ ਦੀ ਆਵਾਜ਼ ਸੁਣਦਿਆਂ ਹੀ ਕੰਨ ਬੰਦ ਕਰ ਲੈਂਦੇ ਹੁੰਦੇ ਸਾਂ। ਹੁਣ ਮੁਰਤਜ਼ਾ ਦੇ ਲੰਮੀਆਂ ਲੰਮੀਆਂ ਮੁੱਛਾਂ ਹਨ ਅਤੇ ਸਿਰ ਉਤੇ ਗਾੜੀਵਾਨ ਦੀ ਖਾਕੀ ਪੱਗ ਬੰਨ੍ਹੀ ਹੋਈ ਹੈ।

“ਹੁਣ ਅਸੀਂ ਤੁਹਾਡੇ ਮੁਹੱਲੇ 'ਚ ਨਹੀਂ ਰਹਿੰਦੇ।" ਮੁਰਤਜ਼ਾ ਆਖਦਾ ਹੈ, “ਹੁਣ ਅਸੀਂ ਕਮੇਟੀ ਮੁਹੱਲੇ ਚ ਰਹਿੰਦੇ ਹਾਂ।”

ਇਹ ਗੱਲ ਸੁਣ ਕੇ ਮੈਨੂੰ ਧੱਕਾ ਲੱਗਦਾ ਹੈ। ਅਸੀ ਮੋੜ ਕੱਟ ਕੇ ਮੁਹੱਲੇ 'ਚ ਪਹੁੰਚਦੇ ਹਾਂ। ਲਗਦਾ ਹੈ ਜਿਵੇਂ ਮੁਹੱਲਾ ਵੀ ਛੋਟਾ ਹੋ ਗਿਆ ਹੋਵੇ।

ਟਾਂਗੇ ਵਾਲਿਆਂ ਦੀਆਂ ਕੋਠੜੀਆਂ ਦੀ ਥਾਵੇਂ ਜਿਨ੍ਹਾਂ ਸਾਹਮਣੇ ਹਮੇਸ਼ਾਂ ਦੋ ਚਾਰ ਘੋੜੇ ਬੰਨ੍ਹੇ ਰਹਿੰਦੇ ਸਨ, ਇਕ ਉੱਚਾ ਸਾਰਾ ਮਕਾਨ ਉਸਰ ਗਿਆ ਹੈ।

ਗੌਰਮੰਗ ਅਮਜ਼ਦ ਅਲੀ ਦਾ ਹੈ। ਇਸ ਨੇ ਲਾਮ 'ਚੋਂ ਬਹੁਤ ਸਾਰਾ ਧਨ ਕਮਾਇਆ ਹੈ। ਊਠਾਂ ਨੂੰ ਭਰਤੀ ਕਰਵਾਉਂਦਾ ਹੁੰਦਾ ਸੀ ਅਤੇ ਊਠਾਂ ਉਤੇ ਹੀ ਨੋਟਾਂ ਦੇ ਭਰੇ ਬੋਰੇ ਲੱਦਕੇ ਲਿਆਇਆ ਸੀ।" ਮੁਰਤਜ਼ਾ ਦੱਸਦਾ ਹੈ।

"ਬਾਬਾ ਨੂਰਾ ਕਿੱਥੇ ਹੈ?"

“ਬਾਬਾ ਨੂਰਾ ਮਰ ਗਿਆ।’"

ਘੋੜਿਆਂ ਦੇ ਖੁਰੀਆਂ ਲਾਉਣ ਵਾਲਾ ਬੋਸਤਾਨ, ਆਪਣੀ ਕੋਠੜੀ ਦੇ ਸਾਹਮਣੇ ਖੜਾ, ਬਿਜਲੀ ਦੀ ਮਸ਼ੀਨ ਨਾਲ ਇਕ ਘੋੜੇ ਦੇ ਵਾਲ ਕੱਟ ਰਿਹਾ ਹੈ। ਮਸ਼ੀਨ ਦੀ ਘਰਰ-ਘਰਰ ਦੀ ਆਵਾਜ਼ ਦੂਰ ਤੱਕ ਸੁਣਾਈ ਦਿੰਦੀ ਹੈ। ਸ਼ਹਿਰ ਦੀਆਂ ਸੜਕਾਂ ਉਤੇ ਬਿਜਲੀ ਦੇ ਖੰਭੇ ਲੱਗ ਗਏ ਹਨ।

ਮੌਲਵੀ ਇਸਹਾਕ ਘਰ 'ਚੋਂ ਨਿਕਲ ਕੇ ਸੜਕ ਦੇ ਨਾਲ ਨਾਲ ਜਾ ਰਿਹਾ ਹੈ। ਜ਼ਰੂਰ ਦਿਨ ਦੀ ਚੌਥੀ ਨਮਾਜ਼ ਪੜ੍ਹਨ ਮਸਜਿਦ ਜਾ ਰਿਹਾ ਹੋਵੇਗਾ। ਅਤਰ ਸਿੰਘ ਹਲਵਾਈ ਦੀ ਦੁਕਾਨ, ਹੁਣ ਨਹੀਂ ਰਹੀ, ਹੁਣ ਉਥੇ ਨੀਲੇ ਰੰਗ ਦੇ ਛੱਜੇ ਵਾਲਾ ਦੋ-ਮੰਜ਼ਲਾ ਮਕਾਨ ਬਣ ਗਿਆ। ਵੱਡਾ ਸਾਰਾ ਟਾਲੀ ਦਾ ਦਰਖਤ ਵੀ ਵੱਢ ਦਿੱਤਾ ਗਿਆ ਹੈ, ਜਿਹੜਾ ਅਤਰ ਸਿੰਘ ਦੀ ਦੁਕਾਨ ਦੀ ਬਾਹੀ ਵਾਲੇ ਪਾਸੇ ਖੜਾ ਸੀ।

ਮਾਂ ਨੇ ਦਰਵਾਜ਼ਾ ਖੋਲ੍ਹਿਆ। ਮੇਰਾ ਦਿਲ ਦਹਿਲ ਗਿਆ : ਮਾਂ ਦੇ ਬੁਲ੍ਹ ਕਿਵੇਂ ਲੱਗ ਰਹੇ ਹਨ। ਮਾਂ ਬੁਢੀ ਹੋ ਗਈ ਹੈ। ਉਸ ਦਾ ਮੂੰਹ ਪੋਪਲਾ ਜਿਹਾ ਬਣ ਗਿਆ ਲੱਗਦਾ ਹੈ। ਇਹ ਕੀ ਉਸਦੇ ਮੂੰਹ 'ਚ ਇਕ ਵੀ ਦੰਦ ਨਹੀਂ ਰਿਹਾ। ਮਾਂ ਨੇ ਬੁਲ੍ਹਾਂ ਨੂੰ ਲੁਕਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

"ਇਹ ਕੀ ਹੋ ਗਿਆ ਮਾਤਾ ਜੀ?"

"ਮੈਂ ਦੰਦ ਕਢਵਾ ਦਿੱਤੇ ਹਨ।"

ਹਮੇਸ਼ਾ ਵਾਂਗ ਪਿਤਾ ਜੀ ਦਫ਼ਤਰ 'ਚ ਬੈਠੇ ਇਕ ਉਂਗਲ ਨਾਲ ਚਿੱਠੀਆਂ ਟਾਈਪ ਕਰ ਰਹੇ ਹਨ। ਉਠਕੇ ਮੈਨੂੰ ਛਾਤੀ ਨਾਲ ਲਾ ਲੈਂਦੇ ਹਨ। ਉਨ੍ਹਾਂ ਵਿਚੋਂ ਉਹ ਹੀ ਪੁਰਾਣੀ ਜਾਣੀ-ਪਹਿਚਾਣੀ ਮਹਿਕ ਹੁਣ ਵੀ ਆ ਰਹੀ ਹੈ।

"ਇਸ ਨੂੰ, ਗਰਮ-ਗਰਮ ਦੁੱਧ ਪਿਆਓ।" ਉਹ ਮੇਰੀ ਪਿੱਠ ਥਾਪੜਦੇ ਹੋਏ ਮਾਂ ਨੂੰ ਆਖਦੇ ਹਨ, "ਥੱਕ ਕੇ ਆਇਆ ਹੈ।"

ਪਿਤਾ ਜੀ ਦਾ ਸਾਰਾ ਸਿਰ ਚਿੱਟਾ ਹੋ ਗਿਆ ਹੈ। ਪਰ ਉਨ੍ਹਾਂ ਦੀਆਂ ਮੁੱਛਾਂ 'ਚ ਕੇਵਲ ਕੁਝ ਗਿਣਵੇਂ ਵਾਲ ਹੀ ਚਿੱਟੇ ਹਨ। ਪਿਤਾ ਜੀ ਅਜੇ ਵੀ ਬੜੇ ਸੁਹਣੇ ਲਗਦੇ ਹਨ।

"ਵੀਰ ਕਿੱਥੇ ਹੈ?" ਮੈਂ ਬੜੀ ਬੇਤਾਬੀ ਨਾਲ ਪੁੱਛਦਾ ਹਾਂ।

"ਆਉਂਦਾ ਹੀ ਹੋਵੇਗਾ। ਇਕ ਦਫਤਰ ਬਾਜ਼ਾਰ 'ਚ ਕਿਰਾਏ ਤੇ ਲੈ ਲਿਆ ਹੈ। ਉਥੇ ਹੀ ਬੈਠਦਾ ਹੈ।"

ਮੈਂ ਦਫਤਰ 'ਚੋਂ ਨਿਕਲ ਕੇ ਘਰ ਦਾ ਚੱਕਰ ਲਾਉਣ ਲੱਗ ਪਿਆ। ਘਰ ਵੀ ਛੋਟਾ ਜਿਹਾ ਲੱਗ ਰਿਹਾ ਹੈ। ਰਸੋਈ ਘਰ ਦੇ ਸਾਹਮਣੇ ਵਾਲੇ ਛੱਪਰ ਦਾ ਖੰਭਾ, ਜਿਸ ਨੂੰ ਫੜ੍ਹ ਕੇ ਅਸੀਂ ਦਿਨ-ਭਰ ਝੂਲਦੇ ਰਹਿੰਦੇ ਸਾਂ, ਹੁਣ ਉਹ ਮੇਰੇ ਸਿਰ ਤੋਂ ਥੋੜ੍ਹਾ ਕੁ ਹੀ ਉੱਚਾ ਰਹਿ ਗਿਆ ਹੈ। ਕੰਧ ਵਿਚ ਲਗੀ ਅਲਮਾਰੀ ਉਤੇ ਅਜੇ ਵੀ ਪੀਲੀ ਖੜੀਆ ਮਿੱਟੀ ਨਾਲ ਖਿੱਚੀਆਂ ਲਕੀਰਾਂ ਮੌਜੂਦ ਹਨ ਜਿਹੜੀਆਂ ਮੇਰੀ ਛੋਟੀ ਭੈਣ ਨੇ ਆਪਣੇ ਬਚਪਨ 'ਚ ਖਿੱਚੀਆਂ ਸਨ, ਅਤੇ ਆਪਣਾ ਨਾਂ 'ਬਿਮਲਾ' ਵੀ ਲਿਖਿਆ ਸੀ। ਅਲਮਾਰੀ ਖੁੱਲ੍ਹੀ ਹੈ, ਸ਼ਾਇਦ ਛੋਟੀ ਭੈਣ ਜਾਣ ਤੋਂ ਪਹਿਲਾਂ ਇਸ ਨੂੰ ਬੰਦ ਕਰਨਾ ਭੁੱਲ ਗਈ ਹੋਵੇ। ਕਾਨਸ ਉਤੇ ਅਜੇ ਵੀ ਲੱਕੜ ਦੇ ਫਰੇਮ ਵਾਲਾ ਸ਼ੀਸ਼ਾ ਪਿਆ ਹੈ, ਜਿਸ ਵਿਚ ਮੈਂ ਦਿਨ 'ਚ ਵੀਹ ਵਾਰ ਆਪਣਾ ਮੂੰਹ ਵੇਖਿਆਂ ਕਰਦਾ ਸਾਂ, ਇਹ ਜਾਨਣ ਲਈ ਕਿ ਚਿਹਰੇ ਤੇ ਕੋਈ ਰੰਗਤ ਆਈ ਵੀ ਹੈ ਜਾਂ ਨਹੀਂ! ਸਾਰੇ ਘਰ ਵਿਚ ਇਕ ਚੁੱਪ ਜਹੀ ਵਤਤੀ ਹੋਈ ਹੈ। ਲਗਦਾ ਹੈ ਜਿਵੇਂ ਮਿਟੀ ਦਾ ਪਤਲਾ ਜਿਹਾ ਪੋਚਾ ਫਿਰ ਗਿਆ ਹੋਵੇ ਅਤੇ ਬੁਸਬੁਸੇਪਣ ਦਾ ਮਟਮੈਲਾ ਰੰਗ ਸਾਰੇ ਘਰ ਤੇ ਛਾ ਗਿਆ ਹੋਵੇ।

ਪਿਛਲੇ ਪਾਸੇ ਦਾ ਘਰ ਖਰੀਦ ਕੇ ਪੁਰਾਣੇ ਘਰ ਨਾਲ ਮਿਲਾ ਦਿੱਤਾ ਗਿਆ ਹੈ। ਨਵੇਂ ਕਮਰਿਆ 'ਚੋਂ ਇਕ ਕਮਰਾ ਕਿਤਾਬਾਂ ਨਾਲ ਨੱਕੋ-ਨੱਕ ਭਰਿਆ ਹੋਇਆ ਹੈ। ਇਸ ਕਮਰੇ 'ਚ ਤਿੰਨ ਆਦਮ ਕੱਦ ਅਲਮਾਰੀਆਂ ਜੋ ਕੰਧਾਂ 'ਚ ਲੱਗੀਆਂ ਹੋਈਆਂ ਹਨ, ਉਹ ਵੀ ਅੰਗਰੇਜ਼ੀ ਦੀਆਂ ਕਿਤਾਬਾਂ ਨਾਲ ਭਰੀਆਂ ਹੋਈਆਂ ਹਨ। ਦੋ ਕਮਰਿਆਂ ਵਿਚ ਕਾਲੀਨ ਵਿਛੇ ਹੋਏ ਹਨ।

"ਤੇਰਾ ਭਾਈ ਤਬਦੀਲੀਆਂ ਕਰਵਾਉਂਦਾ ਰਹਿੰਦਾ ਹੈ। ਉਸ ਨੂੰ ਸ਼ੌਕ ਹੈ, ਤੇਰੇ ਪਿਤਾ ਜੀ ਨੂੰ ਤਾਂ ਨਾ ਪਹਿਲਾਂ ਸ਼ੌਕ ਸੀ, ਨਾ ਹੁਣ ਹੈ। ਉਹ ਤਾਂ ਦਿਨ-ਭਰ ਟਾਈਪ ਰਾਈਟਰ ਦੇ ਸਿਰਹਾਣੇ ਬੈਠੇ ਰਹਿੰਦੇ ਹਨ। ਮੇਰੇ ਪਿੱਛੋ ਪਿੱਛੇ ਤੁਰੀ ਆਉਂਦੀ ਮਾਂ ਮੈਨੂੰ ਦੱਸ ਰਹੀ ਹੈ।

ਮਾਂ ਦਾ ਪਿਚਕਿਆ ਮੂੰਹ ਵੇਖ ਮੇਰਾ ਦਿਲ ਬੈਠਦਾ ਜਾ ਰਿਹਾ। ਅਸੀਂ ਤੁਰਦੇ ਤੁਰਦੇ ਮੁੜ ਦਫ਼ਤਰ ਆ ਗਏ।

"ਇਸ ਨੂੰ ਗਰਮ-ਗਰਮ ਦੁੱਧ ਪਿਆਓ, ਥੱਕ ਕੇ ਆਇਆ ਹੈ।" ਇਕ ਵਾਰ ਪਿਤਾ ਜੀ ਨੇ ਫਿਰ ਮਾਂ ਨੂੰ ਆਖਿਆ।

"ਅਜੇ ਨੌਕਰ ਮੁੜਿਆ ਨਹੀਂ। ਮੈਂ ਆਪ ਹੀ ਗਰਮ ਕਰ ਲਿਆਉਂਦੀ ਹਾਂ।"

"ਤੁਲਸੀ ਕਿੱਥੇ ਮਰ ਗਿਆ? ਤੁਲਸੀ ਨੂੰ ਆਖੋ ਦੁੱਧ ਗਰਮ ਕਰ ਦੇਵੇ।"

ਤੁਲਸੀ ਦਾ ਨਾਂ ਸੁਣਕੇ ਮੈਂ ਹੈਰਾਨ ਹੋ ਜਾਂਦਾ ਹਾਂ। ਮਾਂ ਆਖਦੀ ਹੈ, "ਵੇਖੋ ਜੀ, ਮੈਂ ਕਿੰਨੀ ਵਾਰ ਆਖਿਆ ਹੈ ਕਿ ਤੁਲਸੀ ਸਾਡਾ ਨੌਕਰ ਨਹੀਂ, ਉਸ ਤੋਂ ਕੰਮ ਕਿਉਂ ਕਰਵਾਉਂਦੇ ਹੋ?"

"ਤੁਲਸੀ ਇੱਥੇ ਹੈ?" ਮੈਂ ਹੈਰਾਨ ਜਿਹਾ ਮਾਂ ਨੂੰ ਪੁਛਦਾ ਹਾਂ।

"ਹਾਂ, ਪੁੱਤਰ, ਦਰਜ਼ੀ ਦਾ ਕੰਮ ਕਰਦਾ ਹੈ, ਰਾਤ ਨੂੰ ਆਪਣੇ ਘਰ 'ਚ ਆ ਕੇ ਸੌਂਦਾ ਹੈ।

ਅੱਜ 'ਮਿਆਨੀ 'ਚ ਬੈਠਾ ਕੱਪੜੇ ਸੀਅ ਰਿਹਾ ਹੈ। ਇਹ ਅਜੇ ਵੀ ਉਸ ਤੋਂ ਕੰਮ ਕਰਵਾਉਂਦੇ ਹਨ, ਮੈਂ ਕਹਿੰਦੀ ਹਾਂ, ਇਹ ਠੀਕ ਨਹੀਂ।"

''ਤੂੰ ਉਹਨੂੰ 'ਸਿਰ' ਚੜ੍ਹਾ ਰੱਖਿਆ ਹੈ। ਦੁੱਧ ਦਾ ਗਿਲਾਸ ਗਰਮ ਕਰਨ ਨਾਲ ਉਸਦੇ ਹੱਥ ਘਿਸ ਜਾਣਗੇ? ਪਹਿਲਾਂ ਤਾਂ ਉਹ ਇਥੇ ਰਹਿੰਦਾ ਹੀ ਕਿਉਂ ਹੈ, ਅਸੀਂ ਕੋਈ ਸਰਾਂ ਖੋਲ੍ਹੀ ਹੋਈ ਹੈ?"

"ਕੀ ਉਹ ਦਵਾਈ-ਖਾਨਾ ਛੱਡ ਆਇਆ ਹੈ?

"ਮੈਂ ਪੁਛਿਆ?"

"ਕਦੋਂ ਦਾ! ਝਗੜਾ ਇਨ੍ਹਾਂ ਦਾ ਆਪਸ ਵਿਚ ਤੇ ਮਾਰਿਆ ਉਹ ਗਿਆ। ਉਸ ਮਗਰੋਂ ਉਹ ਬੜੇ ਪਾਪੜ ਵੇਲ ਚੁੱਕਿਆ ਹੈ, ਆਪਣੇ ਪਿੰਡ ਜਾ ਕੇ ਹਕੀਮੀ ਵੀ ਕਰ ਚੁਕਿਆ ਹੈ।'

ਇਸ ਵਿਚਕਾਰ ਪਿਤਾ ਜੀ ਲਗਾਤਾਰ ਪਹਿਲਾਂ ਵਾਂਗ ਖਿੜਕੀ ਵਿਚੋਂ ਬਾਹਰ ਵੇਖੀ ਜਾ ਰਹੇ ਹਨ। ਅਚਾਨਕ, ਮੂੰਹ-ਫੇਰ ਕੇ ਕਹਿੰਦੇ ਹਨ ਹੁਣ ਉਸ ਨੂੰ ਆਖ ਛੱਡ ਕੋਈ ਥਾਂ ਟਿਕਾਰਾ ਵੇਖੋ! ਇਸ ਨੂੰ ਇਥੋਂ ਚਲਦਾ ਕਰ।"

"ਦੋ ਦਿਨ ਬੈਠ ਲੈਣ ਦਿਓ ਜੀ, ਬੇਰੋਜ਼ਗਾਰ ਆਦਮੀ ਹੈ, ਜਦ ਕੋਈ ਕੰਮ ਮਿਲੇਗਾ ਆਪਣੇ ਆਪ ਚਲਿਆ ਜਾਵੇਗਾ।" ਫਿਰ ਮਾਂ, ਮੇਰੇ ਵੱਲ ਮੁੜ ਕੇ ਕਹਿੰਦੀ ਹੈ, 'ਭਲਾ ਹੋਵੇ ਤੇਰੇ ਭਰਾ ਦਾ। ਉਹਨੇ ਵਿਦਿਆ ਦੀ ਪੁਰਾਣੀ ਸਿਲਾਈ-ਮਸ਼ੀਨ ਇਸਨੂੰ ਚੁੱਕ ਕੇ ਦੇ ਦਿਤੀ। ਮੈਂ ਹੁੰਦੀ ਤਾਂ ਕਦੇ ਇੰਨਾ ਹੌਸਲਾ ਨਾ ਕਰ ਸਕਦੀ। ਹੁਣ ਛੋਟੇ-ਮੋਟੇ ਕੱਪੜੇ ਸਿਉਂ ਲੈਂਦਾ ਹੈ।"

“ਇਹ ਆਦਮੀ ਵੀ ਕੁਝ ਨਹੀਂ, ਨਿਰਾ, ਪੂੰ ਪਾਂ ਹੀ ਹੈ।" ਪਿਤਾ ਜੀ ਆਖਦੇ ਹਨ। "ਇਸ ਦਾ ਦਿਮਾਗ ਮੋਟਾ ਹੈ।” ਫਿਰ ਮੇਰੇ ਵੱਲ ਬੜੇ ਪਿਆਰ ਨਾਲ ਵੇਖ ਆਖਦੇ ਹਨ “ਤੂੰ ਕੋਈ ਬਹੁਤਾ ਤਕੜਾ ਹੋ ਕੇ ਤਾਂ ਆਇਆ ਨਹੀਂ। ਉਥੇ ਘਰ ਵਰਗੀਆਂ ਰੋਟੀਆਂ ਨਹੀਂ ਨਾ ਮਿਲਦੀਆਂ।" ਮੇਰੇ ਵੱਲ ਵੇਖ ਕੇ ਉਨ੍ਹਾਂ ਦੇ ਚਿਹਰੇ ਉਤੇ ਖੇੜਾ ਆ ਜਾਂਦਾ ਹੈ!

'ਸੰਸਕ੍ਰਿਤ ਪੜ੍ਹਦੈ?” ਸੰਸਕ੍ਰਿਤ ਜ਼ਰੂਰ ਪੜ੍ਹੀ। ਉਂਜ ਤਾਂ ਫ਼ਾਰਸੀ ਵੀ ਬੜੀ ਚੰਗੀ ਭਾਸ਼ਾ ਹੈ। 'ਗੁਲਿਸਤਾਂ' ਅਤੇ ਅਤੇ 'ਬੋਸਤਾਂ" ਬਹੁਤ ਵਧੀਆ ਕਿਤਾਬਾਂ ਹਨ। ਫੇਰ ਕੁਝ ਗੁਣ ਗੁਣਾਉਂਣ ਮਗਰੋਂ ਕਹਿੰਦੇ ਹਨ। 'ਫਾਰਸੀ ਵਾਲੇ ਨੇ ਇਕ ਥਾਵੇਂ ਕਿਹਾ, "ਜੇ ਤੂੰ ਮਿੱਟੀ ਦੇ ਢੇਰ 'ਚੋਂ ਮਿੱਟੀ ਦੀ ਮੁੱਠ ਚੁੱਕਣੀ ਹੋਵੇ ਤਾਂ ਕਿਸੇ ਵੱਡੇ ਢੇਰ ਚੋਂ ਚੁੱਕੀ।" ਕਿੰਨੀ ਵਧੀਆ ਗੱਲ ਕਹੀ ਹੈ।

ਫੇਰ ਖਿੜਕੀ ਬਾਹਰ ਵੇਖਦੇ ਹੋਏ ਥੋੜ੍ਹਾ ਕੁ ਚਿਰ ਲਈ, ਸ਼ੇਅਰ ਗੁਣ ਗੁਣਾਂਦੇ ਕਹਿੰਦੇ ਹਨ, ਸ਼ੇਅਰ ਗੁਣ-ਗੁਣਾਉਣ ਮਗਰੋਂ ਮਾਂ ਨੂੰ ਆਖਦੇ ਹਨ "ਏਸ ਨੂੰ ਗਰਮ ਗਰਮ ਦੁਧ ਪਿਆਵੋ ਇਹ ਥੱਕ ਕੇ ਆਇਐ।"

ਪਿਤਾ ਜੀ ਅਤੇ ਮਾਂ ਵਿਚਕਾਰ ਹੁਣ ਬੜੀ ਜਲਦੀ ਝਗੜਾ ਹੋ ਜਾਂਦਾ ਹੈ। ਮਾਂ ਦੀ ਗੱਲ ਨੂੰ ਜੇਕਰ ਪਿਤਾ ਜੀ ਕੱਟ ਦੇਣ ਤਾਂ ਉਹ ਨੱਕ ਚੜ੍ਹਾ ਲੈਂਦੀ ਹੈ। ਉਹ ਪਿਤਾ ਜੀ ਵੱਲ

ਪਿੱਠ ਕਰ ਲੈਂਦੀ ਹੈ। ਪਿਤਾ ਜੀ ਦੀ ਗੱਲ ਜੇਕਰ ਮਾਂ ਕੱਟ ਦੇਵੇ ਤਾਂ ਪਿਤਾ ਜੀ ਬੜੇ ਔਖੇ ਭਾਰੇ ਹੁੰਦੇ ਹਨ ਤੇ ਕਾਫੀ ਦੇਰ ਤੱਕ ਬੁੜਬੁੜ ਕਰਦੇ ਰਹਿੰਦੇ ਹਨ।

'ਘਰ 'ਚ ਚਾਹ ਨਹੀਂ ਬਣਦੀ?” ਮੈਂ ਪੁਛਿਆ, “ਉਥੇ ਤਾਂ ਅਸੀਂ ਚਾਹ ਪੀਂਦੇ ਹਾਂ।

"ਚਾਹ ਪੀਣ ਦੀ ਕਿਹੜੀ ਲੋੜ ਹੈ?" ਪਿਤਾ ਜੀ ਝਿੜਕ ਕੇ ਆਖਦੇ ਹਨ “ਗੱਭਰੂਆਂ ਨੂੰ ਚਾਹ ਨਹੀਂ ਪੀਣੀ ਚਾਹੀਂਦੀ। ਇਸ ਨੂੰ ਦੁਧ ਪਿਆਵੋ।"

"ਸਾਰੇ ਘਰਾਂ 'ਚ ਬਣਦੀ ਐ ਜੀ; ਆਪਣੇ ਘਰ 'ਚ ਬਣ ਜਾਵੇਗੀ ਤਾਂ ਕੀ ਹੋ ਜਾਵੇਗਾ। ਤੁਸੀਂ ਗੱਲ ਗੱਲ 'ਚ ਕਿਉਂ ਟੰਗ ਅੜਾਉਂਦੇ ਹੋ।"

“ਠੀਕ ਐ, ਜੋ ਜੀਅ ਆਵੇ ਕਰ। ਪਿਤਾ ਜੀ ਸਿਰ ਝਟਕਾ ਕੇ ਕਹਿੰਦੇ ਹਨ। ਮੈਨੂੰ ਪੁਛਦੀ ਹੀ ਕਿਉਂ ਐਂ?”

ਮੈਂ ਮਾਂ ਦੇ ਨਾਲ ਹੀ ਉਪਰ ਨੂੰ ਚਲਿਆ ਜਾਂਦਾ ਹਾਂ। ਮਾਂ ਨੇ ਚੁੱਲ੍ਹੇ ਉਤੇ ਪਾਣੀ ਰੱਖ ਦਿਤਾ ਅਤੇ ਚਾਹ ਪੱਤੀ ਲੱਭਣ ਲੱਗ ਪਈ। ਪੁਰਾਣੀ ਜਾਲੀਦਾਰ ਅਲਮਾਰੀ 'ਚੋਂ ਮੈਂ ਪਿਆਲੇ ਕੱਢਣ ਲੱਗ ਪਿਆ। ਚਿੱਟੇ ਪਿਆਲਿਆਂ ਦਾ ਇਕ ਪੂਰਾ ਸੈੱਟ ਪਿਆ ਹੈ। ਇਹ ਵੀ ਭਾਈ ਲੈ ਕੇ ਆਇਆ ਹੋਵੇਗਾ ਨਹੀਂ, ਪਹਿਲਾਂ ਤਾਂ ਭਾਂਤ-ਭਾਂਤ ਦੇ ਨਮੂਨਿਆਂ ਵਾਲੇ ਪਿਆਲੇ ਹੁੰਦੇ ਸਨ, ਇਕ ਨਾਲ ਦੂਜਾ ਮੇਲ ਨਹੀਂ ਸੀ ਖਾਂਦਾ।

ਮੇਰੀ ਮਾਂ ਨੂੰ ਚਾਹ-ਪੱਤੀ ਨਹੀਂ ਮਿਲ ਰਹੀ। ਮਾਂ ਨੇ ਕਾਨਸ ਉਤੇ ਰੱਖੇ ਸਾਰੇ ਡਿੱਬਿਆਂ ਪਿੱਛੇ ਵੇਖ ਲਿਆ ਹੈ।

"ਏਸ ਘਰ ਵਿਚ ਕਦੇ ਕੋਈ ਚੀਜ਼ ਨਹੀਂ ਮਿਲਦੀ।" ਮਾਂ ਪਹਿਲਾਂ ਵਾਂਗ ਹੀ ਬੁੜਬੜਾਂਦੀ ਹੋਈ ਕਹਿੰਦੀ ਹੈ, ਪਰ ਹੁਣ ਮਾਂ ਦੀ ਆਵਾਜ਼ ਥੱਕੀ ਹੋਈ ਹੈ, ਇਹ ਫ਼ਰਕ ਸ਼ਾਇਦ ਦੰਦ ਕਢਵਾਉਣ ਕਰਕੇ ਹੈ। ਮਾਂ ਥੋੜ੍ਹੀ ਹੋਰ ਮੋਟੀ ਵੀ ਹੋ ਗਈ ਹੈ।

ਥੋੜ੍ਹਾ ਚਿਰ ਢੂੰਡਣ ਬਾਅਦ ਮਾਂ ਜੰਗਲੇ ਉਤੇ ਜਾ ਕੇ ਪੁੱਛਦੀ ਹੈ, "ਬਲਦੇਵ ਦੇ ਪਿਤਾ ਜੀ, ਸੁਦਾਮਾ ਮੁੜਿਆ ਹੈ ਜਾਂ ਨਹੀਂ?"

"ਨਹੀਂ, ਕੀ ਗੱਲ ਹੈ?"

"ਚਾਹ-ਪੱਤੀ ਨਹੀਂ ਮਿਲ ਰਹੀ। ਉਹ ਹੁੰਦਾ ਤਾਂ ਬਜ਼ਾਰੋਂ ਲੈ ਆਉਂਦਾ।"

"ਮੈਂ ਲੈ ਆਉਂਦਾ ਹਾਂ ਮਾਤਾ ਜੀ," ਮੈਂ ਜੰਗਲੇ ਕੋਲ ਜਾ ਕੇ ਆਖਦਾ ਹਾਂ।

ਪਿਤਾ ਜੀ ਹੇਠਾਂ ਵਿਹੜੇ ਵਿਚ ਆ ਗਏ ਹਨ। ਮੈਨੂੰ ਵੇਖ ਆਖਦੇ ਹਨ, 'ਮੈਂ ਦਿੰਦਾ ਹਾਂ ਚਾਹ, ਹੇਠਾਂ ਆ, ਚਾਹ ਦਾ ਡੱਬਾ ਲੈ ਜਾ।"

"ਜਾ ਲੈ ਆ ਬੇਟਾ" ਮਾਂ ਮੈਨੂੰ ਕਹਿੰਦੀ ਹੈ, "ਹੁਣ ਤੇਰੇ ਪਿਤਾ ਜੀ ਚਾਹ ਦਾ ਕੰਮ ਕਰਨ ਲੱਗ ਪਏ ਹਨ। ਆਪਣੇ ਕਾਬਲ ਦੇ ਵਿਉਪਾਰੀਆਂ ਨੂੰ ਚਾਹ ਵੇਚਦੇ ਹਨ।"

ਮੈਂ ਛਾਲਾਂ ਮਾਰਦਾ ਹੇਠਾਂ ਆ ਜਾਂਦਾ ਹਾਂ। ਪਿਤਾ ਜੀ ਮੈਨੂੰ ਇਕ ਚਪਟਾ ਜਿਹਾ ਸਫੈਦ ਰੰਗ ਦਾ ਟੀਨ ਦਾ ਡੱਬਾ ਦਿੰਦੇ ਹਨ। ਇਹੋ ਜਿਹਾ ਮੈਂ ਪਹਿਲਾਂ ਕਦੀ ਵੀ ਨਹੀਂ ਵੇਖਿਆ। ਨਾ ਲਾਹੌਰ ਵਿਖੇ ਨਾ ਆਪਣੇ ਸ਼ਹਿਰ ਵਿਚ। ਮੈਂ ਉਸ ਡੱਬੇ ਨੂੰ ਉੱਪਰ ਲੈ ਜਾਂਦਾ ਹਾਂ ਅਤੇ ਉਸ ਨੂੰ ਖੋਲ੍ਹਣ ਲਈ ਵਾਰ ਵਾਰ ਫਰਸ਼ ਉਤੇ ਮਾਰਦਾ ਹਾਂ।

ਉੱਬਲਦੇ ਪਾਣੀ 'ਚ ਪੱਤੀ ਪਾ ਦਿੱਤੀ ਪਰ ਪਾਣੀ ਦਾ ਰੰਗ ਨਹੀਂ ਬਦਲਿਆ। ਹੋਰ ਪੱਤੀ ਪਾਈ ਗਈ, ਪਰ ਫਿਰ ਵੀ ਰੰਗ ਨਹੀਂ ਚੜ੍ਹਿਆ।

"ਸੁਣਦੇ ਓ ਜੀ, ਬਲਦੇਵ ਦੇ ਪਿਤਾ ਜੀ," ਮਾਂ ਨੇ ਜੰਗਲੇ ਕੋਲ ਜਾ ਕੇ ਕਿਹਾ, ਇਹ ਕਿਹੋ ਜਹੀ ਚਾਹ ਤੁਸੀਂ ਭੇਜੀ ਹੈ, ਰੰਗ ਹੀ ਨਹੀਂ ਚੜ੍ਹਦਾ।"

ਹੇਠੋਂ ਉੱਤਰ ਆਉਂਦਾ ਹੈ, 'ਸੰਘਾਈ ਦੀ ਚਾਹ ਐ। ਸਭ ਤੋਂ ਵਧੀਆ ਕਿਸਮ ਦੀ ਚਾਹ ਹੈ, ਇਸ ਵਰਗੀ ਚਾਹ ਤਾਂ ਬਾਜ਼ਾਰ 'ਚ ਕਿਤੇ ਮਿਲਦੀ ਹੀ ਨਹੀਂ।"

"ਪਰ ਰੰਗ ਕਿਉਂ ਨਹੀਂ ਚੜ੍ਹਦਾ।"

"ਚੜ੍ਹਦਾ ਹੈ, ਚੜ੍ਹਦਾ ਕਿਉਂ ਨਹੀਂ?''

“ਆਵ, ਵੇਖ ਲਵੋ, ਮੁੱਠੀ ਭਰਕੇ ਪੱਤੀ ਦੀ ਪਾ ਚੁੱਕੀ ਆਂ, ਫਿਰ ਵੀ ਰੰਗ ਨਹੀਂ ਚੜ੍ਹਦਾ।"

ਪੌੜੀਆਂ ਉਤੇ ਪਿਤਾ ਜੀ ਦੇ ਭਾਰੀ ਪੈਰਾਂ ਦੀ ਆਵਾਜ਼ ਆਉਣ ਲੱਗੀ ਹੈ। ਹੁਣ ਉਹ ਹੌਲੀ ਹੌਲੀ ਪੌੜੀਆਂ ਚੜ੍ਹਦੇ ਆ ਰਹੇ ਹਨ।

"ਲਿਆ, ਏਧਰ ਵਿਖਾ ਤਾਂ ਸਹੀ।" ਫਿਰ ਪਿਤਾ ਉਬਲਦੇ ਪਾਣੀ ਦੇ ਪਤੀਲੇ ਨੂੰ ਵੇਖਦੇ ਰਹਿੰਦੇ ਹਨ, ਫੇਰ ਉਸ ਵਿਚ ਪੱਤੀ ਪਾ ਕੇ ਮਾਂ ਨੂੰ ਆਖਦੇ ਹਨ ਹੁਣ ਇਸ ਨੂੰ ਚੁਲ੍ਹੇ ਤੇ ਰੱਖ ਦੇ।

ਇੰਜ ਤਾਂ ਇਹ ਕੌੜੀ ਹੋ ਜਾਂਦੀ ਐ, ਇੰਜ ਵੀ ਕੋਈ ਚਾਹ ਬਣਾਉਂਦਾ ਹੁੰਦੇ।”

"ਇਹ ਚਾਹ ਮੈਂ ਨਹੀਂ ਪੀਂਦਾ," ਪਾਣੀ ਦੇ ਹਲਕੇ-ਪੀਲੇ ਰੰਗ ਨੂੰ ਵੇਖ ਕੇ ਮੈਂ ਕਹਿੰਦਾ ਹਾਂ।

"ਇਹ ਕੋਈ ਚਾਹ ਐ, ਰੰਗ ਹੀ ਨਹੀਂ ਚੜ੍ਹਦਾ।”

“ਤੈਨੂੰ ਚਾਹ ਚਾਹੀਦੀ ਐ ਜਾਂ ਰੰਗ? ਬਹੁਤ ਵਧੀਆ ਚਾਹ ਹੈ, ਸੰਘਾਈ ਦੀ ਚਾਹ ਹੈ।"

"ਮੈਂ ਨਹੀਂ ਪੀਂਦਾ।”

“ਜੁਆਨ ਮੁੰਡਿਆਂ ਨੂੰ ਚਾਹ ਪੀਣੀ ਵੀ ਨਹੀਂ ਚਾਹੀਦੀ।" ਪਿਤਾ ਜੀ ਹੌਲੀ ਜਿਹੇ ਆਖਦੇ ਹਨ।

ਘਰ ਦਾ ਨਵਾਂ ਨੌਕਰ ਸੁਦਾਮਾ ਪੌੜੀਆਂ ਚੜ੍ਹਕੇ ਆਇਆ ਹੈ। ਵਡੇਰੀ ਉਮਰ ਦਾ ਕਮਜ਼ੋਰ ਜਿਹਾ ਆਦਮੀ ਹੈ। ਮੂੰਹ ਉਤੇ ਵਾਹਵਾ ਵਾਲ ਹਨ ਜਿਵੇਂ ਕਈ ਦਿਨਾਂ ਤੋਂ ਹਜ਼ਾਮਤ ਨਹੀਂ ਕਰਵਾਈ। ਇਕ ਪੈਰ ਪੂਰਬ ਨੂੰ ਤੇ ਦੂਜਾ ਪੱਛਮ ਵੱਲ ਨੂੰ ਚੁੱਕਦਾ ਹੋਇਆ ਆ ਰਿਹਾ ਹੈ। ਪਾਗਲ ਖਾਨੇ ਤੋਂ ਭੱਜਿਆ ਹੋਇਆ ਲਗਦਾ ਹੈ।

ਸੁਦਾਮਾ ਆਉਂਦਿਆਂ ਹੀ ਚਾਹ ਪੱਤੀ ਦਾ ਫੱਕਾ ਮਾਰ ਲੈਂਦਾ ਹੈ। ਅਤੇ ਪੱਤੀਆਂ ਨੂੰ ਮੂੰਹ 'ਚ ਚਬਾਉਂਦਾ ਹੋਇਆ, ਅੱਖਾਂ ਨੂੰ ਗੋਲ ਗੋਲ ਘੁਮਾਂਦਾ ਹੈ। ਇਸ ਮਗਰੋਂ ਉਬਲਦੇ ਪਾਣੀ ਨੂੰ ਵੇਖਦਾ ਹੈ।

"ਹਰੀ ਪੱਤੀ ਹੈ ਜੀ, ਹਰੀ ਪੱਤੀ ਵਾਲੀ ਚਾਹ ਹੈ। ਇਸ ਨੂੰ ਅਸੀਂ ਨਹੀਂ ਪੀਂਦੇ, ਇਸ ਨੂੰ ਤਾਂ ਪਠਾਨ ਬੜੇ ਚਾਅ ਨਾਲ ਪੀਂਦੇ ਹਨ।"

“ਤੁਸੀਂ ਪੀ ਲਵੋਗੇ ਤਾਂ ਤੁਹਾਡਾ ਕੀ ਵਿਗੜ ਜਾਏਗਾ?" ਪਿਤਾ ਜੀ ਔਖੇ-ਭਾਰੇ ਜਿਹੇ ਹੋ ਕੇ ਆਖਦੇ ਹਨ।

"ਮੈਂ ਤਾਂ ਇਹ ਚਾਹ ਪੀਂਦਾ ਨਹੀਂ।" ਮੈਂ ਹੌਲੀ ਕੁ ਜਿਹੇ ਆਖਦਾ ਹਾਂ।

"ਨਹੀਂ ਪੀਣੀ ਤਾਂ ਨਾ ਪੀਓ। ਲਿਆਓ, ਏਧਰ ਫੜਾਓ ਚਾਹ ਦਾ ਡੱਬਾ। ਤੁਸੀਂ ਇਸ ਦੇ ਕਾਬਲ ਨਹੀਂ ਕਿ ਤੁਹਾਨੂੰ ਵਧੀਆ ਚਾਹ ਪੀਣ ਲਈ ਦਿੱਤੀ ਜਾਵੇ।"

ਫੇਰ ਪਿਤਾ ਜੀ ਚਾਹ ਦਾ ਡੱਬਾ ਫੜੀ ਪੌੜੀਆਂ ਉਤਰਨ ਲੱਗੇ। ਸੁਦਾਮਾ ਚਾਹ ਦੀ ਪੱਤੀ ਲੈਣ ਲਈ ਬਾਜ਼ਾਰ ਨੂੰ ਤੁਰ ਪਿਆ। ਮੈਂ ਪਿਤਾ ਜੀ ਦੇ ਦਫ਼ਤਰ 'ਚ ਆ ਕੇ ਫਿਰ ਬੈਠ ਗਿਆ।

ਪਿਤਾ ਜੀ ਨੂੰ ਕੁਝ ਕੁ ਕੁੱਬ ਪੈਣ ਲੱਗ ਪਿਆ ਹੈ। ਟਾਈਪ ਰਾਈਟਰ ਉਤੇ ਅੱਖਰਾਂ ਨੂੰ ਵੇਖਣ ਲਈ ਵੀ ਹੁਣ ਉਨ੍ਹਾਂ ਨੂੰ ਬਹੁਤਾ ਝੁਕਣਾ ਪੈਂਦਾ ਹੈ।

ਮੈਂ ਦਰਵਾਜ਼ੇ ਵੱਲ ਵੇਖਦਾ ਹਾਂ। ਦੇਹਲੀ ਉਡੇ ਤੁਲਸੀ ਖੜ੍ਹਾ ਹੈ। ਦਰਵਾਜ਼ੇ ਦੀ ਚੋਗਾਠ ਨਾਲ ਲੱਗ ਕੇ ਖੜ੍ਹਾ ਉਹ ਮੇਰੇ ਵੱਲ ਵੇਖੀ ਜਾਂਦਾ ਹੈ। ਮੈਨੂੰ ਪਹਿਚਾਨਣ 'ਚ ਕੁਝ ਦੇਰ ਲੱਗੀ। ਮੈਂ ਜਦ ਉਸ ਨੂੰ ਵੇਖਿਆ ਤਾਂ ਉਹਨੇ ਇਕ-ਦਮ ਹੱਥ ਬੰਨ੍ਹ ਲਏ, ਛੋਟੇ ਛੋਟੇ ਦੰਦਾਂ ਉਤੇ ਉਸ ਦੇ ਲਾਲ ਲਾਲ ਮਸੂੜੇ ਚਮਕ ਉਠਦੇ ਹਨ।

"ਤੁਲਸੀ!" ਮੈਂ ਉਠ ਕੇ ਉਸ ਕੋਲ ਜਾਂਦਾ ਹਾਂ ਉਹ ਝੁਕ ਕੇ ਮੇਰੇ ਗੋਡਿਆਂ ਨੂੰ ਹੱਥ ਲਾਉਂਦਾ ਹੈ।

"ਇਹ ਕੀ ਕਰਦੈਂ?" ਮੈਂ ਉਸ ਦੇ ਹੱਥ ਫੜ ਲੈਂਦਾ ਹਾਂ। ਤੁਲਸੀ ਨੇ ਫੇਰ ਆਪਣੇ ਹੱਥ ਬੰਨ੍ਹ ਲਏ। ਮੈਂ ਤੁਲਸੀ ਨਾਲੋਂ ਕਾਫੀ ਲੰਮਾ ਹੋ ਗਿਆ ਹਾਂ, ਉਹ ਅਜੇ ਵੀ ਨਿਗਣਾ ਹੀ ਹੈ। ਉਸ ਦੀਆਂ ਅੱਖਾਂ ਅੰਦਰ ਨੂੰ ਧੱਸ ਗਈਆਂ ਹਨ। ਅਤੇ ਉਸ ਦੇ ਚਿਹਰੇ ਦੀ ਚਮਕ ਲਗ-ਭਗ ਖਤਮ ਹੋ ਗਈ ਹੈ। ਉਸਦੀ ਦਾੜ੍ਹੀ ਵਧੀ ਹੋਈ ਹੈ। ਤੁਲਸੀ,ਵਰ੍ਹਿਆਂ ਪੁਰਾਣੀ ਆਪਣੀ ਆਦਤ ਅਨੁਸਾਰ, ਦਰਵਾਜ਼ੇ ਦੀ ਚੌਗਾਠ ਨਾਲ ਮੋਢਾ ਲਾਈ ਖੜਾ ਹੈ।

ਲਗਦਾ ਜਿਵੇਂ ਸਾਡੇ ਦੋਹਾਂ ਕੋਲ ਕਹਿਣ ਲਈ ਕੁਝ ਵੀ ਨਹੀਂ। ਸਾਨੂੰ ਦੋਹਾਂ ਨੂੰ ਝਿਜਕ ਹੋ ਰਹੀ ਹੈ। ਪਰ ਅਸੀਂ ਦੋਵੇਂ ਵਿਹੜੇ ਵੱਲ ਵਧੀ ਜਾ ਰਹੇ ਹਾਂ।

"ਰਾਜ਼ੀ ਖੁਸ਼ੀ ਓ?" ਹੱਥ ਜੋੜੀ ਉਹ ਮੇਰੇ ਵੱਲ ਇੰਜ ਵੇਖਦਾ ਹੈ, ਜਿਵੇਂ ਉਸ ਦੀ ਨਜ਼ਰ ਕਮਜ਼ੋਰ ਹੋ ਗਈ ਹੋਵੇ।

“ਸਾਡੀ ਭਰਜਾਈ ਦਾ ਕੀ ਹਾਲ ਐ? ਉਹ ਇਥੇ ਹੈ ਜਾਂ ਪਿੰਡ 'ਚ?" ਮੈਂ ਪੁਛਿਆ।

ਪਲ ਭਰ ਲਈ ਉਹ ਚੁੱਪ ਰਹਿੰਦਾ ਹੈ, “ਦੇਵਕੀ ਮਰ ਗਈ ਜੀ, ਬੱਚੇ ਦੇ ਜਨਮ ਸਮੇਂ ਮਰ ਗਈ ਸੀ। ਦੂਜਾ ਬੱਚਾ ਹੋਇਆ ਤਾਂ ਮਰ ਗਈ।" ਤੁਲਸੀ ਅਜੇ ਵੀ ਆਪਣੀਆਂ ਅੰਦਰ ਧੱਸੀਆਂ ਅੱਖਾਂ ਨਾਲ ਵੇਖੀ ਜਾ ਰਿਹਾ ਹੈ। ਉਹ ਰੋਣ ਹਾਕਾ ਜਿਹਾ ਹੋ ਗਿਆ, ਉਸ ਦੀ ਠੋਡੀ ਕੰਬਣ ਲੱਗ ਗਈ। ਉਹ ਆਪਣੀ ਪੱਗ ਦੇ ਪੱਲੇ ਨਾਲ ਅੱਖਾਂ ਪੂੰਝਦਾ ਹੈ। ਜਦ ਮੈਂ ਉਸ ਦੇ ਮੋਢੇ ਉਤੇ ਹੱਥ ਰੱਖਿਆ ਤਾਂ ਉਹ ਉੱਚੀ ਉੱਚੀ ਰੋ ਪਿਆ। ਮੇਰੀ ਜੀਭ ਨੂੰ ਜਿਵੇਂ ਅਧਰੰਗ ਹੋ ਗਿਆ ਹੋਵੇ। ਮੇਰੇ ਮੂੰਹੋਂ ਇਕ ਸ਼ਬਦ ਵੀ ਨਿਕਲ ਨਹੀਂ ਰਿਹਾ।

"ਬੱਚੇ ਕਿੱਥੇ ਹਨ?" ਆਖਿਰ ਮੈਂ ਹੌਲੀ ਜਿਹੇ ਪੁਛਦਾ ਹਾਂ।

“ਦੋਵੇਂ ਹੀ ਪਿੰਡ ਹਨ। ਭਾਈ ਕੋਲ ਹਨ, ਅਮੀ ਚੰਦ ਕੋਲ ਹਨ।

ਉਹ ਫਿਰ ਪੱਗ ਦੇ ਪੱਲੇ ਨਾਲ ਅੱਖਾ ਮੂੰਝ ਕੇ ਮੇਰੇ ਵਲ ਬੜੇ ਹੀ ਸਨੇਹ ਨਾਲ ਵੇਖਦਾ ਹੈ।

“ਮੁੰਡਾ ਤਾਂ ਵਾਹਵਾ ਉਡਾਰ ਹੋ ਗਿਆ ਹੈ, ਸੱਤ-ਸਾਲ ਦਾ ਹੈ, ਕੁੜੀ ਛੋਟੀ ਹੈ।”

“ਨਾਂ ਕੀ ਰੱਖੇ ਹਨ?”

ਉਹ ਥੋੜ੍ਹਾ ਕੁ ਮੁਸਕਰਾ ਕੇ ਜਵਾਬ ਦਿੰਦਾ ਹੈ, 'ਮੁੰਡੇ ਦਾ ਨਾਂ ਵੇਦ ਹੈ, ਕੁੜੀ ਦਾ ਸ਼ਾਂਤੀ!' ਤੁਲਸੀ ਨੇ ਸੰਸਕਾਰਾਂ ਦੇ ਅਨੁਸਾਰ, ਆਰੀਆ-ਸਮਾਜੀ ਨਾਂ ਰੱਖੇ ਹਨ।

"ਮਾਤਾ ਜੀ ਨੇ ਦੱਸਿਆ ਸੀ, ਹੁਣ ਤੂੰ ਦਰਜ਼ੀ ਦਾ ਕੰਮ ਕਰਨ ਲੱਗ ਪਿਆ?"

"ਜੀ, ਦਵਾਈ-ਖਾਨੇ ਵਾਲਿਆਂ ਨੇ ਜਵਾਬ ਦੇ ਦਿਤਾ ਤਾਂ ਵੈਦ ਸੀਤਾ ਰਾਮ ਕੋਲ ਮੈਂ ਕੁਝ ਦੇਰ ਕੰਮ ਕੀਤਾ, ਪਰ ਸਿਰਫ ਦਵਾਈਆਂ ਕੁੱਟਣ ਦਾ ਕੰਮ ਸੀ। ਬਹੁਤ ਕੰਮ ਤਾਂ ਹੈ ਹੀ ਨਹੀਂ ਸੀ, ਉਹ ਪੜ੍ਹਾਉਂਦੇ ਵੀ ਨਹੀਂ ਸਨ।"

"ਦਰਜ਼ੀ ਦਾ ਕੰਮ ਚੰਗਾ ਹੈ?"

ਤੁਲਸੀ ਚੁਪ ਹੈ। "ਮੈਂ ਹੁਣ ਕੁੜਤਾ ਪਾਜਾਮਾ ਤਾਂ ਸਿਉਂ ਲੈਂਦਾ ਹਾਂ। ਬਲਦੇਵ ਜੀ ਨੇ ਇਕ ਦੁਕਾਨ ਦੇ ਚਿੱਤਰੇ ਉਤੇ ਬੈਠਣ ਜੋਗੀ ਥਾਂ ਦਵਾ ਦਿਤੀ ਹੈ। ਮੈਂ ਇਹ ਕੁਝ ਸਿਖਿਆ ਤਾਂ ਨਹੀਂ ਹੈ।" ਫਿਰ ਉਹ ਮੇਰੇ ਕੰਨ ਕੋਲ ਮੂੰਹ ਕਰ ਕੇ ਹੌਲੀ ਹੌਲੀ ਕਹਿੰਦਾ ਹੈ, "ਪਿਤਾ ਜੀ ਨੂੰ ਜੇ ਮੈਂ ਕੁਝ ਕਹਾਂ ਤਾਂ ਨਰਾਜ਼ ਹੋ ਜਾਂਦੇ ਹਨ, ਤੁਸੀਂ ਉਨ੍ਹਾਂ ਨੂੰ ਆਖੋ ਕਿ ਮੈਨੂੰ ਆਪਣੇ ਬੈਂਕ 'ਚ ਚਪੜਾਸੀ ਲਵਾ ਦੇਣ। ਉਹ ਕਰ ਤਾਂ ਦੇਣਗੇ ਪਰ ਤੁਹਾਡੇ ਕਹਿਣ ਨਾਲ ਜਲਦੀ ਕਰ ਦੇਣਗੇ।" ਤੁਲਸੀ ਨੇ ਇਹ ਗੱਲ ਇੰਨੀ ਅਪਣੱਤ ਨਾਲ ਕਹੀ ਜਿਵੇਂ ਉਹ ਘਰ ਦਾ ਹੀ ਮੈਂਬਰ ਹੋਵੇ ਅਤੇ ਪਿਤਾ ਜੀ ਤੋਂ ਆਪਣੀ ਗੱਲ ਮਨਵਾਉਣਾ ਜਾਣਦਾ ਹੋਵੇ।

"ਚਲ ਏਧਰ ਆ ਤੁਲਸੀ, ਇਕ ਮਿੰਟ 'ਚ ਆ ਜਾ।" ਪਿਤਾ ਜੀ ਨੇ ਆਖਿਆ "ਆਹ ਚਿੱਠੀਆਂ ਫੜ੍ਹ, ਭੱਜ ਕੇ ਸਿੱਧਾ ਸ਼ਹਿਰ ਦੇ ਡਾਕਖਾਨੇ 'ਚ ਲੈ ਜਾ। ਜੇ ਉਥੋਂ ਡਾਕ ਨਿਕਲ ਗਈ ਹੋਵੇ ਤਾਂ ਮੂੰਹ ਲਟਕਾਈ ਵਾਪਸ ਘਰ ਨਾ ਮੁੜ ਆਵੀਂ, ਸਿੱਧਾ ਸਟੇਸ਼ਨ ਤੇ ਜਾਈਂ। ਲੈ ਫੜ ਚਿੱਠੀਆਂ।"

ਤੁਲਸੀ ਚਿੱਠੀਆਂ ਲੈ, ਪੈਰਾਂ 'ਚ ਜੁੱਤੀਆਂ ਪਾ ਪਹਿਲਾਂ ਵਾਂਗ ਭੱਜ ਕੇ ਨਿਕਲ ਗਿਆ।

ਗਲੀ 'ਚੋਂ ਕਿਸੇ ਦੇ ਉੱਚੀ ਉੱਚੀ ਬੋਲਣ ਦੀ ਆਵਾਜ਼ ਆਉਣ ਲੱਗੀ ਐ। ਆਵਾਜ਼ ਜਾਣੀ-ਪਹਿਚਾਣੀ ਲਗਦੀ ਹੈ, ਸ਼ਾਇਦ ਦੋ ਆਦਮੀ ਝਗੜ ਰਹੇ ਹਨ।

“ਛੱਡ ਦੇ ਇਸ ਨੂੰ, ਤੂੰ ਬਾਪ ਐਂ ਜਾਂ ਕਸਾਈ।” ਇਹ ਤਾਂ ਮੇਰੇ ਭਰਾ ਦੀ ਆਵਾਜ਼ ਹੈ। ਮੈਂ ਭੱਜ ਕੇ ਦਫ਼ਤਰ ਦੀ ਖਿੜਕੀ ਕੋਲ ਜਾ ਪਹੁੰਚਦਾ ਹਾਂ। ਗਲੀ 'ਚ ਕਿਤੇ ਭਾਈ ਤਾਂ ਦਿੱਸਦਾ ਨਹੀਂ ਪਰ ਉਸ ਦੀ ਆਵਾਜ਼ ਪਹਿਲਾਂ ਨਾਲੋਂ ਵੀ ਬਹੁਤੀ ਉੱਚੀ ਹੋ ਗਈ।

"ਮੈਨੂੰ ਕੀ ਪੁੱਤ ਤਾਂ ਤੇਰਾ ਹੀ ਹੈ, ਵੱਡਾ ਹੋ ਕੇ ਤੇਰਾ ਮੂੰਹ ਵੀ ਨਹੀਂ ਵੇਖਣਾ ਚਾਹੇਗਾ।" ਪਿਤਾ ਜੀ ਦਫ਼ਤਰ ਦੇ ਵਿਚਕਾਰ ਖੜ੍ਹੇ ਹਨ ਅਤੇ ਮਾਂ ਘਬਰਾਈ ਹੋਈ ਹੇਠਾਂ ਆ ਗਈ।

"ਜਿਹੋ ਜਿਹਾ ਬਾਪ, ਉਹੋ ਜਿਹਾ ਪੁੱਤ। ਪਤਾ ਨਹੀਂ ਕਿਸ ਨਾਲ ਉਲਝ ਰਿਹਾ ਹੈ।”

ਮੈਂ ਭੱਜ ਕੇ ਘਰੋਂ ਨਿਕਲਿਆ ਅਤੇ ਗਲੀ 'ਚ ਪਹੁੰਚ ਗਿਆ। ਭਰਾ ਨੇ ਇਕ ਛੋਟੇ ਜਿਹੇ ਮੁੰਡੇ ਨੂੰ ਆਪਣੀਆ ਬਾਹਾਂ 'ਚ ਸਾਂਭਿਆ ਹੋਇਆ ਹੈ। ਉਸਦੇ-ਸਾਹਮਣੇ, ਛੋਟੀ ਜਹੀ ਦਾੜ੍ਹੀ ਵਾਲਾ ਇਕ ਆਦਮੀ, ਜਿਸ ਨੇ ਸਿਰ ਉਤੇ ਰੂਸੀ ਟੋਪੀ ਲਈ ਹੋਈ ਹੈ, ਮੇਰੇ ਭਰਾ, ਨੂੰ ਘੂਰੀ ਜਾ ਰਿਹਾ ਹੈ।

ਸਾਹਮਣੇ ਘਰੋਂ ਮੌਲਵੀ ਇਸਹਾਕ ਦਾ ਪੁਤ ਅਤੇ ਉਸਦਾ ਚਚੇਰਾ ਭਰਾ ਬਾਹਰ ਨਿਕਲ ਆਏ।

“ਬਾਬੂ ਠੀਕ ਆਖਦਾ ਹੈ, ਮਾਸੂਮ ਬੱਚੇ ਨੂੰ ਕਿਉਂ ਕੁੱਟ ਰਹੇ ਹੋ? ਦਾੜ੍ਹੀ ਵਾਲਾ ਪਹਿਲਾਂ ਤਾਂ ਹੈਰਾਨ ਜਿਹਾ ਭਾਈ ਨੂੰ ਘੂਰਦਾ ਹੈ, ਫਿਰ ਹੌਲੀ ਜਿਹੇ ਆਪਣੇ-ਬੱਚੇ ਦਾ ਹੱਥ ਫੜ੍ਹ, ਭਾਈ ਕੋਲੋਂ ਲੈ ਲੈਂਦਾ ਹੈ, "ਚੱਲ ਨਹੀਂ ਮਾਰਦਾ ਬਈ ਪਰ ਹਰਾਮੀ ਕੁਝ ਪੜ੍ਹੇ ਵੀ।”

ਇੰਜ ਉਹ ਬੱਚੇ ਨੂੰ ਆਪਣੇ ਨਾਲ ਨਾਲ ਲਈ ਗਲੀ ਲੰਘਣ ਲੱਗਿਆ।

ਮੈਂ ਭਰਾ ਨੂੰ ਗਲਵੱਕੜੀ ਪਾ ਕੇ ਮਿਲਦਾ ਹਾਂ। ਭਰਾ ਨੇ ਮੁੱਛਾਂ ਮੁਨਾ ਦਿਤੀਆਂ ਹਨ ਅਤੇ ਉਸ ਨੇ ਕੋਟ-ਪਤਲੂਨ ਪਾਈ ਹੋਈ ਹੈ।

'ਚਿੱਠੀ ਕਿਉਂ ਨਹੀਂ ਪਾਈ? ਮੈਂ ਸਟੇਸ਼ਨ ਤੇ ਆਉਂਦਾ।"

ਭਰਾ ਦਾ ਉਤਸ਼ਾਹ ਪਹਿਲਾਂ ਵਾਂਗ ਹੀ ਛਲਕ ਰਿਹਾ ਹੈ।

ਘਰ ਦੇ ਅੰਦਰ ਪੈਰ ਰਖਦਿਆਂ ਹੀ ਉਹ ਮੇਰੇ ਲੱਕ ਦੁਆਲੇ ਹੱਥ ਪਾ ਕਹਿੰਦਾ ਹੈ, "ਆਪਾਂ ਨੇ ਅਬਨਾਸ਼ੀ ਰਾਮ ਦੀਆਂ ਮੁੱਛਾਂ ਉਖਾੜ ਦਿਤੀਆਂ ਨੇ। ਅਜਿਹੀ ਹਾਰ ਦਿਤੀ ਹੈ ਕਿ ਸਾਰੀ ਉਮਰ ਯਾਦ ਰਖੇਗਾ।"

"ਅਬਨਾਸ਼ੀ ਰਾਮ ਕੌਣ ਹੈ?"

ਕਾਲਜ ਦੀ ਪ੍ਰਬੰਧਕ ਕਮੇਟੀ 'ਚ ਦੋ ਪਾਰਟੀਆਂ ਹਨ। ਇਕ ਦਾ ਲੀਡਰ ਅਬਨਾਸ਼ੀ ਰਾਮ ਹੈ। ਹੁਣੇ ਹੀ ਇਥੇ ਕੋਈ ਚੋਣ ਹੋਈ ਹੈ। ਭਰਾ ਉਸ ਚੋਣ ਦੀ ਗੱਲ ਕਰ ਰਿਹਾ ਹੈ।

"ਕੱਲ੍ਹ ਹੀ ਚੋਣ ਹੋ ਕੇ ਹਟੀ ਹੈ। ਚੋਣ ਤੋਂ ਪਹਿਲਾਂ ਜਿਨ੍ਹਾਂ ਲੋਕਾਂ ਦਾ ਚੰਦਾ ਨਹੀਂ ਸੀ ਆਇਆ, ਅਸੀਂ ਘਰ ਘਰ ਜਾ ਕੇ ਚੰਦਾ ਇਕੱਠਾ ਕਰ ਲਿਆਂਦਾ ਅਤੇ ਚੋਣ ਸਮੇਂ ਸਾਰੇ ਪਹੁੰਚ ਗਏ। ਅਬਨਾਸ਼ੀ ਰਾਮ ਦੀ ਸ਼ਕਲ ਵੇਖਣ ਵਾਲੀ ਸੀ।"

ਮੈਂ ਪੁਰਾਣੇ ਦੋਸਤਾਂ ਬਾਰੇ ਪੁੱਛਣਾ ਚਾਹੁੰਦਾ ਹਾਂ।

"ਰਮੇਸ਼ ਕਿਵੇਂ ਹੈ?'

"ਮੌਜਾਂ 'ਚ ਹੈ, ਮੈਂ ਉਸਦੀ ਮੰਗਣੀ ਛੁਡਵਾ ਦਿਤੀ।"

"ਕੀ ਉਸ ਦੀ ਮੰਗਣੀ ਹੋ ਗਈ ਸੀ?"

"ਯਾਰ, ਇਕ-ਥਾਵੇਂ ਮੱਲੋ ਮੱਲੀ ਉਸਦੀ ਮੰਗਣੀ ਕਰ ਰਹੇ ਸਨ। ਉਸ ਦਾ ਚਾਚਾ ਕਿਸੇ ਘਰ 'ਚ ਵਾਇਦਾ ਕਰ ਆਇਆ ਸੀ। ਰਮੇਸ਼ ਉਥੇ ਵਿਆਹ ਨਹੀਂ ਕਰਵਾਉਣਾ ਚਾਹੁੰਦਾ, ਪਰ ਮੂੰਹੋਂ ਬੋਲ ਨਹੀਂ ਸੀ ਸਕਦਾ।"

"ਤੂੰ ਕੀ ਕੀਤਾ?"

“ਇਨ੍ਹਾਂ ਦੇ ਸ਼ਰੀਕੇ ਦਾ ਇਕ ਆਦਮੀ ਹੈ, ਜਿਹੜਾ ਇਸ ਕੰਮ 'ਚ ਕਰਤਾ-ਧਰਤਾ ਸੀ, ਤੂੰ ਤਾਂ ਉਸ ਨੂੰ ਜਾਣਦਾ ਹੀ ਹੋਵੇਂਗਾ, ਮੰਸਾ ਰਾਮ, ਜਿਹੜਾ ਰਾਜਾ-ਬਾਜ਼ਾਰ 'ਚ ਪਰਚੂਨ ਦੀ ਦੁਕਾਨ ਕਰਦੈ। ਮੈਂ ਉਸ ਦੇ ਨਾਂ ਇਕ ਗੁੰਮਨਾਮ ਚਿੱਠੀ ਦਿੱਤੀ ਲਿਖ ਕਿ ਇਹ ਸ਼ਾਦੀ ਨਹੀਂ ਹੋਣੀ ਚਾਹੀਂਦੀ, ਕਿਉਂਕਿ ਮੁੰਡਾ ਨਪੁੰਸਕ ਹੈ। ਕਿਉਂ ਕੁੜੀ ਦੀ ਜ਼ਿੰਦਗੀ ਬਰਬਾਦ ਕਰਨ ਤੇ ਲੱਕ ਬੰਨ੍ਹਿਆ?”

"ਪਰ ਫੇਰ?" ਮੈਂ ਹੱਸ ਕੇ ਪੁਛਿਆ।

"ਪਰ ਉਸ ਨੂੰ ਪਤਾ ਲੱਗ ਗਿਆ ਕਿ ਚਿੱਠੀ ਕਿੱਥੋਂ ਆਈ ਹੈ ਤੇ ਕੀਹਨੇ ਲਿਖੀ ਹੈ। ਮੈਂ ਚਿੱਠੀ ਮੁਨਸ਼ੀ ਹੱਥ ਭੇਜੀ ਸੀ, ਉਹ ਨੂੰ ਪਹਿਚਾਨ ਲਿਆ ਗਿਆ। ਦੂਜੇ ਦਿਨ ਮੰਸਾ ਰਾਮ ਉਲ੍ਹਾਂਭਾ ਦੇਣ ਆ ਗਿਆ। ਪਿਤਾ ਜੀ ਕੋਲ ਆ ਕੇ ਬੜਾ ਗਰਮ ਹੋਇਆ।। ਪਰ ਅਸੀਂ ਡਟੇ ਰਹੇ, ਹੁਣ ਉਸਦੀ ਉਥੇ ਸ਼ਾਦੀ ਨਹੀਂ ਹੁੰਦੀ। ਰਮੇਸ਼ ਬੜਾ ਖੁਸ਼ ਹੈ।”

ਭਰਾ ਦੀਆਂ ਗੱਲਾਂ ਨੇ ਇਸ ਸੁਤੇ ਹੋਏ ਸ਼ਹਿਰ ਨੂੰ ਮੁੜ ਮੇਰੀਆਂ ਨਜ਼ਰਾਂ 'ਚ ਜਗਾ ਦਿੱਤਾ, ਹੁਣ ਇਹ ਸਜੀਵ ਅਤੇ ਪਿਆਰਾ ਜਿਹਾ ਲੱਗਣ ਲੱਗਿਆ। ਇਸ ਦੀਆਂ ਹਨੇਰੀਆਂ ਚੁੱਪ-ਚਾਪ ਗਲੀਆਂ ਵਿਚ ਜ਼ਿੰਦਗੀ ਦੀ ਲਹਿਰ ਜਹੀ ਦੌੜਨ ਲਗੀ ਹੈ।

''ਥੱਕੇ ਹੋ ਤਾਂ ਆਰਾਮ ਕਰੋ। ਸਵੇਰੇ ਮੈਂ ਤੈਨੂੰ ਇਕ ਤਲਾਬ ਉਤੇ ਲੈ ਚੱਲਾਂਗਾ ਉਥੇ ਆਪਾਂ ਤਾਰੀਆਂ ਲਾਵਾਂਗੇ।”

“ਇਥੇ ਤਾਂ ਕੋਈ ਤਲਾਅ ਨਹੀਂ, ਇਥੇ ਕਿਹੜਾ ਤਲਾਅ ਹੈ?"

"ਅਸੀਂ ਇਕ ਲੱਭਿਆ ਹੈ। ਤਪੋਵਨ ਤੋਂ ਲਗਭਗ ਦੋ ਮੀਲ ਅੱਗੇ ਨਿਕਲ ਜਾਈਏ ਤਾਂ ਨਾਲੇ ਦਾ ਪਾਣੀ ਬੜਾ ਸਾਫ਼ ਮਿਲਦਾ ਹੈ। ਉਥੇ ਇਕ ਥਾਵੇਂ ਨਾਲੇ ਦੇ ਆਰ-ਪਾਰ ਇਕ ਸੁੱਕਾ ਦਰਖਤ ਡਿਗਿਆ ਪਿਐ। ਉਸ ਦਰਖਤ ਦੀ ਰੋਕ ਨਾਲ ਪਾਣੀ ਕਾਫ਼ੀ ਡੂੰਘਾ ਹੋ ਗਿਆ ਅਤੇ ਕਿਨਾਰਾ ਵਾਹਵਾ ਉੱਚਾ ਹੈ। ਰਮੇਸ਼ ਤਾਂ ਆਪਨਾ ਨੱਕ ਫੜ੍ਹਕੇ ਉਸ ਵਿਚ ਖੂਬ ਛਾਲਾਂ ਮਾਰਦਾ ਹੈ। ਉਸ ਨੂੰ 'ਡਾਇਵ' ਕਰਨਾ ਨਹੀਂ ਆਉਂਦਾ। ਸਿੱਧੀਆਂ ਛਾਲਾਂ ਮਾਰਦਾ ਹੈ। ਤੈਨੂੰ ਖੂਬ ਮਜ਼ਾ ਆਏਗਾ।”

"ਰਮੇਸ਼ ਵੀ ਚੱਲੇਗਾ?"

"ਨਹੀਂ, ਉਸ ਦੇ ਪੈਰ ਉਤੇ ਸੱਟ ਲੱਗੀ ਹੈ।"

ਭਰਾ ਨੂੰ ਪੁਰਾਣੀ ਗੱਲ ਯਾਦ ਆ ਗਈ, ‘ਇਕ ਬੜੀ ਅਜੀਬ ਗੱਲ ਹੋਈ।” ਉਹ ਜ਼ਰਾ ਕੁ ਸੰਗਦਾ ਹੋਇਆ ਆਖਦਾ ਹੈ। 'ਇਕ ਦਿਨ ਰਮੇਸ਼ ਅਤੇ ਮੈਂ ਤਲਾਅ ਤੋਂ ਥੋੜ੍ਹੀ ਕੁ ਦੂਰ ਕੋਲ ਕੋਲ ਖੜੇ ਸੀ। ਅਲਫ ਨੰਗੇ ਸੀ, ਅਸੀਂ ਉਥੇ ਨੰਗੇ ਨਹਾਉਂਦੇ ਹਾਂ ਕਿਉਂਕਿ ਉਥੇ ਨੇੜੇ ਤੇੜੇ ਤਾਂ ਕੋਈ ਹੁੰਦਾ ਨਹੀਂ। ਇੰਨੇ 'ਚ ਪਿੱਛੋਂ ਕਿਤੋਂ ਇਕ ਮੇਮ ਘੁੰਮਦੀ ਹੋਈ ਆ ਗਈ। ਪਤਾ ਨਹੀਂ ਉਥੇ ਕਿਵੇਂ ਪਹੁੰਚ ਗਈ। ਅਸੀਂ ਦੋਵੇਂ ਡਰਦੇ ਮਾਰੇ ਭੱਜ ਕੇ ਪਾਣੀ 'ਚ ਕੁੱਦ ਪਏ ਪਰ ਰਮੇਸ਼ ਦੇ ਪੈਰ ਉਤੇ ਸੱਟ ਵੱਜੀ।”

“ਤੈਨੂੰ ਵਪਾਰ ਪਸੰਦ ਹੈ?" ਮੈਂ ਭਰਾ ਤੋਂ ਪੁੱਛਿਆ।

"ਨਹੀਂ ਮੈਂ ਵਪਾਰ ਨਹੀਂ ਕਰਨਾ। ਪਰ ਅੱਜਕੱਲ ਅਸੀਂ ‘ਹਰਕ' ਦਾ ਲੱਠਾ ਚਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।”

ਜਦੋਂ ਮੈਨੂੰ ਉਸ ਦੀ ਗੱਲ ਸਮਝ ਨਾ ਪਈ ਤਾਂ ਮੇਰੀ ਉਲਝਣ ਨੂੰ ਵੇਖ ਭਰਾ ਸਮਝਾਉਣ ਲੱਗਦਾ ਹੈ, "ਵੇਖ ਨਾ, ਲੱਠਾ ਤਾਂ ਤੂੰ ਜਾਣਦਾ ਹੀ ਹੈਂ, ਜਿਸ ਦੀਆਂ ਸਲਵਾਰਾਂ ਅਤੇ ਪਜਾਮੇ ਬਣਦੇ ਹਨ। ਇਹ ਲੱਠਾ ਬਹੁਤ ਵਿਕਦਾ ਹੈ। ਤੂੰ ‘ਚਾਬੀ' ਮਾਰਕਾ ਲੱਠਾ ਅਤੇ ‘57' ਮਾਰਕਾ ਲੱਠੇ ਦੇ ਨਾਂ ਸੁਣੇ ਹੋਣਗੇ? ਇਹ ਚਾਲੂ ਮਾਰਕੇ ਹਨ। ਚਾਨਣ ਸ਼ਾਹ ਬਜਾਜ਼ ਕੋਲ ‘57 ਦੇ ਲੱਠੇ ਦੀ ਏਜੰਸੀ ਹੈ।" ਭਰਾ ਦੱਸੀ ਜਾ ਰਿਹਾ ਹੈ। 'ਸਾਡੇ ਕੋਲ 'ਹਰਕ' ਦੇ ਲੱਠੇ ਦੀ ਏਜੰਸੀ ਹੈ।”

"ਹਰਕ ਕੀ ਹੁੰਦਾ ਹੈ?”

"ਹਰਕ' ਮਾਰਕਾ ਹੈ। ਇਕ ਨਾਂ ਹੈ। ਤੈਨੂੰ ਦੱਸਾਂ ਮੈਂ ਕੀ ਕੀਤਾ? ਮੈਂ ਰਮੇਸ਼ ਨੂੰ ਦੋ-ਚਾਰ ਦੁਕਾਨਾਂ ਉਤੇ ਭੇਜ ਦਿੱਤਾ। ਉਹ ਦੁਕਾਨ ਉਤੇ ਜਾਵੇ ਤੇ ਪੁੱਛੇ ਤੁਹਾਡੇ ਕੋਲ ‘ਹਰਕ' ਦਾ ਲੱਠਾ ਹੈ?" ਦੂਜੀ ਦੁਕਾਨ ਤੇ ਜਾ ਕੇ ਵੀ 'ਹਰਕ' ਦੇ ਲੱਠੇ ਬਾਰੇ ਪੁੱਛੇ। ਦੋ-ਚਾਰ ਦਿਨਾਂ ਬਾਦ ਮੈਂ

ਕੁਝ ਹੋਰ ਦੋਸਤਾਂ ਨੂੰ ਫੜਿਆ ਤੇ ਉਨ੍ਹਾਂ ਨੂੰ ਵੀ 'ਹਰਕ' ਲੱਠੇ ਦੀ ਭਾਲ 'ਚ ਭੇਜ ਦਿੱਤਾ। ਦੁਕਾਨਦਾਰਾਂ ਨੂੰ ਇਸ ਲੱਠੇ ਦੇ ਨਾਂ ਦਾ ਤਾਂ ਪਤਾ ਲੱਗ ਗਿਆ, ਪਰ ਬਈ ਆਰਡਰ ਅਜੇ ਵੀ ਕੋਈ ਨਹੀਂ ਦਿੰਦਾ। ਪਰ ਆਸ ਹੈ, ਹੌਲੀ ਹੌਲੀ ਆਰਡਰ ਵੀ ਮਿਲਣ ਲੱਗ ਜਾਣਗੇ।"

"ਤੁਲਸੀ ਘਰ 'ਚ ਹੀ ਰਹਿੰਦਾ ਹੈ?"

"ਹਾਂ, ਕੀ ਤੈਨੂੰ ਮਿਲਿਆ ਨਹੀਂ? '

"ਮਿਲ ਗਿਆ।"

"ਯਾਰ, ਇਸ ਨੂੰ ਕਪੜੇ ਸਿਉਣੇ ਨਹੀਂ ਆਉਂਦੇ। ਕੱਲ ਇਸ ਨੂੰ ਕਿਸੇ ਨੇ ਬਾਜ਼ਾਰ 'ਚ ਕੁੱਟ ਸੁੱਟਿਆ। ਇਹ ਮਾਤਾ ਜੀ ਵਰਗੇ ਹੀ ਕਪੜੇ ਸਿਉਂਦਾ ਹੈ, ਬੱਸ ਕਿਸੇ ਨੇ ਫੜ ਕੇ ਰਾੜ ਦਿੱਤਾ।

ਅੱਛਾ. ਹੁਣ ਤੂੰ ਦੱਸ, ਹਾਕੀ ਖੂਬ ਖੇਡਦਾ ਹੈਂ? ਤੇਰੇ ਪਰਚੇ ਕਿਹੋ ਜਿਹੇ ਹੋਏ ਹਨ? ਸੁਣ! ਚੱਲ ਫਿਰ ਸਾਈਕਲਾਂ ਉਤੇ ਤੂੰ ਤੇ ਮੈਂ ਕੋਹਮਰੀ ਚੱਲੀਏ। ਬੜਾ ਮਜ਼ਾ ਆਏਗਾ।"

"ਉਹ ਤਾਂ ਚਾਲੀ ਮੀਲ ਦੂਰ ਹੈ ਅਤੇ ਪਹਾੜ ਉਤੇ ਹੈ।"

"ਯਾਰ ਕੀ ਐ। ਇਥੋਂ ਛੱਤਰ ਤੱਕ ਸਾਈਕਲਾਂ ਉਤੇ ਚੱਲਾਂਗੇ, ਉਥੋਂ ਕਿਸੇ ਲਾਰੀ 'ਚ ਬੈਠ ਜਾਵਾਂਗੇ ਅਤੇ ਵਾਪਸ ਆਉਂਦੇ ਸਾਈਕਲਾਂ ਉਤੇ ਆਵਾਂਗੇ। ਚਲ ਚਲੀਏ, ਖੂਬ ਮਜ਼ਾ ਆਏਗਾ। ਇਕ ਸਾਈਕਲ ਘਰ ਹੈ, ਦੂਜੀ ਸਾਈਕਲ ਰਮੇਸ਼ ਦੀ ਲੈ ਆਉਂਦੇ ਹਾਂ। ਚਲੋ ਹੁਣੇ ਲੈ ਆਉਂਦੇ ਹਾਂ, ਅਜੇ ਤਾਂ ਕੋਈ ਬਹੁਤਾ ਕੁਵੇਲਾ ਨਹੀਂ ਹੋਇਆ। ਚੰਗਾ ਤੂੰ ਬੈਠ, ਮੈਂ ਲੈ ਆਉਂਦਾ ਹਾਂ।......

ਅਤੇ ਰਮੇਸ਼ ਦੀ ਸਾਈਕਲ ਲੈਣ ਘਰੋਂ' ਨਿਕਲ ਤੁਰਿਆ......।

0

ਜ਼ਿੰਦਗੀ ਦੀ ਅਸਲ ਦੌੜ ਕਿੱਥੋਂ ਸ਼ੁਰੂ ਹੁੰਦੀ ਹੈ, ਕਿਹੜਾ ਮੋੜ ਕੱਟਣ ਨਾਲ ਬਚਪਨ ਪਿੱਛੇ ਰਹਿ ਜਾਂਦਾ ਹੈ ਅਤੇ ਜੁਆਨੀ ਸ਼ੁਰੂ ਹੋ ਜਾਂਦੀ ਹੈ? ਕੌਣ ਕਹਿ ਸਕਦਾ ਹੈ ਕਿ ਇਸ ਮੋੜ ਦੇ ਪਿੱਛੇ ਜਿਹੜਾ ਵੀ ਕੁਝ ਸੀ ਉਹ ਧੁੰਦਲਾ, ਮਟਮੈਲਾ ਅਤੇ ਮਹੱਤਵਹੀਨ ਸੀ, ਥੋਲੋੜਾ ਸੀ ਪਰ ਜੋ ਕੁਝ ਅੱਗੇ ਹੋਊਗਾ ਉਹ ਬਿਲਕੁਲ ਸਾਫ਼ ਅਤੇ ਮਹੱਤਵਪੂਰਣ ਹੋਵੇਗਾ? ਕੀ ਬਚਪਨ 'ਚ ਮਿੱਟੀ ਉਡਦੀ ਰਹਿੰਦੀ ਹੈ ਅਤੇ ਇਹ ਜੁਆਨੀ 'ਚ ਨਹੀਂ ਉਡਦੀ। ਕੀ ਇਹ ਮਿੱਟੀ-ਘੱਟਾ ਸਾਰੀ ਉਮਰ ਹੀ ਉਡਦਾ ਰਹਿੰਦਾ ਹੈ?

ਮੈਂ ਵਪਾਰ ਦੇ ਧੰਦੇ 'ਚ ਰੁੱਝਣ ਲੱਗਾ ਹਾਂ। ਬੇਤਰਤੀਬੇ ਚਿੱਤਰ ਅੱਖਾਂ ਸਾਹਮਣੇ ਸਾਫ਼ ਹੋਣ ਲੱਗੇ ਹਨ। ਮੈਂ ਇਕ ਕਲਰਕ ਨਾਲ ਬੈਂਕ 'ਚ ਬੈਠਾ ਹਾਂ। ਕਲਰਕ ਮੈਨੂੰ ਦੱਸ ਰਿਹਾ ਹੈ ਕਿ ਕੈਸ਼-ਬੁਕ ਕਿਵੇਂ ਰੱਖੀ ਜਾਂਦੀ ਹੈ ਕਲਰਕ ਗੋਰੇ ਰੰਗ ਵਾਲਾ ਗੱਭਰੂ ਹੈ ਪਰ ਮੈਥੋਂ ਛੋਟਾ ਹੈ, ਉਹ ਬੜੀ ਫੁਰਤੀ ਨਾਲ ਕੰਮ ਕਰਦਾ ਹੈ। ਚਪੜਾਸੀ ਡੀ. ਓ. ਦੇ ਜਾਂਦਾ ਹੈ ਅਤੇ ਉਹ ਮਿੰਟਾਂ 'ਚ ਕੈਸ਼-ਬੁਕ ’ਚ ਚੜ੍ਹਾ ਲੈਂਦਾ ਹੈ। ਕਾਗਜ਼ ਮਿਲਣ ਦੇ ਕੁਝ ਕੁ ਪਲਾਂ ਮਗਰੋਂ ਹੀ ਉਸ ਉਤੇ ਲਾਲ ਲਕੀਰ ਲਾ ਦਿੱਤੀ ਜਾਂਦੀ ਹੈ। ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ। ਬੈਂਕ ਦਾ ਕੰਮ ਜ਼ਰੂਰ ਸਿੱਖੋ, ਇਸ ਨਾਲ ਤੁਹਾਨੂੰ ਵਪਾਰ 'ਚ ਲਾਭ ਹੋਵੇਗਾ।" ਪਿਤਾ ਜੀ ਕਹਿੰਦੇ ਹਨ। ਕਲਰਕ ਦਾ ਮੇਰੇ ਨਾਲ ਵਤੀਰਾ ਬੜਾ ਹੀ ਆਦਰ ਭਰਿਆ ਹੈ, ਕਿਉਂਕਿ ਮੈਂ ਇੱਥੋਂ ਮੁਲਾਜ਼ਮ ਨਹੀਂ।

ਪਿੱਛੋਂ ਕਿਸੇ ਦੀ ਆਵਾਜ਼ ਸੁਣਾਈ ਦਿੰਦੀ ਹੈ, ‘‘ਮੈਂ ਝੂਠ ਨਹੀਂ ਬੋਲਦਾ, ਮੈਂ ਕਦੇ ਵੀ ਝੂਠ ਨਹੀਂ ਬੋਲਦਾ।" ਆਵਾਜ਼ ਜਾਣੀ ਪਹਿਚਾਣੀ ਹੈ, ਉੱਚੀ ਅਤੇ ਭਾਰੀ। ਮੈਂ ਥੋੜ੍ਹਾ ਕੁ ਘੁੰਮ ਕੇ ਵੇਖਦਾ ਹਾਂ, ਤੁਲਸੀ ਹੈ। ਪਰ ਫਿਰ ਮੈਂ ਸਿੱਧਾ ਬੈਠ ਜਾਂਦਾ ਹਾਂ। ਮੈਂ ਜਾਣਦਾ ਹਾਂ, ਉਹ ਇੱਥੇ ਕੰਮ ਕਰਦਾ ਹੈ, ਪਰ ਮੇਰੀ ਇੱਛਾ ਹੈ ਕਿ ਮੈਨੂੰ ਉਹ ਇਥੇ ਵੇਖ ਨਾ ਲਵੇ।

“ਬਾਬੂ ਜੀ, ਤੁਸੀਂ ਮੇਰੇ ਉਤੇ ਝੂਠਾ ਦੋਸ਼ ਲਾਉਂਦੇ ਹੋ, ਮੈਂ ਕਦੇ ਵੀ ਝੂਠ ਨਹੀਂ ਬੋਲਦਾ।” ਆਵਾਜ਼ ਪਹਿਲਾਂ ਨਾਲੋਂ ਬਹੁਤੀ ਉੱਚੀ ਤੇ ਖਰ੍ਹਵੀ ਹੈ। ਜੀ ਕਰਦਾ ਹੈ ਤੁਲਸੀ

ਵਲ ਜਾਵਾਂ, ਪੁੱਛਾਂ ਕੀ ਗੱਲ ਹੈ, ਪਰ ਮੈਂ ਮੇਜ਼ ਉਤੇ ਸਿਰ ਝੁਕਾ ਕੇ ਉਵੇਂ ਦਾ ਉਵੇਂ ਹੀ ਬੈਠਾ ਰਹਿੰਦਾ ਹਾਂ, ਹਾਂ ਕੰਨ ਜ਼ਰੂਰ ਉਧਰ ਲੱਗੇ ਹੋਏ ਹਨ।

"ਓਏ ਤੁਲਸੀ ਰਾਮ!" ਕਿਸੇ ਕਲਰਕ ਦੀ ਆਵਾਜ਼ ਹੈ, ਫਿਰ ਕੁਰਸੀ ਘੜੀਸਨ ਦੀ ਆਵਾਜ਼ ਆਉਂਦੀ ਹੈ, ਫ਼ਰਸ਼ ਉਤੇ ਜਲਦੀ ਜਲਦੀ ਤੁਰਨ ਦੀ ਆਵਾਜ਼ ਸੁਣਾਈ ਦਿੰਦੀ ਹੈ।

"ਇਹ ਕੀ ਕਰ ਰਿਹੈ? ਰੋਕੋ ਯਾਰ ਇਸ ਨੂੰ, ਇਹ ਕਿਹੋ ਜਿਹਾ ਆਦਮੀ ਪੱਲੇ ਪੈ ਗਿਆ।"

ਮੈਥੋਂ ਰਿਹਾ ਨਾ ਗਿਆ। ਮੈਂ ਸਿਰ ਘੁੰਮਾ ਕੇ ਪਿੱਛੇ ਵੇਖਦਾ ਹਾਂ। ਤੁਲਸੀ ਦੀ ਪਿੱਠ ਮੇਰੇ ਵੱਲ ਹੈ, ਇਸ ਕਾਰਣ ਉਹ ਮੇਰੇ ਵੱਲ ਨਹੀਂ ਵੇਖ ਸਕਦਾ। ਤੁਲਸੀ ਦਾ ਮੂੰਹ ਟੇਡਾ ਹੋ ਕੇ ਆਪਣੀ ਬਾਂਹ ਉਤੇ ਝੁਕਿਆ ਹੋਇਆ ਹੈ। ਇਹ ਅੰਦਾਜ਼ ਵੀ ਕੋਈ ਨਵਾਂ ਨਹੀਂ। ਵਰ੍ਹਿਆਂ ਪਹਿਲਾਂ ਵੇਖਿਆ ਸੀ। ਮੇਰਾ ਰੋਮ-ਰੋਮ ਕੰਬ ਉਠਦਾ ਹੈ। ਤੁਲਸੀ ਰਾਮ ਨੇ ਕੁੜਤੇ ਦੀ ਬਾਂਹ ਚੁੱਕ ਕੇ ਆਪਣੀ ਵੀਣੀ 'ਚ ਦੰਦ ਗੱਡ ਲਏ ਹਨ। ਕਲਰਕ ਜਿਹੜਾ ਕੁਰਸੀ ਤੋਂ ਉੱਠ ਕੇ ਹੁਣੇ ਹੁਣੇ ਆਇਆ ਹੈ, ਉਸ ਦੇ ਦੰਦਾਂ 'ਚੋਂ ਵੀਣੀ ਨੂੰ ਛੁਡਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਤੁਲਸੀ ਆਪਣੀ ਦੰਦੀ ਨਹੀਂ ਛੱਡ ਰਿਹਾ। ਤੁਲਸੀ ਦੀਆਂ ਅੱਖਾਂ ਉਤੇ ਐਨਕ ਹੈ, ਜਿਸ ਨੂੰ ਇਕ ਪਾਸਿਓਂ ਧਾਗੇ ਨਾਲ ਕੰਨ ਦੇ ਆਲੇ-ਦੁਆਲੇ ਬੰਨ੍ਹਿਆ ਹੋਇਆ ਹੈ।

“ਬਾਂਹ ਨੂੰ ਵੱਢ ਖਾਏਗਾ ਯਾਰ, ਇਸ ਨੂੰ ਹਟਾਓ, ਮੈਨੇਜਰ ਸਾਹਿਬ ਨੂੰ ਸੱਦ ਲਿਆਓ।”

"ਤੁਲਸੀ ਛੱਡ ਦੇ, ਛੱਡ ਦੇ ਤੁਲਸੀ, ਮੈਂ ਤਾਂ ਤੈਨੂੰ ਕੁਝ ਨਹੀਂ ਆਖਿਆ।"

ਤੁਲਸੀ ਬਾਂਹ ਛੱਡ ਦਿੰਦਾ ਹੈ। ਉਸ ਦੇ ਬੁੱਲ੍ਹਾਂ ਉਤੇ ਲਹੂ ਲੱਗਿਆ ਹੋਇਆ ਹੈ। ਚਿਹਰਾ ਭਖਿਆ ਹੋਇਆ ਹੈ। ਤੁਲਸੀ ਮੇਰੇ ਵੱਲ ਨਹੀਂ ਵੇਖਦਾ, ਉਹ ਕਿਸੇ ਪਾਸੇ ਵੱਲ ਵੀ ਨਹੀਂ ਵੇਖ ਰਿਹਾ, ਆਪਣੇ ਹਉਕਿਆਂ ਨੂੰ ਦਬਾਉਂਦਾ ਹੋਇਆ ਉਹ ਬਾਹਰ ਖਜਾਨਚੀ ਦੇ ਕੰਬਿਨ ਕੋਲ ਚਲਿਆ ਗਿਆ ਅਤੇ ਜ਼ਮੀਨ ਤੇ ਬੈਠ ਗੋਡਿਆ 'ਚ ਸਿਰ ਦੇ ਰੋਣ ਲੱਗ ਪਿਆ। ਮੁੜ੍ਹਕੇ ਨਾਲ ਭਿੱਜੀ ਖਾਕੀ ਕਮੀਜ਼ ਵਿਚ ਉਸ ਦੇ ਮੋਢੇ ਵਾਹ ਵਾਹ ਹਿੱਲ ਰਹੇ ਹਨ। ਮੈਂ ਅਜੇ

ਵੀ ਮੇਜ਼ ਨਾਲ ਲੱਗਿਆ ਬੈਠਾ ਹਾਂ। ਨਹੀਂ, ਮੈਨੂੰ ਤੁਲਸੀ ਕੋਲ ਨਹੀਂ ਜਾਣਾ ਚਾਹੀਦਾ, ਉਹ ਝੇਂਪ ਜਾਏਗਾ ਪਰੇਸ਼ਾਨ ਹੋਵੇਗਾ ਅਤੇ ਹੀਣ ਮਹਿਸੂਸ ਕਰੇਗਾ।

ਮੇਰੇ ਪਿੱਛੇ ਬੈਠੇ ਕਲਰਕ ਹੱਸ ਰਹੇ ਹਨ।

"ਮੈਂ ਇਸਨੂੰ ਕੁਝ ਨਹੀਂ ਆਖਿਆ। ਬੱਸ ਇੰਨਾ ਪੁਛਿਆ, ਤੂੰ ਅਸਾਮੀ ਨੂੰ ਬਿਲਟੀ ਵਿਖਾਉਣ ਗਿਆ ਵੀ ਸੀ ਜਾ ਨਹੀਂ?" ਬੱਸ ਇੰਨੇ 'ਚ ਇਹਨੇ ਬਾਂਹ 'ਚ ਦੰਦ ਗੱਡ ਲਏ!

"ਪਾਗਲ ਐ ਯਾਰ।”

ਹੌਲੀ ਹੌਲੀ ਵਾਰਤਾਲਾਪ ਠੰਡਾ ਪੈਂਦਾ ਜਾਂਦਾ ਹੈ ਅਤੇ ਕਲਰਕਾਂ ਦੀਆਂ ਕਲਮਾਂ ਦੇ ਚਲਣ ਦੀ ਆਵਾਜ਼ ਆਉਣ ਲੱਗ ਪਈ। ਤੁਲਸੀ ਅਜੇ ਵੀ ਖਜ਼ਾਨਚੀ ਦੇ ਕੈਬਿਨ ਕੋਲ ਇਕ ਪਾਸੇ ਜਮੀਨ ਤੇ ਗੋਡਿਆਂ 'ਚ ਸਿਰ ਦਬਾਈ ਬੈਠਾ ਹੈ।

"ਤੁਲਸੀ! ਓ ਤੁਲਸੀ!" ਕਿਤੋਂ ਆਵਾਜ਼ ਆਈ ਹੈ। ਮੈਂ ਸਿਰ ਉਤਾਂਹ ਚੁੱਕ ਵੇਖਦਾ ਹਾਂ।

"ਤੁਲਸੀ ਉੱਠ, ਇਕ ਗਿਲਾਸ ਪਾਣੀ ਲੈ ਆ।”

ਖਜ਼ਾਨਚੀ ਆਪਣੇ ਕੈਬਿਨ 'ਚੋਂ ਅੱਗੇ ਵੱਲ ਝੁਕ ਕੇ ਤੁਲਸੀ ਨੂੰ ਕਹਿ ਰਿਹਾ ਹੈ।

ਤੁਲਸੀ ਸਿਰ ਚੁੱਕਦਾ ਹੈ।

“ਉਠ, ਇਕ ਗਿਲਾਸ ਪਾਣੀ ਲੈ ਆ।” ਉਸ ਨੇ ਫਿਰ ਆਖਿਆ। "ਇਹ ਬੂਥਾ ਕਿਉਂ ਸੁੱਜਿਐ ਤੇਰਾ? ਕੀ ਗੱਲ ਹੋਈ? ਹੱਥ-ਪੈਰ ਹਿਲਾਇਆ ਕਰ, ਚੁਸਤੀ ਤੋਂ ਕੰਮ ਲਿਆ ਕਰ!"

ਤੁਲਸੀ ਚੁੱਪ-ਚਾਪ ਖੜ੍ਹਾ ਹੋ ਸਾਹਮਣੇ ਕੰਧ ਕੋਲ ਰੱਖੇ ਤਿੰਨ ਘੜਿਆਂ ਵੱਲ ਵੱਧਦਾ ਹੈ।

“ਗਿਲਾਸ ਨੂੰ ਚੰਗੀ ਤਰ੍ਹਾਂ ਧੋ ਲਈਂ।” ਖਜ਼ਾਨਚੀ ਮੁੜ ਆਖਦਾ ਹੋਇਆ ਆਪਣੇ ਰਜਿਸਟਰ ਉਤੇ ਝੁਕ ਜਾਂਦਾ ਹੈ।

ਤੁਲਸੀ ਪਾਣੀ ਦਾ ਗਿਲਾਸ ਚੁੱਕੀ ਖਜ਼ਾਨਚੀ ਵੱਲ ਜਾ ਰਿਹਾ ਹੈ। ਮੈਂ ਫਿਰ ਸਿਰ ਨੀਵਾਂ ਕਰ ਲੈਂਦਾ ਹਾਂ ਅਤੇ ਹੱਥ ਨੂੰ ਮੂੰਹ ਅੱਗੋਂ ਕਰ ਲੈਂਦਾ ਹਾਂ ਤਾਂ ਕਿ ਤੁਲਸੀ ਮੈਨੂੰ ਪਹਿਚਾਣ ਨਾ ਲਵੇ।...

0

ਰਸੋਈ ਘਰ ਤੋਂ ਬਾਹਰ ਰਖੇ ਮੇਜ਼ ਉਤੋਂ ਘਰ ਦਾ ਛੋਟਾ ਜਿਹਾ ਟੱਬਰ, ਰੋਟੀ ਖਾ ਕੇ ਉਠ ਗਿਆ ਹੈ। ਹੁਣ ਅਸੀਂ ਰਸੋਈ ਦੀ ਥਾਵੇਂ ਮੇਜ਼ ਉਤੇ ਖਾਣਾ ਖਾਂਦੇ ਹਾਂ। ਅੱਜ ਵਿੱਦਿਆ ਭੈਣ ਆਪਣੇ ਦੋ ਬੱਚਿਆਂ ਨਾਲ ਆਈ ਹੋਈ ਹੈ। ਉਹ ਕੁਝ ਦਿਨ ਇੱਥੇ ਰਹੇਗੀ। ਵਿਦਿਆ ਦਾ ਵੱਡਾ ਮੁੰਡਾ ਪੰਜ ਵਰਿਆਂ ਦਾ ਹੋ ਚਲਿਆ ਹੈ। ਕਿਲਕਾਰੀਆਂ ਮਾਰਦਾ ਕਦੇ ਮੇਜ਼ ਦੇ ਆਲੇ-ਦੁਆਲੇ ਭੱਜਿਆ ਫਿਰਦਾ ਅਤੇ ਆਖਦਾ ਹੈ, ਮੈਨੂੰ ਫੜ੍ਹ ਲਓ ਮੈਨੂੰ ਫੜ੍ਹ ਲਓ। ਕਦੇ ਕਦੇ ਲੁਕਣ-ਮੀਚੀ ਵਾਂਗ ਮੇਜ਼ ਹੇਠਾਂ ਬੈਠ ਜਾਂਦਾ ਹੈ, ਤੇ ਕਹਿੰਦਾ ਹੈ, ਮੈਨੂੰ ਲੱਭੋ, ਮੈਂ ਕਿੱਥੇ ਹਾਂ?" ਪਿਤਾ ਜੀ ਨੇ ਉਸਨੂੰ ਪੜ੍ਹਾਉਣ ਲਈ ਉਸੇ ਪੰਡਤ ਜੀ ਨੂੰ ਰੱਖ ਦਿੱਤਾ ਹੈ, ਜਿਹੜਾ ਸਾਨੂੰ ਹਿੰਦੀ ਸੰਸਕ੍ਰਿਤ ਪੜ੍ਹਾਇਆ ਕਰਦਾ ਸੀ।

ਪਰ ਇਨ੍ਹਾਂ ਦਿਨਾਂ ਵਿਚ ਘਰ ਵਿਚ ਤਨਾਓ ਹੈ। ਘਰ ਦਾ ਵਾਤਾਵਰਣ ਬਹੁਤ ਦਿਨਾਂ ਤੋਂ ਭਾਰੀ ਭਾਰੀ ਬਣਿਆ ਹੋਇਆ ਹੈ। ਮੈਨੂੰ ਡਰ ਲੱਗ ਰਿਹਾ ਹੈ, ਪਤਾ ਨਹੀਂ ਹੁਣ ਕੀ ਹੋਵੇਗਾ। ਰਸੋਈ ਦੇ ਬਾਹਰਲੇ ਪਾਸੇ ਮਾਂ ਭੈਣ ਨਾਲ ਹੌਲੀ ਹੌਲੀ ਗੱਲਾਂ ਕਰਦੀ ਹੈ। ਇਹ ਘੁਰ-ਘੁਰ ਵੀ ਘਰ ਵਿਚ ਦਿਨਾਂ ਤੋਂ ਚਲ ਰਹੀ ਹੈ। ਕਦੇ ਮਾਂ ਅਤੇ ਪਿਤਾ ਜੀ ਇਕ ਪਾਸੇ ਬੈਠੇ ਗੱਲਾਂ ਕਰਦੇ ਹਨ, ਕਦੇ ਮਾਂ ਤੇ ਭਰਾ ਅਤੇ ਕਦੇ ਭਰਾ ਅਤੇ ਪਿਤਾ ਜੀ।

ਭਰਾ ਅਤੇ ਪਿਤਾ ਜੀ ਪਿਛਲੇ ਕਮਰੇ 'ਚ ਚਲੇ ਗਏ। ਉਨ੍ਹਾਂ ਵਿਚ ਫਿਰ ਬਹਿਸ ਹੋਣ ਲੱਗ ਪਈ। ਕਿੰਨੇ ਦਿਨਾਂ ਤੋਂ ਪਿਤਾ ਜੀ ਕਦੇ ਕੋਈ ਦਲੀਲ ਦੇ ਕੇ ਅਤੇ ਕਦੇ ਕੋਈ ਦਲੀਲ ਦੇ ਕੇ ਭਰਾ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਹ ਮੰਨਦਾ ਨਹੀਂ। ਝਗੜਾ

ਇਕ ਹੀ ਗੱਲ ਦਾ ਹੈ। ਭਰਾ ਇਥੋਂ ਵਪਾਰ ਛੱਡ ਕੇ, ਬਾਹਰ ਕਿਸੇ ਦੂਜੇ ਸ਼ਹਿਰ 'ਚ ਜਾਣਾ ਚਾਹੁੰਦਾ ਹੈ, ਪਿਤਾ ਜੀ ਉਸ ਨੂੰ ਇਸ ਤੋਂ ਰੋਕ ਰਹੇ ਹਨ।

ਪਿਤਾ ਜੀ ਨੇ ਮੈਨੂੰ ਸੱਦਿਆ ਹੈ, "ਜਾ, ਹੇਠੋਂ ਕਾਲੇ ਰੰਗ ਦਾ ਵੱਡਾ ਲੈਜਰ ਚੁੱਕ ਲਿਆ।" ਉਨ੍ਹਾਂ ਆਖਿਆ।

"ਮੈਨੂੰ ਸਾਰਾ ਕੁਝ ਪਤੈ ਪਿਤਾ ਜੀ, ਉਸ ਵਿਚ ਕੀ ਲਿਖਿਆ ਹੋਇਆ ਹੈ। ਮੈਥੋਂ ਕੁਝ ਵੀ ਭੁੱਲਿਆ ਨਹੀਂ," ਭਰਾ ਨੇ ਖਿੱਝ ਕੇ ਆਖਿਆ।

ਮੈਂ ਲੈਜਰ ਚੁੱਕ ਲਿਆਇਆ। ਪਿਤਾ ਜੀ ਲੈਜਰ ਖੋਲ੍ਹਕੇ ਮੈਨੂੰ ਕਹਿੰਦੇ ਹਨ, "ਇਹ ਪੜ੍ਹ ਕੀ ਲਿਖਿਐ?"

"ਮੈਨੂੰ ਪਤਾ ਹੈ ਪਿਤਾ ਜੀ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।" ਭਰਾ ਨੇ ਮੂੰਹ-ਫੇਰਕੇ ਆਖਿਆ। ਮੈਂ ਲੈਜਰ ਦੇ ਪਿੱਛੇ ਖੜਾ ਉਸ ਨੂੰ ਪੜ੍ਹਦਾ ਹਾਂ। ਪਿਤਾ ਜੀ ਦੀ ਉਂਗਲ ਇਕ ਇਕ ਸਤਰ ਦੇ ਹੇਠਾਂ ਫਿਰਦੀ ਹੈ।

"ਹੈਰੀਸਨ ਐਂਡ ਕਰਾਸ ਫੀਲਡ, ਮਾਰਚ, 1550 ਰੁਪਏ, ਅਪਰੈਲ 2100 ਰੁਪਏ, ਮਈ 600 ਰੁਪਏ, ਜੂਨ 1100 ਰੁਪਏ।

"ਇਹ ਸਿਰਫ਼ ਇਕ ਫਰਮ ਦਾ ਕਮਿਸ਼ਨ ਹੈ।'" ਪਿਤਾ ਜੀ ਆਖਦੇ ਹਨ ਅਤੇ ਲੈਜਰ ਦਾ ਦੂਜਾ ਪੰਨਾ ਪਲਟਾਉਂਦੇ ਹਨ। ਮੈਂ ਪੜ੍ਹਦਾ ਹਾਂ, 'ਜੇਕਬ ਬੇਰਨਸ ਐਂਡ ਸਨਜ਼ ਅਪਰੈਲ, 401 ਰੁਪਏ. ਮਈ 130 ਰੁਪਏ।"

"ਇਸ ਦਾ ਕੋਈ ਲਾਭ ਨਹੀਂ ਪਿਤਾ ਜੀ, ਮੈਨੂੰ ਸਾਰਾ ਪਤੇ।"

ਭਾਈ ਵਿਚੋਂ ਹੀ ਬੋਲ ਪੈਂਦਾ ਹੈ।

"ਵਪਾਰ ਦਾ ਵੀ ਕੋਈ ਅਖੀਰ ਐ?"

ਕਪੜੇ ਅਤੇ ਚਾਹ ਦਾ ਵਪਾਰ ਨਹੀਂ ਕਰਨਾ ਚਾਹੁੰਦਾ ਤਾਂ ਕਿਸੇ ਹੋਰ ਚੀਜ਼ ਦਾ ਕਰ ਲੈ। ਬਾਜ਼ਾਰ ਵਿਚ ਮੇਰੀ ਤੀਹ ਸਾਲ ਦੀ ਪੜ੍ਹਤ ਹੈ, ਮੈਂ ਵੀਹ ਥਾਵੇਂ ਚਿੱਠੀਆਂ ਲਿਖ ਕੇ ਤੈਨੂੰ ਏਜੰਸੀਆ ਲੈ ਦੇਵਾਂਗਾ, ਤੂੰ ਘਬਰਾਉਂਦਾ ਕਿਉਂ ਐਂ?”

"ਮੈਂ ਘਬਰਾਉਂਦਾ ਨਹੀਂ, ਮੇਰਾ ਮਨ ਹੁਣ ਵਪਾਰ ’ਚ ਹੈ ਹੀ ਨਹੀਂ, ਮੈਂ ਵਪਾਰ ਨਹੀਂ ਕਰਨਾ।"

"ਤੈਨੂੰ ਇਤਰਾਜ ਕੀ ਹੈ?" ਪਿਤਾ ਜੀ ਹੱਸ ਕੇ ਪੁੱਛਦੇ ਹਨ।

ਪਿਤਾ ਜੀ ਆਪਣੀ ਦਲੀਲ ਕਦੇ ਪਿਆਰ ਨਾਲ, ਕਦੇ ਖਿੱਝ ਕੇ, ਕਦੇ ਕਈ ਤਰ੍ਹਾਂ ਦੇ ਤਰਲੇ ਕਰਕੇ ਪੇਸ਼ ਕਰਦੇ ਹਨ।

ਮੈਨੂੰ ਇਤਰਾਜ਼ ਤਾਂ ਕੋਈ ਨਹੀਂ, ਪਰ ਮੈਂ ਵਪਾਰ ਨਹੀਂ ਕਰਦਾ।”

"ਜੇ ਇਥੇ ਨਹੀਂ ਕਰਨਾ ਚਾਹੁੰਦਾ ਤਾਂ ਕਿਸੇ ਦੂਜੇ ਸ਼ਹਿਰਾਂ 'ਚ ਦਫ਼ਤਰ ਖੋਲ੍ਹ ਲੈ।"

ਭਰਾ ਨੇ ਚੁੱਪ-ਚਾਪ ਸਿਰ ਹਿਲਾ ਦਿੱਤਾ।

"ਵਪਾਰ ਜਿੰਨਾ ਵਧਾਣਾ ਚਾਹੋ, ਵੱਧ ਸਕਦਾ ਹੈ, ਮੈਂ ਤਾਂ ਇਕੱਲਾ ਸੀ, ਗਰੀਬ ਸੀ ਮੇਰੀ ਤਾਂ ਮਦਦ ਕਰਨ ਵਾਲਾ ਕੋਈ ਨਹੀਂ ਸੀ. ਤੈਨੂੰ ਕਿਸ ਗੱਲ ਦੀ ਘਾਟ ਹੈ?"

ਮੈਨੂੰ ਪਤਾ ਹੈ, ਗੱਲ ਹੌਲੀ ਹੌਲੀ ਵੱਧ ਜਾਵੇਗੀ। ਇਹ ਦੋਵੇਂ ਕਿਉਂ ਇਕ ਹੀ ਗੱਲ ਨੂੰ ਰਟੀ ਜਾ ਰਹੇ ਹਨ?

"ਕੁਝ ਅਜਿਹੇ ਹਨ ਜਿਹੜੇ ਮਾਵਾਂ ਨੂੰ ਤਰਸਦੇ ਹਨ, ਪਰ ਕਈ ਉਹ ਵੀ ਹਨ ਜਿਨ੍ਹਾਂ ਨੂੰ ਮਤਰੇਈ ਮਾਂ ਵੀ ਨਹੀਂ ਮਿਲਦੀ।"

ਪਿਤਾ ਜੀ ਆਖਦੇ ਹਨ। ਪਿਤਾ ਜੀ ਦੇ ਇਸ ਵਾਕ ਦੀ ਮੈਨੂੰ ਕਦੀ ਵੀ ਸਮਝ ਨਹੀਂ ਪਈ। ਪਰ ਉਹ ਤਾਂ ਇਸ ਗੱਲ ਨੂੰ ਵਾਰ-ਵਾਰ ਦੁਹਰਾਉਂਦੇ ਰਹਿੰਦੇ ਹਨ।

"ਸੋਚ-ਸਮਝਕੇ, ਜ਼ਿੰਦਗੀ 'ਚ ਪੈਰ ਰੱਖਣਾ ਚਾਹੀਦਾ ਹੈ। ਮੈਂ ਤੇਰੀ ਭਲਾਈ ਲਈ ਆਖਦਾ ਹਾਂ। ਬਾਹਰ ਜਾ ਕੇ ਦਰ-ਦਰ ਦੀਆ ਠੋਕਰਾਂ ਖਾਣ ਵਿਚ ਤੈਨੂੰ ਕੀ ਮਿਲੇਗਾ? ਮੈਂ

ਬਹੁਤ ਠੋਕਰਾਂ ਖਾ ਚੁੱਕਿਆ ਹਾਂ। ਸਿਆਣਾ ਆਦਮੀ ਉਹ ਹੈ ਜਿਹੜਾ ਦੂਜਿਆਂ ਦੇ ਤਜਰਬੇ ਤੋਂ ਕੁਝ ਸਿਖਦਾ ਹੈ।"

"ਮੈਂ ਵਪਾਰ ਨਹੀਂ ਕਰਾਂਗਾ, ਮੈਂ ਬਾਹਰ ਜਾਵਾਂਗਾ।''

"ਬਾਹਰ ਜਾ ਕੇ ਕਰੇਂਗਾ ਕੀ, ਕੁਝ ਦੱਸ ਵੀ ਸਹੀ?'"

"ਮੈਨੂੰ ਤਾਂ ਆਪ ਨਹੀਂ ਪਤਾ ਕੀ ਕਰਾਂਗਾ, ਪਰ ਮੈਂ ਇਥੇ ਨਹੀਂ ਰਹਾਂਗਾ।

"ਕਿਉਂ ਆਪ-ਖੁਆਰ ਹੁੰਦੈਂ ਅਤੇ ਮੈਨੂੰ ਵੀ ਖੁਆਰ ਕਰਦਾ ਹੈਂ? ਕੁਝ ਸੋਚ ਸਮਝਕੇ ਗੱਲ ਕਰਨੀ ਚਾਹੀਦੀ ਹੈ।" ਪਿਤਾ ਜੀ ਕੁਝ ਕੁ ਔਖੇ ਭਾਰੇ ਹੋਣ ਲਗੇ ਹਨ। ਭਰਾ ਆਪਣੀ ਜ਼ਿਦ ਨਹੀਂ ਛੱਡ ਰਿਹਾ। ਅਚਾਨਕ ਪਿਤਾ ਜੀ ਦੁਖੀ ਹੋ ਆਪਣੇ ਸਿਰ ਤੋਂ ਪੱਗ ਉਤਾਰ, ਆਪਣਾ ਚਿੱਟਾ ਸਿਰ ਭਰਾ ਦੇ ਸਾਹਮਣੇ ਝੁਕਾ ਦਿੰਦੇ ਹਨ "ਕੁਝ ਇਨ੍ਹਾਂ ਸਫੈਦ ਵਾਲਾਂ ਦਾ ਤਾਂ ਖਿਆਲ ਕਰ। ਹੁਣ ਮੈਂ ਬੁੱਢਾ ਹੋ ਚੱਲਿਆਂ ਹਾਂ। ਹੋਰ ਕਿੰਨੇ ਦਿਨ ਕੰਮ ਕਰੇਂਗਾ? ਮੇਰੇ ਉਤੇ ਵੀ ਕੁਝ ਤਰਸ ਕਰ।"

ਮੇਰਾ ਅੰਦਰ ਸੁੰਨ ਹੋ ਜਾਂਦਾ ਹੈ ਅਤੇ ਭਰਾ ਦੇ ਢੀਠ-ਪੁਣੇ ਉਤੇ ਗੁੱਸਾ ਆਉਣ ਲਗਦਾ ਹੈ। ਮੈਂ ਆਪਣੀਆਂ ਅੱਖਾਂ ਭਰਾ ਉਤੇ ਗੱਡ ਦਿੰਦਾ ਹਾਂ, ਪਰ ਉਹ ਤਾਂ ਉਵੇਂ ਹੀ ਬੈਠਾ ਹੈ।

"ਸਾਰਿਆਂ ਨੇ ਇਕ ਦਿਨ ਬੁੱਢਾ ਹੋਣਾ ਹੈ, ਪਿਤਾ ਜੀ, ਮੈਂ ਵੀ ਇਕ ਦਿਨ ਬੁੱਢਾ ਹੋ ਜਾਵਾਂਗਾ।"

ਮੈਂ ਭਰਾ ਨੂੰ ਨਰਦਈ ਸਮਝ ਰਿਹਾ ਹਾਂ। ਕੀ ਸੱਚ-ਮੁੱਚ ਉਸਦੇ ਅੰਦਰ ਤਰਸ ਨਹੀਂ?

"ਮੈਂ ਘਰੋਂ ਭੱਜ ਨਹੀਂ ਰਿਹਾ ਪਿਤਾ ਜੀ। ਮੈਂ ਸਿਰਫ ਵਪਾਰ ਛੱਡ ਰਿਹਾ ਹਾਂ। ਮੈਂ ਕੋਈ ਹੋਰ ਕੰਮ ਕਰਾਂਗਾ। ਤੁਸੀਂ ਵੀ ਤਾਂ ਨੌਕਰੀ ਛੱਡ ਕੇ ਵਪਾਰ ਕੀਤਾ ਸੀ।"

"ਮੇਰੀ ਹਸਤੀ ਹੀ ਕੀ ਸੀ? ਮੈਨੂੰ ਤਾਂ ਸਿਰਫ ਪੱਚੀ ਰੁਪਏ ਮਹੀਨਾ ਤਨਖਾਹ ਮਿਲਦੀ ਸੀ, ਕਲਰਕੀ ਕਰਦਾ ਸੀ।"

ਫੇਰ ਪਿਤਾ ਜੀ ਆਪਣੇ ਦੋਵੇਂ ਹੱਥ ਭਰਾ ਦੇ ਸਾਹਮਣੇ ਕਰ ਦਿੰਦੇ ਹਨ। ਪਿਤਾ ਜੀ ਦੇ ਦੋਵਾਂ ਹੱਥਾਂ ਤੇ ਐਗਜ਼ੀਮਾ ਹੋ ਗਿਆ ਹੈ। ਜਿਹੜਾ ਕੁਝ ਮਹੀਨਿਆ ਤੋਂ ਉਸ ਨੂੰ ਪਰੇਸ਼ਾਨ ਕਰ ਰਿਹਾ ਹੈ। "ਤੂੰ ਇੰਨਾ ਨਿਰਮੋਹੀ, ਹੋ ਗਿਆ? ਤੂੰ ਇਹ ਵੀ ਨਹੀਂ ਵੇਖ ਸਕਦਾ?" ਪਿਤਾ ਜੀ ਆਖਦੇ ਹਨ ਅਤੇ ਉਨ੍ਹਾਂ ਦਾ ਗੱਚ ਭਰ ਆਇਆ। ਮਾਂ ਕਮਰੇ 'ਚ ਆ ਗਈ, "ਵੇਖੋ ਜੀ, ਜੋ ਬੱਚੇ ਦੀ ਕਿਸਮਤ 'ਚ ਲਿਖਿਆ ਹੈ ਇਸ ਨੂੰ ਮਿਲ ਜਾਏਗਾ। ਤੁਸੀਂ ਇਸ ਨੂੰ ਕਿਉਂ ਰੋਕਦੇ ਹੋ? ਪੰਛੀਆਂ ਦੇ ਬੱਚਿਆਂ ਦੇ ਜਦੋਂ ਫੰਗ ਨਿਕਲ ਆਉਂਦੇ ਹਨ ਤਾਂ ਕੀ ਉਹ ਆਲ੍ਹਣਿਆਂ 'ਚ ਹੀ ਬੈਠੇ ਰਹਿੰਦੇ ਨੇ? ਓਹ ਉਡਾਰੀ ਮਾਰ ਕੇ ਨਿਕਲ ਜਾਂਦੇ ਨੇ।"

ਪਿਤਾ ਜੀ ਅੱਧ 'ਚ ਹੀ ਬੋਲ ਪਏ "ਤੂੰ ਵਿੱਚ ਬੋਲਣ ਲਈ ਕਿਉਂ ਆ ਗਈ?"

"ਵੇਖੋ ਜੀ, ਮੈਂ ਬੇਵਕੂਫ, ਅਨਪੜ੍ਹ, ਤੁਸੀਂ ਸਿਆਣੇ, ਸੁਘੜ, ਅਕਲਮੰਦ। ਪਰ ਸਿੱਧੀ ਜਿਹੀ ਗੱਲ ਹੈ। ਬੱਚਾ ਵਪਾਰ ਕਰਨਾ ਨਹੀਂ ਚਾਹੁੰਦਾ ਤਾਂ ਤੁਸੀਂ ਜਬਰਦਸਤੀ ਕਿਉਂ ਕਰਦੇ ਹੋ? ਤੁਸੀਂ ਆਪਣਾ ਫਰਜ਼ ਨਿਭਾ ਦਿਤਾ, ਇਨ੍ਹਾਂ ਦੀ ਪੜ੍ਹਾਈ-ਲਿਖਾਈ ਵਧੀਆ ਕਰਵਾ ਦਿੱਤੀ, ਆਪਣੇ ਪੈਰਾਂ ਤੇ ਖੜ੍ਹਾ ਹੋਣ ਜੋਗੇ ਬਣਾ ਦਿਤਾ। ਹੁਣ ਅੱਗੇ ਇਨ੍ਹਾਂ ਦੇ ਭਾਗ।"

ਪਿਤਾ ਜੀ ਬੁੜ-ਬੁੜਾ ਕੇ ਫਰਸ਼ ਵੱਲ ਵੇਖਣ ਲੱਗ ਪਏ। ਮਾਂ ਬੋਲੀ ਜਾ ਰਹੀ ਹੈ। "ਹੁਣ ਇਹ ਜਾਣਨ ਅਤੇ ਇਨ੍ਹਾਂ ਦਾ ਕੰਮ। ਬਣਾਉਣ ਜਾਂ ਵਿਗਾੜਨ ਅਸੀਂ ਕੌਣ ਹੁੰਦੇ ਹਾਂ ਵਿਚ ਬੋਲਣ ਵਾਲੇ। ਖਾਹ-ਮੁਖਾਹ ਆਪਣਾ ਮਨ ਕਲਪਾਉਂਦੇ ਹੋ ਅਤੇ ਬਣਦਾ-ਬਣਾਉਂਦਾ ਕੁਝ ਹੈ ਨਹੀਂ।"

"ਮੈਂ ਸਾਰੀ ਉਮਰ ਪਿਸਦਾ ਰਹਾਂ?", ਪਿਤਾ ਜੀ ਇਕਦਮ ਉੱਚੀ ਆਵਾਜ਼ ਵਿਚ ਬੋਲਦੇ ਹਨ "ਮੈਥੋਂ ਹੁਣ ਕੰਮ ਨਹੀਂ ਹੁੰਦਾ। ਨਹੀਂ ਕਰਦਾ ਤਾਂ ਨਾ ਕਰੇ, ਬਣਿਆ। ਬਣਾਇਆ ਕੰਮ ਠੱਪ ਹੋ ਜਾਏਗਾ ਮੈਨੂੰ ਕੀ।"

"ਹੁਣ ਕਿਉਂ ਦੁਖੀ ਹੁੰਦੇ ਓ ਜੀ, ਇਸ ਦਾ ਕੀ ਲਾਭ? ਉਹਨੇ ਜਾਣਾ ਹੈ, ਜ਼ਰੂਰ ਜਾਏਗਾ, ਤੁਹਾਡੇ ਰੋਕਿਆ ਰੁਕਣਾ ਨਹੀਂ। ਇਹਨੂੰ ਖੁਸ਼ੀ ਖੁਸ਼ੀ ਭੇਜੋ। ਮੈਂ ਕਿੰਨਾ ਚਾਹੁੰਦਾ ਹਾਂ ਕਿ ਘਰ ਵਿਚ ਸਾਰੇ ਕੰਮ ਸਹਿਜ ਸੁਭਾਵਕ ਹੋਣ। ਨਿੱਕਾ ਜਿਹਾ ਟੱਬਰ ਹੈ, ਲੈ ਦੇ ਕੇ ਦੋ ਤਾਂ

ਪੁੱਤਰ ਹਨ, ਪਰ ਨਹੀਂ।" ਅਚਾਨਕ ਮਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ ਅਤੇ ਉਹ ਪੱਲੇ ਨਾਲ ਅੱਖਾਂ ਪੂੰਝਣ ਲਗਦੀ ਹੈ। ਪਹਿਲਾਂ ਮਾਂ ਕਦੇ ਨਹੀਂ ਸੀ ਰੋਂਦੀ। ਹੁਣ ਉਸ ਦੀਆਂ ਅੱਖਾਂ ਬੜੀ ਛੇਤੀ ਭਰ ਆਉਂਦੀਆਂ ਹਨ। ਅਜਿਹੇ ਸਮੇਂ ਤੇ ਉਨ੍ਹਾਂ ਨੂੰ ਆਪਣੀਆਂ ਧੀਆਂ ਜ਼ਰੂਰ ਯਾਦ ਆਉਂਦੀਆਂ ਹਨ, ਜਿਹੜੀਆਂ ਇਕ ਇਕ ਕਰਕੇ ਚਲੀਆਂ ਗਈਆਂ ਸਨ, ਪਰ ਮਾਂ ਉਨ੍ਹਾਂ ਦਾ ਨਾਂ ਤੱਕ ਨਹੀਂ ਲੈਂਦੀ। ..

ਹੇਠਲੇ ਕਿਤਾਬਾਂ ਵਾਲੇ ਕਮਰੇ 'ਚ ਭਰਾ ਅਤੇ ਮੈਂ ਫ਼ਰਸ਼ੀ ਦਰੀ ਉਤੇ ਅੱਧ ਲੇਟੇ ਜਿਹੇ ਬੈਠੇ ਹਾਂ। ਭਰਾ ਨੇ ਕਾਗਜ਼ ਉਤੇ ਲਿਖਿਆ ਹੈ, "ਜਿਹੜਾ ਮਾਲ ਵਲਾਇਤ 'ਚੋਂ ਆਉਂਦਾ ਹੈ ਉਸ ਉਤੇ ਜਹਾਜ਼ ਅਤੇ ਬੀਮਾ ਆਦਿ ਦੇ ਸਾਰੇ ਖਰਚੇ ਮਿਲਾਕੇ ਭਾਅ ਦਿੱਤੇ ਜਾਂਦੇ ਹਨ। ਉਸ ਨੂੰ C. I. F. and C. I. ਕਹਿੰਦੇ ਹਨ। ਪਰ ਫ਼ਰਜ਼ ਕਰੋ ਮਾਲ ਬੰਬਈ ਪਿਆ ਹੈ। ਤੁਸੀਂ ਉਸ ਨੂੰ ਉਥੋਂ ਖਰੀਦਦੇ ਹੋ। ਵੇਚਣ ਵਾਲਾ ਉਸ ਦਾ ਭਾਅ F.O.R. ਬੰਬਈ ਲਿਖੇਗਾ, ਇਸ ਦਾ ਮਤਲਬ ਹੈ ਕਿ ਬੰਬਈ ਰੇਲ ਤੱਕ ਤਾਂ ਉਹ ਮਾਲ ਪੁਚਾਵੇਗਾ, ਅੱਗੇ ਦਾ ਰੇਲ ਖਰਚ ਅਤੇ ਹੋਰ ਖਰਚ ਤੁਸੀਂ ਦੇਵੋਗੇ।"

ਭਰਾ ਮੈਨੂੰ ਵਪਾਰ ਦੇ ਨਿਯਮ ਸਮਝਾ ਰਿਹਾ ਹੈ। ਅੱਜ ਰਾਤ ਨੂੰ ਉਹ ਲਾਹੌਰ ਚਲਿਆ ਜਾਵੇਗਾ। ਭਰਾ ਉਥੇ ਕੀ ਕਰੇਗਾ, ਇਹ ਗੱਲ ਅਜੇ ਵੀ ਉਸ ਦੇ ਮਨ 'ਚ ਸਾਫ਼ ਨਹੀਂ। ਪਿਤਾ ਜੀ ਮੈਨੂੰ ਕਿੰਨੀ ਵਾਰ ਇਕ ਪਾਸੇ ਬੁਲਾ ਕੇ ਪੁੱਛ ਚੁੱਕੇ ਹਨ ਕਿ ਤੂੰ ਉਸ ਤੋਂ ਪਤਾ ਕਰ ਕਿ ਉਹ ਲਾਹੌਰ ਜਾ ਕੇ ਕੀ ਕਰੇਗਾ, ਪਰ ਮੈਂ ਕੁਝ ਵੀ ਦੱਸ ਨਹੀਂ ਸਕਦਾ। ਉਹ ਅਖਬਾਰ ਕੱਢਣ, ਨਾਟਕ-ਖੇਡਣ, ਕਹਾਣੀਆਂ ਲਿਖਣ ਗੱਲ ਕੀ ਕਈ ਕਿਸਮ ਦੀਆਂ ਗੱਲਾਂ ਉਸ ਨੂੰ ਸੁਝਦੀਆਂ ਹਨ।

ਵਿਹੜੇ 'ਚੋਂ ਪਿਤਾ ਜੀ ਦੀ ਆਵਾਜ਼ ਆ ਰਹੀ ਹੈ। ਅੱਜ ਉਹ ਵਾਰ ਵਾਰ ਦਫ਼ਤਰ 'ਚੋਂ ਉਠ ਕੇ ਮਾਂ ਨੂੰ ਸੱਦਦੇ ਹਨ, "ਬਲਦੇਵ ਦੀ ਮਾਂ ਥੋੜ੍ਹੀਆਂ ਕੁ ਪਿੰਨੀਆਂ ਬਣਾ ਕੇ ਇਸ ਨੂੰ ਨਾਲ ਦੇ ਦੇ।"

"ਵੇਖੋ ਜੀ, ਤੁਸੀਂ ਕਿਹੋ ਜਹੀਆਂ ਗੱਲਾਂ ਕਰਦੇ ਹੋ। ਸੱਤ ਵਜੇ ਤਾਂ ਇਸ ਦੀ ਗੱਡੀ ਜਾਂਦੀ ਹੈ। ਹੁਣ ਮੈਂ ਪਿੰਨੀਆਂ ਬਣਾਉਣ ਲੱਗਾਂ? ਕੋਈ 'ਵੇਲਾ-ਵਕਤ ਵੀ ਵੇਖਿਆ ਕਰੋ।'

"ਮੈਂ ਕੋਈ ਮਾੜੀ ਗੱਲ ਆਖੀ ਐ, ਦੇਸੀ ਘਿਓ ਦੀਆਂ ਪਿੰਨੀਆਂ ਬੜੀਆਂ ਚੰਗੀਆਂ ਹੁੰਦੀਆਂ ਹਨ। ਕੋਲ ਹੋਣਗੀਆਂ ਤਾਂ ਸੌਖ ਰਹੇਗੀ।"

"ਵੇਖੋ ਜੀ ....." ਮਾਂ ਫਿਰ ਬੋਲਣ ਲਗਦੀ ਹੈ, ਪਰ ਪਿੱਛੇ ਖੜੀ ਭੈਣ ਵਿਦਿਆ ਪਹਿਲਾਂ ਵਾਂਗ ਉਸਦਾ ਪੱਲਾ ਖਿੱਚ ਕੇ ਉਸਨੂੰ ਫੁਸ ਫਸਾ ਕੇ ਕਹਿੰਦੀ ਹੈ, "ਤੂੰ ਕਹਿ ਦੇ ਮਾਂ, ਬਣਾ ਦੇਵਾਂਗੀ। ਬਹਿਸ ਕਰਨ ਦਾ ਕੀ ਲਾਭ? ਉਹ ਬਲਦੇਵ ਦਾ ਸਾਮਾਨ ਖੋਲ੍ਹ ਕੇ ਤਾਂ ਵੇਖਣ ਨਹੀਂ ਲੱਗ ਕਿ ਪਿੰਨੀਆਂ ਵਿੱਚ ਹਨ ਜਾਂ ਨਹੀਂ।"

"ਚੰਗਾ ਜੀ, ਹੋ ਸਕਿਆ ਤਾਂ ਬਣਾ ਦੇਵਾਂਗੀ।" ਪਿਤਾ ਜੀ ਸਾਡੇ ਕਮਰੇ ਦੀ ਦੋਹਲੀ ਤੇ ਖੜੇ ਹਨ। ਉਨ੍ਹਾਂ ਦੇ ਹੱਥ 'ਚ ਇਕ ਚੈਕ ਹੈ, "ਆਹ ਫੜ ਬਲਦੇਵ, ਇਸ ਨੂੰ ਇਕ-ਦਮ ਬੈਂਕ 'ਚ ਜਮ੍ਹਾਂ ਕਰਵਾ ਦੇਵੀਂ। ਮੈਂ ਬੈਂਕ ਦੇ ਮੈਨੇਜਰ ਨੂੰ ਵੀ ਲਿਖ ਦੇਵਾਂਗਾ। ਤੰਗੀ ਨਾ ਕੱਟੀਂ। ਪਰਦੇਸ ਵਿਚ ਖਰਚ ਹੁੰਦੇ ਹਨ, ਉਥੇ ਬਹੁਤੀ ਕਿਫਾਇਤ ਨਾ ਕਰੀਂ।"

ਭਰਾ ਨੇ ਚੈਕ ਲੈ ਲਿਆ।

ਪਿਤਾ ਜੀ ਦਫ਼ਤਰ 'ਚ ਚਲੇ ਜਾਂਦੇ ਹਨ, ਪਰ ਮਿੰਟ ਕੁ ਮਗਰੋਂ ਵਾਪਸ ਆ ਜਾਂਦੇ ਹਨ। ਉਨ੍ਹਾਂ ਕੋਲ ਕਾਫੀ ਸਾਰੇ ਪੋਸਟ-ਕਾਰਡ ਹਨ। ਆਪਣੀ ਪੁਰਾਣੀ ਆਦਤ ਅਨੁਸਾਰ, ਉਨ੍ਹਾਂ ਕਾਰਡਾਂ ਨੂੰ ਭਰਾ ਨੂੰ ਫੜਾਉਂਦਿਆਂ ਕਹਿੰਦੇ ਹਨ, ' ਲੈ, ਇਹ ਪੰਦਰਾਂ ਪੋਸਟ-ਕਾਰਡ ਹਨ। ਹਰ ਤੀਜੇ-ਚੌਥੇ ਦਿਨ ਇਕ ਪੋਸਟ-ਕਾਰਡ ਡਾਕ 'ਚ ਪਾ ਦਿਆ ਕਰੀਂ। ਮੈਂ ਇਸ ਉਤੇ ਸਾਰਾ ਕੁਝ ਲਿਖ ਦਿੱਤਾ ਹੈ, ਜੇਕਰ ਤੂੰ ਆਪਣੇ ਕੋਲੋਂ ਕੁਝ ਲਿਖਣਾ ਹੋਵੇ ਤਾਂ ਹੇਠਾਂ ਕੁਝ ਥਾਂ ਛੱਡ ਦਿੱਤੀ ਹੈ।'

ਮੈਨੂੰ ਬੜੀ ਹੈਰਾਨੀ ਹੁੰਦੀ ਹੈ। ਸਾਰੇ ਕਾਰਡਾਂ ਉਤੇ ਇਕ ਹੀ ਵਾਕ ਲਿਖਿਆ ਹੈ, ਇਕ ਹੀ ਇਬਾਰਤ ਹੈ : "ਪਿਤਾ ਜੀ, ਮੈਂ ਰਾਜੀ-ਖੁਸ਼ੀ ਹਾਂ, ਫਿਕਰ ਨਾ ਕਰਨਾ।" ਹੇਠਾਂ ਨਾਂ

ਵੀ ਲਿਖ ਦਿੱਤਾ ਗਿਆ ਹੈ .... ਬਲਦੇਵ ਸਾਰੇ ਪੋਸਟ-ਕਾਰਡਾਂ ਉਤੇ ਪਿਤਾ ਜੀ ਨੇ ਆਪਣਾ ਪਤਾ ਵੀ ਲਿਖ ਦਿੱਤਾ ਹੈ।

“ਤੁਹਾਨੂੰ ਮੈਂ ਭਲੀ ਭਾਂਤ ਜਾਣਦਾ ਹਾਂ। ਚਿੱਠੀ ਲਿਖਣ 'ਚ ਤੁਸੀਂ ਦੋਵੇਂ ਭਰਾ ਬੜੇ ਸੁਸਤ ਹੋ। ਪਰ ਇੰਨਾਂ ਤਾਂ ਕਰ ਲਿਆ ਕਰੇਂਗਾ ਨਾ, ਜਾਂ ਇਹ ਵੀ ਨਹੀਂ ਕਰੋਗੇ?”

ਭਰਾ ਪੋਸਟ-ਕਾਰਡ ਲੈ ਕੇ ਜੇਬ 'ਚ ਪਾ ਲੈਂਦਾ ਹੈ।

"ਅੰਦਰਲੀ ਜੇਬ 'ਚ ਪਾ ਲੈ।" ਪਿਤਾ ਜੀ ਕਹਿੰਦੇ ਹਨ।

"ਇਥੇ ਠੀਕ ਨੇ, ਪਿਤਾ ਜੀ।"

"ਨਹੀਂ, ਤੂੰ ਇਨ੍ਹਾਂ ਨੂੰ ਅੰਦਰਲੀ ਜੇਬ 'ਚ ਪਾ ਲੈ।"

“ਚੰਗਾ ਜੀ, ਮੈਂ ਪਾ ਲਵਾਂਗਾ।"

“ਨਹੀਂ ਤੂੰ ਹੁਣੇ ਮੇਰੇ ਸਾਹਮਣੇ ਪਾ..... ਬੱਸ ਠੀਕ ਹੈ।”

ਮੇਰੀ ਨਿਗਾਹ ਵਿਹੜੇ ਤੋਂ ਪਾਰ ਡਿਉਢੀ ਵੱਲ ਜਾਂਦੀ ਹੈ। ਡਿਉਢੀ ਦੀ ਦੇਹਲੀ ਉਤੇ ਤੁਲਸੀ ਰਾਮ ਖੜ੍ਹਾ ਹੈ। ਕੋਟੀ ਅਤੇ ਛੋਟੀ ਜਹੀ ਗਠੜੀ ਚੁੱਕੀ ਹੋਈ ਹੈ ਅਤੇ ਉਸ ਦੇ ਨਾਲ ਇਕ ਸੱਤ ਅੱਠ ਕੁ ਵਰ੍ਹਿਆਂ ਦਾ ਮੁੰਡਾ ਹੈ।

"ਤੁਲਸੀ!" ਮੈਂ ਉੱਚੀ ਜਿਹੇ ਕਹਿੰਦਾ ਹਾਂ ਅਤੇ ਉਠ ਕੇ ਉਸ ਦੇ ਕੋਲ ਪਹੁੰਚ ਜਾਂਦਾ ਹਾਂ।

ਤੁਲਸੀ ਅੱਗੇ ਵੱਧ ਕੇ ਸੋਟੀ ਅਤੇ ਗਠੜੀ ਫਰਸ਼ ਉਤੇ ਰੱਖ, ਦੋਵੇਂ ਹੱਥ ਪਿਤਾ ਜੀ ਦੇ ਪੈਰਾਂ ਨੂੰ ਲਾਉਂਦਾ ਹੈ।

"ਪਿੰਡੋਂ ਕਦ ਆਇਆ ਤੁਲਸੀ?" ਪਿਤਾ ਜੀ ਬੇਰੁਖੀ ਨਾਲ ਪੁੱਛਦੇ ਹਨ ਅਤੇ ਬਿਨਾਂ ਉੱਤਰ ਦੀ ਉਡੀਕ ਕੀਤਿਆਂ ਦਫਤਰ ਵੱਲ ਤੁਰ ਜਾਂਦੇ ਹਨ।

ਬੈਂਕ ਦੀ ਨੌਕਰੀ 'ਚੋਂ ਕੱਢ ਦਿਤੇ ਜਾਣ ਮਗਰੋਂ ਤੁਲਸੀ ਆਪਣੇ ਪਿੰਡ ਚਲਿਆ ਗਿਆ ਸੀ। ਲਗਦਾ ਹੈ ਜਿਵੇਂ ਉਹ ਉਥੋਂ ਦੁਖੀ ਹੋ ਕੇ ਮੁੜ ਆਇਆ ਹੈ। ਸੱਤ-ਅੱਠ ਵਰ੍ਹਿਆਂ ਦਾ

ਮੁੰਡਾ ਅਜੇ ਵੀ ਡਰਿਆ ਜਿਹਾ ਡਿਉਢੀ 'ਚ ਖੜ੍ਹਾ ਹੈ। ਤੁਲਸੀ ਦਫ਼ਤਰ ਤੋਂ ਬਾਹਰ ਫਿਰ ਹੱਥ ਜੋੜੀ ਜੌੜੀ ਦਰਵਾਜੇ ਦੀ ਚੌਗਾਠ ਦਾ ਸਹਾਰਾ ਲਈ ਖੜਾ ਹੈ। ਤੁਲਸੀ ਹੁਣ ਗੱਲ ਗੱਲ ਉਤੇ ਹੱਥ ਬੰਨ੍ਹ ਦਿੰਦਾ ਹੈ।

"ਮਾਤਾ ਜੀ ਠੀਕ ਹਨ?"

"ਚੰਗੀ ਹੈ, ਚੰਗੀ ਹੈ, ਠੀਕ ਐ।" ਪਿਤਾ ਜੀ ਕੁਰਸੀ ਉੱਤੇ ਬੈਠੇ ਵਾਰ ਵਾਰ, ਗੋਡਾ ਹਿਲਾਉਂਦੇ ਹੋਏ ਕਹਿ ਰਹੇ ਹਨ। ਜਦੋਂ ਵੀ ਪਿਤਾ ਜੀ ਬੈਠੇ ਬੈਠੇ ਗੋਡਾ ਹਿਲਾਉਣ ਲਗਦੇ ਹਨ, ਤਾਂ ਅਸੀਂ ਸਮਝ ਜਾਂਦੇ ਹਾਂ ਕਿ ਉਨ੍ਹਾਂ ਨੂੰ ਕੋਈ ਗੱਲ ਪਰੇਸ਼ਾਨ ਕਰਦੀ ਹੈ। ਉਨ੍ਹਾਂ ਨੂੰ ਇਸ ਵੇਲੇ ਤੁਲਸੀ ਦਾ ਆਉਣਾ ਚੰਗਾ ਨਹੀਂ ਲੱਗ ਰਿਹਾ।

"ਵਿੱਦਿਆ ਭੈਣ ਦੀ ਚਿੱਠੀ ਆਉਂਦੀ ਹੈ ਜੀ?"

"ਵਿੱਦਿਆ ਉੱਪਰ ਹੈ, ਜਾ ਮਿਲ ਲੈ।"

ਤੁਲਸੀ ਥੱਕਿਆ ਅਤੇ ਲਿੱਸਾ ਜਿਹਾ ਲਗਦਾ ਹੈ। ਉਹ ਨੂੰ ਇਹ ਦਸਦਿਆਂ ਮੈਨੂੰ ਝਿਜਕ ਜਹੀ ਹੋ ਰਹੀ ਹੈ ਕਿ ਭਰਾ ਬਾਹਰ ਜਾ ਰਿਹਾ ਹੈ, ਜ਼ਿੰਦਗੀ 'ਚ ਆਪਣਾ ਰਾਹ ਬਣਾਉਣ ਜਦੋਂ ਕਿ ਤੁਲਸੀ ਦਾ ਰਾਹ ਕਈ ਸਾਲ ਪਹਿਲਾਂ ਹੀ ਟੁੱਟ-ਫੁੱਟ ਕੇ ਖਤਮ ਹੋ ਚੁੱਕਿਆ ਹੈ।

ਤੁਲਸੀ ਪੌੜੀਆਂ ਵੱਲ ਮੁੜਦਾ ਹੈ। ਮਾਤਾ ਜੀ ਹੇਠਾਂ ਵਲ ਆ ਰਹੀ ਹੈ। ਤੁਲਸੀ ਨੂੰ ਵੇਖ ਕੇ ਰੁਕ ਜਾਂਦੀ ਹੈ, 'ਆ ਤੁਲਸੀ, ਬੜੇ-ਦਿਨਾਂ ਮਗਰੋਂ ਚੱਕਰ ਲਾਇਆ।"

ਤੁਲਸੀ ਅੱਗੇ ਵੱਧ ਕੇ ਦੋਵਾਂ ਹੱਥਾਂ ਨਾਲ ਮਾਂ ਦੇ ਪੈਰ ਛੂੰਹਦਾ ਹੈ।

"ਇਹ ਤੇਰਾ ਪੁੱਤਰ ਹੈ?"

"ਮਾਂ ਦੇ ਪੈਰੀਂ ਪੈ।"

ਵੇਦ ਬੜੀ ਫੁਰਤੀ ਨਾਲ ਮਾਤਾ ਜੀ ਦੇ ਪੈਰੀਂ ਪੈਂਦਾ ਹੈ। ਮਾਂ ਹੱਸ ਪੈਂਦੀ ਹੈ।

"ਬਾਪ ਤੋਂ ਫੁਰਤੀਲਾ ਹੈ। ਜਿਉਂਦਾ ਰਹੇ।"

ਪਿਤਾ ਜੀ ਫਿਰ ਇਕ ਚਿੱਠੀ ਫੜੀ ਦਫ਼ਤਰ ਤੋਂ ਬਾਹਰ ਆ ਗਏ ਹਨ ਅਤੇ ਭਰਾ ਨੂੰ ਬੁਲਾ ਰਹੇ ਹਨ, “ਸਾਰਾ ਸਾਮਾਨ ਸੰਭਾਲ ਲਿਆ ਬਲਦੇਵ? ਆਹ ਇਕ ਚਿੱਠੀ ਸੰਭਾਲ ਲੈ। ਲਾਹੌਰ ਦੇ ਆਰੀਆ ਸਮਾਜ ਦੇ ਪ੍ਰਧਾਨ ਦੇ ਨਾਂ ਹੈ। ਉਨ੍ਹਾਂ ਨੂੰ ਜ਼ਰੂਰ ਮਿਲ ਲੈਣਾ। ਉਹ ਤੇਰੀ ਹਰ ਤਰ੍ਹਾਂ ਦੀ ਮਦਦ ਕਰਦੇ ਰਹਿਣਗੇ।”

ਇਸ ਮਗਰੋਂ ਉਹ ਫਿਰ ਦਫ਼ਤਰ 'ਚ ਚਲੇ ਗਏ।

“ਬਲਦੇਵ ਜੀ ਕਿੱਥੇ ਜਾ ਰਹੇ ਹਨ?" ਤੁਲਸੀ ਮੈਨੂੰ ਹੌਲੀ ਜਿਹੇ ਪੁੱਛਦਾ ਹੈ।

"ਲਾਹੌਰ ਜਾ ਰਿਹਾ ਹੈ।”

ਤੁਲਸੀ ਦੇ ਚਿਹਰੇ ਉਤੇ ਕੋਈ ਭਾਵ ਨਹੀਂ ਆਇਆ। ਉਹ ਸਿਰ ਜਿਹਾ ਹਿਲਾ ਕੇ ਮੇਰੇ ਕੋਟ ਦੇ ਬਟਨ ਨੂੰ ਹੱਥ ਲਾਉਂਦਾ ਹੋਇਆ ਕਹਿੰਦਾ ਹੈ, “ਵੇਦ ਨੂੰ ਲੈ ਕੇ ਆਇਆ ਹਾਂ। ਇਸ ਨੂੰ ਨੌਕਰ ਰੱਖ ਲਵੋ। ਹੁਣ ਪਿਤਾ ਜੀ ਨੂੰ, ਛੋਟੇ ਬਾਬੂ ਤੁਸੀਂ ਕਹੋ, ਮੇਰੇ ਕਹਿਣ ਤੇ ਤਾਂ ਉਹ ਗੁੱਸੇ ਹੋ ਜਾਂਦੇ ਹਨ।"

"ਤੂੰ ਅੱਜ ਕੱਲ ਕੀ ਕਰਦੈਂ?”

"ਮੈਂ ਵੀ ਕੋਈ ਛੋਟਾ-ਮੋਟਾ ਕੰਮ ਇਧਰ ਲੱਭ ਲਵਾਂਗਾ। ਪਿਤਾ ਜੀ ਦੀ ਮਿਹਰ ਬਣੀ ਰਹੇ।”

"ਤੂੰ ਆਪਣੇ ਪੁੱਤ ਨੂੰ ਆਪਣੇ ਕੋਲ ਕਿਉਂ ਨਹੀਂ ਰਖਦਾ?"

“ਇਥੇ ਰਹੇਗਾ ਤਾਂ ਕੁਝ ਪੜ੍ਹ-ਲਿਖ ਜਾਊਗਾ, ਚੰਗੀਆਂ ਗੱਲਾਂ ਸਿਖੇਗਾ। ਪੜ੍ਹ ਲਿਖ ਜਾਵੇਗਾ!" ਲਗਦਾ ਹੈ ਜਿਵੇਂ ਤੁਲਸੀ ਵਿਅੰਗ 'ਚ ਕਹਿ ਰਿਹਾ ਹੈ।

ਉਪਰ ਜੰਗਲੇ ਉੱਤੇ ਭੈਣ ਖੜ੍ਹੀ ਹੈ, "ਓਹ ਤੁਲਸੀ ਆਇਆ ਹੈ।” ਉਹ ਕਹਿੰਦੀ ਹੈ ਅਤੇ ਛੇਤੀ ਛੇਤੀ ਪੌੜੀਆਂ ਉੱਤਰ ਕੇ ਹੇਠਾਂ ਆ ਜਾਂਦੀ ਹੈ, "ਤੂੰ ਕਦੋਂ ਆਇਆ ਤੁਲਸੀ? ਤੈਨੂੰ ਤਾਂ ਵੇਖਿਆ ਦਸ ਬਾਰਾਂ ਸਾਲ ਹੋ ਗਏ ਹੋਣਗੇ। ਇਹ ਮੁੰਡਾ ਹੈ ਤੇਰਾ?..... ਇਹ ਵੀ ਦਾਲ ਨਾਲ ਸਿਰ ਧੋਂਦਾ ਹੈ ਜਿਵੇਂ ਤੂੰ ਧੋਂਦਾ ਹੁੰਦਾ ਸੀ।”

ਭੈਣ ਉੱਚੀ ਜਿਹੇ ਹੱਸ ਪੈਂਦੀ ਹੈ, ਅਤੇ ਭੈਣ ਵਰਿਆਂ ਪਹਿਲਾਂ ਦੀਆਂ ਗੱਲਾਂ ਯਾਦ ਕਰਕੇ ਨਕਲ ਲਾਹੁਣ ਲਗਦੀ ਹੈ, 'ਡੱਡੂ ਭਨਾਨੇ ਤੇ ਤਕਾਅ ਲਾਲਾ ਕੀ ਕੀਤਾ ਐ।"

ਪਿਤਾ ਜੀ ਦੇ ਕੰਨਾਂ ਵਿਚ ਇਸ ਮਸਤ-ਮਲੰਗ, ਖੁੱਲੀ-ਡੁੱਲ੍ਹੀ ਹਾਸੀ ਖੇਲ ਦੀ ਆਵਾਜ਼ ਪੈ ਗਈ, ਉਹ ਦਫ਼ਤਰ 'ਚੋਂ ਬਾਹਰ ਨਿਕਲ ਆਏ ਹਨ।

"ਤੁਸੀਂ ਕੋਈ ਕੰਮ ਵੀ ਕਰਨ ਦੇਵੋਗੇ ਜਾਂ ਨਹੀਂ? ਜਾ ਤੁਲਸੀ ਡਿਉਢੀ 'ਚ ਜਾ ਕੇ ਬੈਠ।"

ਤੁਲਸੀ ਚੁਪ-ਚਾਪ ਆਪਣੇ ਪੁੱਤ ਨੂੰ ਲੈ ਕੇ ਡਿਉਢੀ 'ਚ ਚਲਿਆ ਗਿਆ। ਡਿਉਢੀ ਦੀ ਦੇਹਲੀ ਉਤੇ ਬੈਠਾ ਉਹ ਪਹਿਲੀ ਵਾਰ ਬਿਲਕੁਲ ਬਾਹਰੋਂ ਆਇਆ ਓਪਰਾ ਬੰਦਾ ਲਗਦਾ ਹੈ।

ਪਿਤਾ ਜੀ ਆਪਣੇ ਦਫ਼ਤਰ 'ਚ ਮੁੜ ਚਲੇ ਗਏ। ਮਾਂ ਪਹਿਲਾਂ ਤੋਂ ਹੀ ਕੌਂਚ ਉਤੇ ਬੈਠੀ ਹੈ। ਹੁਣ ਵਿੱਦਿਆ ਭੈਣ ਵੀ ਉਨ੍ਹਾਂ ਕੋਲ ਆ ਕੇ ਬੈਠ ਗਈ।

"ਮਾਤਾ ਜੀ, ਤੁਲਸੀ ਆਪਣੇ ਪੁੱਤਰ ਨੂੰ ਨੌਕਰ ਰਖਵਾਉਣ ਲਈ ਲੈ ਕੇ ਆਇਆ ਹੈ।" ਮੈਂ ਹੌਲੀ ਦੇਣੇ ਜਿਹੇ ਮਾਤਾ ਜੀ ਦੇ ਕੰਨ 'ਚ ਕਹਿੰਦਾ ਹਾਂ। ਮਾਤਾ ਜੀ ਫੇਰ ਹੱਸ ਪੈਂਦੀ ਹੈ। "ਇਹਨੂੰ ਵੀ ਹੋਰ ਕੋਈ ਘਰ ਨਹੀਂ ਮਿਲਦਾ। ਮੁੜ-ਘਿੜਕੇ ਇੱਥੇ ਹੀ ਪਹੁੰਚ ਜਾਂਦਾ ਹੈ।"

ਪਿਤਾ ਜੀ ਨੇ ਇਹ ਕੁਝ ਸੁਣ ਲਿਆ। ਸਿਰ ਚੁੱਕ ਕੇ ਆਖਦੇ ਹਨ, "ਨਾਂ ਹੀ ਨਾ ਲਵੋ। ਉਹ ਤਾਂ ਪਹਿਲਾਂ ਹੀ ਘਰੋਂ ਨਿਕਲਣ ਦਾ ਨਾਂ ਨਹੀਂ ਲੈਂਦਾ। ਹਰ ਤੀਜੇ ਦਿਨ ਇਥੇ ਆ ਜਾਂਦੈ। ਹੁਣ ਉਹ ਫਿਰ 'ਚਿੱਚੜੀ' ਵਾਂਗ ਚਿੰਬੜ ਜਾਵੇਗਾ। ਤੁਰਦਾ ਕਰੋ ਇਸ ਨੂੰ। ਤੁਸੀਂ ਨਹੀਂ ਆਖਦੇ ਤਾਂ ਮੈਂ ਇਸ ਨੂੰ ਕਹਿ ਦਿਆਂਗਾ।" ਜਿਵੇਂ ਉਹ ਕਹਿਣ ਲਈ ਉਠਦੇ ਹੋਣ।

"ਵੇਖੋ ਜੀ, ਅੱਜ ਦੇ ਦਿਹਾੜੇ ਕਿਸੇ ਨੂੰ ਫਟਕਾਰਨਾ ਨਹੀਂ, ਕੁਝ ਸੋਚ-ਸਮਝ ਕੇ ਕਰਿਆ ਕਰੋ। ਤੁਹਾਡਾ ਪੁੱਤਰ ਅੱਜ ਬਾਹਰ ਜਾ ਰਿਹੈ। ਕੁਝ ਤਾਂ ਸੋਚੋ। "

ਹੁਣ ਮਾਂ ਆਪਣੀ ਨਵੀਂ ਆਦਤ ਅਨੁਸਾਰ ਨੱਕ ਚੜਾਕੇ ਅਤੇ ਹੱਥ ਝਟਕ ਕੇ,ਭੈਣ ਵੱਲ ਵੇਖਣ ਲੱਗ ਪਈ।

"ਮੈਂ ਕੀ ਆਖਿਐ?..... ਚੰਗਾ, ਹੁਣ ਬੋਲਣਾ ਨਾ, ਮੈਨੂੰ ਚਿੱਠੀ ਖਤਮ ਕਰ ਲੈਣ ਦਿਓ।" ਅਤੇ ਉਹ ਫਿਰ ਸਿਰ-ਝੁਕਾ ਕੇ ਚਿੱਠੀ ਲਿਖਣ ਲੱਗ ਜਾਂਦੇ ਹਨ। ਇਸ ਵਿਚਕਾਰ ਬਲਦੇਵ ਵੀ ਕਮਰੇ 'ਚ ਆ ਗਿਆ। ਮਾਂ ਅਤੇ ਭੈਣ ਫਿਰ ਘੁਸਰ-ਮੁਸਰ ਕਰਨ ਲੱਗ ਪਈਆਂ, "ਤੁਲਸੀ ਦੇ ਮੁੰਡੇ ਨੂੰ ਤਾਂ ਮੈਂ ਰੱਖ ਲਵਾਂਗੀ।" ਭੈਣ ਨੇ ਆਖਿਆ, "ਰਾਜੀਵ ਨੂੰ ਘੁੰਮਾ ਫਿਰਾ ਲਿਆਇਆ ਕਰੇਗਾ।"

"ਰੱਖ ਲਓ, ਮਾੜਾ ਕੀ ਐ, ਜਾਣ-ਪਹਿਚਾਣ ਵਾਲਾ ਮੁੰਡਾ ਹੈ।"

ਭੈਣ ਹੁਣ ਤੁਲਸੀ ਦੀ ਕਿਸੇ ਪੁਰਾਣੀ ਗੱਲ ਨੂੰ ਯਾਦ ਕਰਕੇ ਹੱਸਣ ਲੱਗੀ ਹੈ।

ਬਲਦੇਵ ਨੂੰ ਵੇਖ ਮੈਂ ਗੁਆਚਿਆ ਜਿਹਾ ਮਹਿਸੂਸ ਕਰਨ ਲੱਗਾ। ਅਸੀਂ ਆਪਸ ਵਿਚ ਇਕ ਯੋਜਨਾ ਬਣਾ ਲਈ ਹੈ ਕਿ ਦਸੰਬਰ ਮਹੀਨੇ 'ਚ ਮੈਂ ਲਾਹੌਰ ਜਾਵਾਂਗਾ ਅਤੇ ਅਸੀਂ ਪੂਰਾ ਮਹੀਨਾ ਇਕੱਠੇ ਰਹਾਂਗੇ ਅਤੇ ਖੂਬ ਫਿਰਾਂ-ਤੁਰਾਂਗੇ, ਪਰ ਇਸ ਦੇ ਬਾਵਜੂਦ ਵੀ ਮੈਨੂੰ ਅੰਦਰ ਹੀ ਅੰਦਰ ਕਿਸੇ ਚੀਜ਼ ਦੇ ਟੁੱਟਣ ਦਾ ਅਹਿਸਾਸ ਜਿਹਾ ਹੋ ਰਿਹਾ ਹੈ।

ਪਿਤਾ ਜੀ ਚਿੱਠੀ ਨੂੰ ਲਿਫ਼ਾਫੇ 'ਚ ਪਾ ਕੇ ਲਿਫਾਫਾ ਬੰਦ ਕਰ ਰਹੇ ਹਨ। ਫੇਰ ਸਿਰ ਨੂੰ ਟੇਡਾ ਕਰਕੇ ਘੜੀ ਵੱਲ ਵੇਖਦੇ ਹਨ। ਮਾਂ ਤੇ ਭੈਣ ਦੋਵੇਂ ਚੁੱਪ ਹਨ।

"ਤੁਹਾਡੀਆਂ ਗੱਲਾਂ ਨੇ ਦੇਰ ਕਰਵਾ ਦਿੱਤੀ।" ਅਤੇ ਉਹ ਗੁੱਸੇ 'ਚ ਸਿਰ ਹਿਲਾਉਣ ਲੱਗੇ ਹਨ 'ਅੱਜ ਚਿੱਠੀ ਨਿਕਲ ਜਾਂਦੀ ਤਾਂ ਠੀਕ ਸੀ।" ਫਿਰ ਉਹ ਇਕ ਦਮ ਕੁਰਸੀ ਤੋਂ ਉੱਠਕੇ ਤੁਲਸੀ ਨੂੰ ਸੱਦਦੇ ਹਨ। ਤੁਲਸੀ ਭੱਜਿਆ ਭੱਜਿਆ ਆਉਂਦਾ ਹੈ, "ਭੱਜ ਕੇ ਜਾ ਅਤੇ ਇਹ ਦੋ ਚਿੱਠੀਆਂ ਸ਼ਹਿਰ ਵਾਲੇ ਡਾਕਖਾਨੇ 'ਚ ਪਾ ਆ। ਜਲਦੀ ਕਰ! ਮੇਰੇ ਵੱਲ ਕੀ ਵੇਖ ਰਿਹਾ ਹੈਂ?"

0

ਅੰਦਰ ਕੌਚ ਤੇ ਬੈਠੀ ਮਾਂ ਹੱਸਦੀ ਹੈ ਅਤੇ ਫਿਰ ਨੱਕ ਚੜ੍ਹਾ ਕੇ ਹੱਥ ਨੂੰ ਝਟਕ ਦਿੰਦੀ ਹੈ।

ਚੰਨ-ਚਾਨਣੀ ਨਿੱਖਰ ਆਈ ਹੈ, ਉਵੇਂ ਹੀ ਜਿਵੇਂ ਮੁੱਢ ਕਦੀਮ ਤੋਂ ਹਰ ਸਾਲ ਇਸ ਰੁੱਤ ਵਿੱਚ ਨਿਖਰਦੀ ਹੈ। ਛੱਤ ਉਤੇ ਪਿਆ, ਤਾਰਿਆਂ ਦੇ ਅਨੰਤ ਵਿਸਥਾਰ ਵਿਚ ਇਉਂ ਲਗਦਾ ਹੈ ਜਿਵੇਂ ਕਿ ਤਾਰਿਆਂ ਦਾ ਘੱਟਾ ਵਿਖਰਿਆ ਹੋਇਆ ਹੈ। ਠੰਡੇ ਬਿਸਤਰੇ ਉਤੇ ਪਿਆਂ ਪਿਆਂ, ਨਾ ਚਾਹੁੰਦਿਆਂ ਵੀ ਅੱਖਾਂ ਮੱਲੋ ਮੱਲੀ ਉਨ੍ਹਾਂ ਨੂੰ ਵੇਖੀ ਜਾ ਰਹੀਆਂ ਹਨ। ਇਕ ਤਾਰੇ ਨੂੰ ਪੂਰੀ ਗਹੁ ਨਾਲ ਵੇਖੀਏ ਤਾਂ ਉਹ ਅੱਖਾਂ ਝਪਕਣ ਲਗਦਾ ਹੈ। ਤਾਰੇ ਦਾ ਰੰਗ ਕਦੀ ਗੁਲਾਬੀ ਅਤੇ ਕਦੇ ਹਰਾ ਲੱਗਣ ਲਗਦਾ ਹੈ।

ਮੁਹੱਲੇ ਵਿਚ ਚੌਂਕਾ-ਚੁੱਲਾ ਸੰਭਾਲਣ ਤੋਂ ਪਹਿਲਾਂ ਦੀਆਂ ਆਵਾਜ਼ਾਂ ਆ ਰਹੀਆਂ ਹਨ। ਪਿਛਵਾੜੇ 'ਚ ਕਿਸੇ ਨੂੰ ਤੇਹ ਲੱਗੀ ਹੈ ਅਤੇ ਉਹ ਝੱਕਰੀ 'ਚੋਂ ਪੀਣ ਲਈ ਪਾਣੀ ਲੈ ਰਿਹਾ ਹੈ। ਛੱਤਾਂ ਉਤੇ ਸੌਣ ਲਈ ਮੰਜੀਆਂ ਵਿਛਾਈਆਂ ਜਾ ਰਹੀਆਂ ਹਨ। ਕਿਤੋਂ ਰੋਟੀਆਂ ਦੇ ਛਾਬੇ ਤੇ ਕਿਤੋਂ ਦਹੀ ਜਮਾਉਣ ਦੇ ਭਾਂਡੇ ਨੂੰ ਉੱਪਰ ਲਿਆਉਣ ਦੀ ਖੜਕ ਆ ਰਹੀ ਹੈ। ਪਿਛਵਾੜਿਓਂ, ਦੋ ਘਰ ਛੱਡ ਤੀਜੇ ਘਰ ਦੀ ਛੱਤ ਤੋਂ ਕਿਸੇ ਪੁਰਾਣੀ ਖੇਡ ਦੀਆਂ ਆਵਾਜ਼ਾਂ ਆ ਰਹੀਆ ਹਨ। ਕੁਝ ਬੱਚੇ ਗਾ ਰਹੇ ਹਨ.......

"ਫੁੱਲਾਂ ਵਿਚ ਅਸੀਂ ਆਉਂਦੇ ਹਾਂ, ਆਉਂਦੇ ਹਾਂ,
ਠੰਡੀ ਰੁੱਤ ਵਿਚ, ਠੰਡੀ ਰੁੱਤ ਵਿਚ!
ਤੁਸੀਂ ਕਿਸਨੂੰ ਲੈਣ ਆਉਂਦੇ ਹੋ, ਆਉਂਦੇ ਹੋ!
ਠੰਡੀ ਰੁੱਤੇ।"

ਆਵਾਜ਼ਾਂ ਬਾਬੂ ਈਸ਼ਵਰ ਦਾਸ ਦੇ ਘਰ ਦੀ ਛੱਤ ਤੋਂ ਆ ਰਹੀਆਂ ਹਨ। ਵਿੱਦਿਆ ਭੈਣ ਦਾ ਪੁੱਤਰ ਰਾਜੀਵ ਵੀ ਉਥੇ ਖੇਡਣ ਗਿਆ ਹੈ। ਤੁਲਸੀ ਦਾ ਪੁੱਤਰ ਉਸ ਦੀ ਦੇਖਭਾਲ ਲਈ ਉਸ ਦੇ ਨਾਲ ਹੈ। ਬੱਚਿਆਂ ਦੀਆਂ ਆਵਾਜ਼ਾਂ 'ਚ ਮੈਂ ਰਾਜੀਵ ਦੀ ਆਵਾਜ਼ ਪਹਿਚਾਨਣ ਦੀ ਕੋਸ਼ਿਸ਼ ਕਰ ਰਿਹਾ ਹਾਂ।

0